ਵਰਿਮਾਮ

੪੪ਵਾਂ ਸਾਲ

ਸਤੰਬਰ-੨੦੧੯

ਮੁਬੰਈ ਵਿਖੇ 'ਸੰਗੀਤ ਸਰੂਪ ਸਤਿਗੁਰ' ਫ਼ਿਲਮ ਦੇ ਪ੍ਰਦਰਸ਼ਨ ਤੋਂ ਪਹਿਲਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪੋਸਟਰ ਤੋਂ ਪਰਦਾ ਹਟਾਉਣ ਤੋਂ ਬਾਅਦ ਸਟੇਜ ਤੇ ਵਿਦਮਾਨ ਸ੍ਰੀ ਸਤਿਗੁਰੂ ਉਦੈ ਸਿੰਘ ਜੀ। ਉਨ੍ਹਾਂ ਦੇ ਨਾਲ ਹਨ- ਸ੍ਰੀ ਯੋਗੇਸ਼ ਸ਼ਮਸੀ, ਉਸਤਾਦ ਜ਼ਾਕਿਰ ਹੁਸੈਨ ਖਾਂ, ਪੰਡਿਤ ਸ਼ਿਵ ਕੁਮਾਰ ਸ਼ਰਮਾ, ਸ੍ਰੀ ਸੁਨੀਲ ਜੀਵਰਾਜ ਸਿੰਘ, ਉਸਤਾਦ ਹਰਭਜਨ ਸਿੰਘ ਅਤੇ ਰਾਗੀ ਬਲਵੰਤ ਸਿੰਘ।

Sri Satguru Jagjit SIngh Ji Elibrary NamdhariElibrary@gmail.com

40/-

ਮਾਸਟਰ ਦਰਸ਼ਨ ਸਿੰਘ ਜੀ ਦੇ ਭੋਗ ਸਮੇਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੇ ਬਚਨ

ਮਾਸਟਰ ਦਰਸ਼ਨ ਸਿੰਘ ਜੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਿਆਰੀ ਸ਼ਖ਼ਸੀਅਤ ਸਨ। ਉਨ੍ਹਾਂ ਵਿਚ ਗੁਣ ਹੀ ਬੜੇ ਸਨ। ਮੈਂ ਵੀ ਮਾਸਟਰ ਜੀ ਦਾ ਸ਼ਾਗਿਰਦ ਰਿਹਾ ਹਾਂ। ਗੁਰਬਾਣੀ ਸ਼ੁੱਧ ਕਰਵਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਤੋਂ ਸ਼ੁਰੂ ਹੋਈ ਤੇ ਫਿਰ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤੀ। ਇਹ ਸੇਵਾ ਉਨ੍ਹਾਂ ਨੇ ਪਿਆਰੇ ਸਿੱਖ ਮਾਸਟਰ ਦਰਸ਼ਨ ਸਿੰਘ ਅਤੇ ਸੰਤ ਬਲਕਾਰ ਸਿੰਘ ਹੋਰਾਂ ਤੋਂ ਲਈ। ਮਾਸਟਰ ਜੀ ਨੇ ਤਿੰਨ-ਚਾਰ ਪੀੜ੍ਹੀਆਂ ਨੂੰ ਪੜ੍ਹਾਇਆ ਹੈ। ਸਾਰੇ ਰਾਗੀ ਸਿੰਘਾਂ ਦੀ ਗੁਰਬਾਣੀ ਸ਼ੁੱਧ ਕਰਨ ਦੀ ਕਿਰਪਾ ਮਾਸਟਰ ਜੀ ਨੇ ਕੀਤੀ ਹੈ। ਮਾਸਟਰ ਜੀ ਨੇ ਅਤੇ ਸੰਤ ਨਿਸ਼ਾਨ ਸਿੰਘ ਜੀ ਨੇ ਦਸਵੇਂ ਪਾਤਸ਼ਾਹ ਦੀ ਬਾਣੀ ਨੂੰ (ਪਹਿਲੀ ਸੈਂਚੀ) ਸ਼ੁੱਧ ਕੀਤਾ। ਮਾਸਟਰ ਜੀ ਆਪ ਫਾਰਸੀ ਦੇ ਵਿਦਵਾਨਾਂ ਕੋਲ ਜਾ ਕੇ ਜਫਰਨਾਮਾ ਵੀ ਸ਼ੁੱਧ ਕਰਕੇ ਆਏ। ਦੂਸਰੀ ਸੈਂਚੀ ਦੀ ਸ਼ੁਧਾਈ ਵੀ ਕਰੀਬ-ਕਰੀਬ ਪੂਰੀ ਹੋ ਚੁੱਕੀ ਹੈ। ਮਾਸਟਰ ਜੀ ਨੇ ਸੈਂਕੜੇ ਪਾਠੀ ਪੈਦਾ ਕੀਤੇ ਹਨ। ਇਸ ਤਰ੍ਹਾਂ ਸ਼ੁੱਧ ਗੁਰਬਾਣੀ ਵਾਸਤੇ ਬੜੀ ਵੱਡੀ ਸੇਵਾ ਨਿਭਾਈ ਹੈ। ਮਾਸਟਰ ਜੀ ਵਰਗੇ ਸ਼ੁੱਧ ਪਾਠ ਕਰਨ ਵਾਲੇ ਐਸ ਵੇਲੇ ਨਾਮਧਾਰੀ ਪੰਥ ਵਿਚ ਨਹੀਂ ਹਨ। ਪਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਪੰਥ ਵਿਚ ਕੋਈ ਘਾਟਾ ਨਹੀਂ। ਉਹ ਕਿਰਪਾ ਕਰਨ ਤੇ ਮਾਸਟਰ ਜੀ ਵਰਗੇ ਵਧੀਆ ਸਿੱਖ ਵੀ ਬਨਣ ਤੇ ਉਨ੍ਹਾਂ ਵਰਗੇ ਚੰਗੇ ਪਾਠ ਕਰਨ ਵਾਲੇ ਵੀ ਬਨਣ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਾਸਟਰ ਦਰਸ਼ਨ ਸਿੰਘ ਜੀ ਨੂੰ ਸਨਮਾਨ ਚਿੰਨ੍ਹ ਨਾਲ ਨਿਵਾਜਦੇ ਹੋਏ।

ਮਾਰਚ 2019 ਦੇ ਹੋਲਾ ਮਹੱਲਾ ਸਮੇਂ ਮਾਸਟਰ ਦਰਸ਼ਨ ਸਿੰਘ ਜੀ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੂੰ ਦਸਮ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਸੈਂਚੀ ਭੇਂਟ ਕਰਦੇ ਹੋਏ।

Sri Satguru Jagjit SIngh Ji Elibrary NamdhariElibrary@gmail.com

ਵਰਿਆਮ

ਸਤੰਬਰ- ੨੦੧੯

ਜਿਲਦ-੪੪

ਅੰਕ- ੧੧

ਬਾਨੀ ਸੰਪਾਦਕ

ਸ. ਜਗਦੀਸ਼ ਸਿੰਘ 'ਵਰਿਆਮ'

ਸ਼੍ਰੋਮਣੀ ਪੰਜਾਬੀ ਸਾਹਿਤਕ ਪੱਤਰਕਾਰ

ਸੰਪਾਦਕ : ਡਾ. ਰਜਵੰਤ ਕੌਰ

ਮੋਬਾਇਲ : 98786-16996,
98143-18720

ਦਫਤਰ ਦਾ ਪਤਾ:	Office Address :
ਮਾਸਿਕ ਵਰਿਆਮ	Monthly WARYAM
ਲਾਡੋਵਾਲੀ ਰੋਡ	
(ਸਾਹਮਣੇ ਸੈਂਟਰਲ ਟਾਊਨ)	Ladowali Road.
ਜਲੰਧਰ- ੧੪੪੦੦੧	Opp. Central Town, Jalandhar-144001
ਫੋਨ-:੦੧੮੧- ੨੨੨੨੫੪੩	Ph. :0181-2222543 (O)

ਵਰਿਆਮ ਦੇ ਦਰ

ਇਹ ਅੰਕ	੪੦-੦੦ ਰੁਪਏ
ਸਲਾਨਾ ਚੰਦਾ	੪੦੦-੦੦ ਰੁਪਏ
ਜੀਵਨ ਮੈਂਬਰ	੧੦੦੦੦-੦੦ ਰੁਪਏ
ਵਿਦੇਸ਼ ਲਈ	੫੦ ਪੌਂਡ ਜਾਂ ੬੦ ਡਾਲਰ ਅਮਰੀਕੀ
ਹਵਾਈ ਡਾਕ ਰਾਹੀਂ	(ਸਾਲਾਨਾ)

ਚੈਕ ਡਰਾਫਟ ਕੇਵਲ Waryam ਦੇ ਨਾਂਅ ਤੇ ਹੀ ਭੇਜੇ ਜਾਣ

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਤਤਕਰਾ

ਸੰਪਾਦਕੀ —ਡਾ. ਰਜਵੰਤ ਕੌਰ 4

ਭਾਪਾ ਪ੍ਰੀਤਮ ਸਿੰਘ ਜੀ ਨੂੰ ਯਾਦ ਕਰਦਿਆਂ
—ਸ. ਜਗਦੀਸ਼ ਸਿੰਘ ਵਰਿਆਮ 8

ਤੁਰ ਗਏ ਸੱਜਣਾਂ ਦੀ ਯਾਦ — ਮਾਸਟਰ ਅਮਰੀਕ ਸਿੰਘ 9

ਯਾਦਾਂ ਦੀ ਕਹਾਣੀ ਏ —ਮਾਸਟਰ ਅਮਰੀਕ ਸਿੰਘ 10

ਸ਼ੁੱਧ ਗੁਰਬਾਣੀ ਪਾਠ ਦੇ ਪ੍ਰਤੀਮਾਨ
—ਸੁਵਰਨ ਸਿੰਘ ਵਿਰਕ 11

ਮਾਸਟਰ ਦਰਸਨ ਸਿੰਘ -*ਹਰਭਜਨ ਕੌਰ ਚਾਨਾ* 13

ਮਾਸਟਰ ਦਰਸ਼ਨ ਸਿੰਘ ਜੀ— ਇਕ ਅਭੁੱਲ ਯਾਦ
—*ਕਿਰਪਾਲ ਸਿੰਘ ਚਾਨਾ* 14

ਮਾਸਟਰ ਦਰਸ਼ਨ ਸਿੰਘ —*ਸੰਤ ਨਿਸ਼ਾਨ ਸਿੰਘ* 17

ਰੋਣਗੇ ਦਿਲਾਂ ਦੇ ਜਾਨੀ —*ਰਾਗੀ ਈਸ਼ਰ ਸਿੰਘ* 19

ਸ਼ਰਧਾ-ਸੁਮਨ—*ਕਵੀਸ਼ਰ ਗੁਰਸੇਵਕ ਸਿੰਘ ਢਿਲੋਂ* 21

ਥਰਾਜਵਾਲਾ ਦੀ ਕੂਕਾ ਬਗਾਵਤ ਅਤੇ
ਭਾਈ ਸਮੁੰਦ ਸਿੰਘ ਉਰਫ਼ ਮਸਤਾਨ ਸਿੰਘ
—*ਸੁਵਰਨ ਸਿੰਘ ਵਿਰਕ* 22

ਨਿੰਦਾ ਭਲੀ ਕਿਸੇ ਕੀ ਨਾਹੀ —*ਤਾਰਾ ਸਿੰਘ ਅਨਜਾਣ*.....29

ਸਰਦਾਰੀ ਕੇਸਾਂ ਨਾਲ —*ਸ. ਸਾਧੂ ਸਿੰਘ ਕਿਸਾਨ*.....31

ਸ. ਸੋਹਣ ਸਿੰਘ ਸੀਤਲ ਦੀਆਂ ਦੋ ਕਵਿਤਾਵਾਂ.....32

ਸਾਜਿਸ਼ — ਗੌਹਰ ਰਜ਼ਾ 34

ਕੁੜੀਆਂ ਵਿਚ ਵੱਧ ਰਿਹਾ ਨਸ਼ੇ ਦਾ ਰੁਝਾਨ
— ਡਾ. ਹਰਸ਼ਿੰਦਰ ਕੌਰ.....35

ਸੰਪਾਦਕ ਦੇ ਨਾਂ ਚਿੱਠੀ— ਬਲਦੇਵ ਮਾਧੋਪੁਰੀ.....38

ਮਿੱਤਰਾਂ ਦੇ ਮਿੱਤਰ ਗਿ. ਜ਼ੈਲ ਸਿੰਘ ਜੀ
—ਭੁਪਿੰਦਰ ਉਸਤਾਦ 39

ਸਵੈ ਜੀਵਨੀ- ਹਿੰਮਤ ਯਾਰ ਬਣਾਈ—ਪ੍ਰੋ. ਲਖਬੀਰ ਸਿੰਘ ..43

ਖ਼ਬਰਨਾਮਾ 47

WARYAM Current A/C No.
607201010050208
IFSC/RTGS Code :UBIN0560723
Union Bank of India Rama Mandi Jalandhar City

E-mail : jagdishsinghwariam@gmail.com
drrajwant@gmail.com
drrajwant@waryam.com, editor@waryam.com

Sri Satguru Jagjit Singh Ji Elibrary NamdhariElibrary@gmail.com

ਸੰਪਾਦਕੀ

ਸੰਗੀਤ ਸਰੂਪ ਸਤਿਗੁਰ

ਇਕ ਸੰਗੀਤਕ ਯਾਤਰਾ-ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੰਗੀਤ ਦੇ ਮਸੀਹਾ ਸਨ। ਸੰਗੀਤ ਉਨ੍ਹਾਂ ਦੀ ਰੂਹ ਦੀ ਖੁਰਾਕ ਸੀ। ਭਾਰਤੀ ਸ਼ਾਸਤਰੀ ਸੰਗੀਤ ਨੂੰ ਸਿੱਖਣ ਅਤੇ ਸਿਖਾਉਣ ਦਾ ਉਨ੍ਹਾਂ ਨੂੰ ਬੜਾ ਚਾਅ ਅਤੇ ਲਗਨ ਸੀ। ਇਸੇ ਚਾਅ ਅਤੇ ਲਗਨ ਦੇ ਸਦਕਾ ਉਨ੍ਹਾਂ ਨੇ ਨਾਮਧਾਰੀ ਅਤੇ ਗੈਰ ਨਾਮਧਾਰੀ ਬੱਚਿਆਂ ਨੂੰ ਸਖ਼ਤ ਮਿਹਨਤ ਕਰਕੇ ਆਪ ਵੀ ਸੰਗੀਤ ਸਿਖਾਇਆ ਅਤੇ ਭਾਰਤ ਦੇ ਵਿਸ਼ਵ ਪ੍ਰਸਿੱਧ ਸੰਗੀਤਕਾਰਾਂ ਕੋਲੋਂ ਵੀ ਸੰਗੀਤ ਦੀ ਸਿੱਖਿਆ ਦਿਲਵਾਈ। ਇੱਥੋਂ ਤੱਕ ਕਿ ਭਾਰਤ ਦੇ ਵੱਡੇ-ਵੱਡੇ ਸ਼ਾਸਤਰੀ ਸੰਗੀਤ ਦੇ ਉਸਤਾਦਾਂ ਨੂੰ ਬਨਾਉਣ ਵਿਚ ਵੀ ਸਤਿਗੁਰੂ ਜੀ ਦੀ ਕਿਰਪਾ ਰਹੀ ਹੈ। ਸੰਗੀਤ ਇਸ ਤਰ੍ਹਾਂ ਉਨ੍ਹਾਂ ਦੇ ਰਗ-ਰਗ ਵਿਚ ਅਤੇ ਰੋਮ-ਰੋਮ ਵਿਚ ਸਮਾਇਆ ਹੋਇਆ ਸੀ ਕਿ ਉਹ ਆਪ ਸੰਗੀਤ ਦਾ ਸਰੂਪ ਹੋ ਗਏ ਸਨ। ਉਨ੍ਹਾਂ ਨੇ ਸੰਗੀਤ ਨੂੰ ਅਧਿਆਤਮ ਨਾਲ ਜੋੜ ਕੇ ਪਰਮਾਤਮਾ ਨੂੰ ਪਾਉਣ ਦਾ ਰਸਤਾ ਦੱਸਿਆ। ਸਤਿਗੁਰੂ ਜੀ ਹਮੇਸ਼ਾ ਸਮਝਾਉਂਦੇ ਸਨ ਕਿ ਸੰਗੀਤ ਦੀ ਸ਼ੁੱਧਤਾ ਅਤੇ ਸ਼ਬਦਾਬਲੀ ਦਾ ਧਿਆਨ ਰੱਖਣਾ ਚਾਹੀਦਾ ਹੈ।

'ਸੰਗੀਤ ਸਰੂਪ ਸਤਿਗੁਰ' ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤਕ ਯਾਤਰਾ ਤੇ ਆਧਾਰਿਤ ਇਹ ਡਾਕੂਮੈਂਟਰੀ ਫਿਲਮ ਹੈ ਜਿਸ ਨੂੰ ਸ੍ਰ. ਤਰਨਜੀਤ ਸਿੰਘ ਨੇ ਲੱਗਭਗ 10 ਸਾਲ ਤੋਂ ਵੀ ਵੱਧ ਸਮਾਂ ਲਾ ਕੇ ਸਖਤ ਮਿਹਨਤ ਨਾਲ ਤਿਆਰ ਕੀਤਾ ਹੈ। ਇਸ ਫਿਲਮ ਦਾ ਪਹਿਲਾ ਪ੍ਰਦਰਸ਼ਨ 26 ਜੁਲਾਈ 2019 ਨੂੰ ਮੁੰਬਈ ਮੈਟਰੋ ਇਨੋਕਸ ਥੀਏਟਰ ਵਿਖੇ ਕੀਤਾ ਗਿਆ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ ਵੱਡੇ-ਵੱਡੇ ਸੰਗੀਤਕਾਰਾਂ ਅਤੇ ਦੂਰੋਂ ਨੇੜਿਓਂ ਆਈ ਸਾਧ ਸੰਗਤ ਦੀ ਉਪਸਥਿਤੀ ਵਿੱਚ ਇਸ ਫਿਲਮ ਦਾ ਪਹਿਲਾ ਸ਼ੋਅ ਦਿਖਾਇਆ ਗਿਆ। ਮੈਨੂੰ ਵੀ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਰਜਾ ਅਨੁਸਾਰ ਇਸ ਫਿਲਮ ਨੂੰ ਵੇਖਣ ਦਾ ਸੁਨਹਿਰੀ ਅਵਸਰ ਮਿਲਿਆ। ਮੇਰੀ ਖੁਸ਼-ਕਿਸਮਤੀ ਸੀ ਕਿ ਮੈਂ ਮੁੰਬਈ ਫਿਲਮ ਵੇਖਣ ਜਾ ਰਹੀ ਸੀ, ਕੋਈ ਆਮ ਫਿਲਮ ਨਹੀਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ ਨੂੰ ਦੇਣ ਤੇ ਆਧਾਰਿਤ ਫਿਲਮ ਨੂੰ ਵੇਖਣ ਦਾ ਸੁਅਵਸਰ ਮਿਲ ਰਿਹਾ ਸੀ। ਇਸ ਫਿਲਮ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿਚ ਸ੍ਰੀ ਸਤਿਗੁਰੂ ਜੀ ਦੇ ਸੰਗੀਤਕ ਪੱਖ ਨੂੰ ਬਹੁਤ ਵਿਸਤਾਰ ਨਾਲ ਵਿਖਾਇਆ ਗਿਆ ਹੈ। ਆਮ ਤੌਰ ਤੇ ਸਾਧ ਸੰਗਤ ਦੇ ਰੂਪ ਵਿਚ ਅਸੀਂ ਸਤਿਗੁਰੂ ਜੀ ਨੂੰ ਹਮੇਸ਼ਾ ਨਾਮ ਸਿਮਰਨ, ਕਥਾ ਕੀਰਤਨ ਅਤੇ ਦੀਵਾਨਾਂ ਵਿੱਚ ਸ਼ੋਭਦੇ ਵੇਖਿਆ ਹੈ ਅਤੇ ਆਸਨ ਤੇ ਹੀ ਉਨ੍ਹਾਂ ਦੇ ਦਰਸ਼ਨ ਕੀਤੇ ਹਨ ਜਾਂ ਫੇਰ ਕੋਈ ਅਰਜ ਬੇਨਤੀ ਕਰਨ ਉਨ੍ਹਾਂ ਦੇ ਸਨਮੁਖ ਜਾਈਦਾ ਸੀ। ਕਈ ਵਾਰੀ ਸੰਗੀਤ ਸੰਮੇਲਨਾਂ ਵਿਚ ਜਾਂ ਜਲੰਧਰ ਦੇ ਹਰਿਵਲੱਭ ਸੰਗੀਤ ਸੰਮੇਲਨ ਵਿਚ ਇਕ ਸਰੋਤਾ ਅਤੇ ਵਿਸ਼ੇਸ਼ ਮਹਿਮਾਨ ਵਜੋਂ ਵੀ ਦਰਸ਼ਨ ਕੀਤੇ, ਪਰ ਇਸ ਫਿਲਮ ਵਿਚ ਤੇ ਮੰਨੋ ਕਿ ਜਿਵੇਂ ਫਿਲਮਕਾਰ ਅਤੇ ਉਸਦੀ ਟੀਮ ਨੇ ਸਾਰਾ ਖਜਾਨਾ ਹੀ ਸਾਡੇ ਉੱਤੇ ਲੁਟਾ ਦਿੱਤਾ। ਸਤਿਗੁਰੂ ਜੀ ਦੀਆਂ ਵੱਡੇ ਉਸਤਾਦਾਂ ਨਾਲ ਸੰਗੀਤ ਬੈਠਕਾਂ ਹੋਣ ਜਾਂ ਛੋਟੇ ਬੱਚਿਆਂ ਨੂੰ ਸੰਗੀਤ ਸਿਖਾਉਣਾ ਹੋਵੇ, ਉਹ ਇਕੋ ਹੀ ਪਿਆਰ, ਲਗਨ ਅਤੇ ਦ੍ਰਿੜਤਾ ਨਾਲ ਸੰਗੀਤ ਸਾਗਰ ਵਿੱਚ ਤੈਰਦੇ ਦਿਖਾਈ ਦਿੱਤੇ ਹਨ।

ਉਸਤਾਦ ਅੱਲਾ ਰੱਖਾ ਖਾਂ, ਉਸਤਾਦ ਵਿਲਾਇਤ ਖਾਂ ਸਾਹਿਬ, ਪੰਡਤ ਰਵੀ ਸ਼ੰਕਰ ਜੀ, ਉਸਤਾਦ ਬਿਸਮਿੱਲਾ ਖਾਂ, ਉਸਤਾਦ ਜਾਕਿਰ ਹੁਸੈਨ ਖਾਂ, ਉਸਤਾਦ ਅਮਜਦ ਅਲੀ ਖਾਂ, ਪੰਡਤ ਰਾਜਨ ਮਿਸ਼ਰਾ ਅਤੇ ਸਾਜਨ ਮਿਸ਼ਰਾ, ਸ੍ਰੀ ਬਿਰਜੂ ਮਹਾਰਾਜ ਜੀ, ਪੰਡਤ ਜਸਰਾਜ ਜੀ, ਪੰਡਤ ਕ੍ਰਿਸ਼ਨ ਮਹਾਰਾਜ ਜੀ, ਸ੍ਰੀ ਯੋਗੇਸ਼ ਸ਼ਮਸੀ ਅਤੇ ਹੋਰ ਵੀ ਬਹੁਤ ਵੱਡੇ-ਵੱਡੇ ਸੰਗੀਤਕਾਰ ਜਿਨ੍ਹਾਂ ਦੇ ਨਾਂ ਸ਼ਾਇਦ ਮੈਂ ਨਾ ਲੈ ਸਕੀ ਹੋਵਾਂ, ਸਤਿਗੁਰੂ ਜੀ ਦੇ ਦਰਬਾਰ ਵਿੱਚ ਆਪਣੀ ਹਾਜ਼ਰੀ ਭਰ ਕੇ ਅਤਿਅੰਤ ਪ੍ਰਸੰਨ ਵੀ ਹੁੰਦੇ ਸਨ ਅਤੇ ਆਪਣੇ ਆਪ ਨੂੰ ਵਡਭਾਗੇ ਵੀ ਸਮਝਦੇ ਸਨ। ਪੰਡਤ ਰਾਜਨ ਮਿਸ਼ਰਾ, ਡਾ ਵਿਰੇਂਦਰ ਕੁਮਾਰ (ਜਲੰਧਰ), ਸ੍ਰੀ ਰਾਜੇਸ਼ ਮਾਲਵੀਆ ਦੀ ਸੰਗੀਤਕ ਸਮਰੱਥਾ ਨੂੰ ਸਤਿਗੁਰੂ ਜੀ ਦੀ ਦਿਬ ਦ੍ਰਿਸ਼ਟੀ ਨੇ ਪਛਾਣਿਆ ਅਤੇ ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਤੇ ਵੱਡੇ ਉਸਤਾਦਾਂ ਕੋਲੋਂ ਸੰਗੀਤ ਦੀ ਸਿੱਖਿਆ ਲੈਣ ਲਈ ਭੇਜਿਆ। ਇਹ ਗੱਲ ਇਨ੍ਹਾਂ ਉਸਤਾਦਾਂ ਨੇ ਆਪ ਕਬੂਲੀ ਹੈ ਕਿ ਸਤਿਗੁਰੂ ਜੀ ਨੇ ਉਨ੍ਹਾਂ ਦੀ ਆਪ ਬਾਂਹ ਫੜ ਕੇ ਸੰਗੀਤ ਸਾਗਰ ਵਿਚ ਤੈਰਨਾ ਸਿਖਾਇਆ।

ਨਾਮਧਾਰੀ ਕਲਾਕਾਰ, ਜੋ ਕਿ ਅੱਜ ਬੜੇ ਉੱਚ ਮੁਕਾਮ ਤੱਕ ਪਹੁੰਚ ਗਏ ਹਨ, ਉਨ੍ਹਾਂ ਦੀਆਂ ਬਚਪਨ ਦੀਆਂ ਵੀਡੀਓ ਕਲਿਪ, ਜਿਸ ਵਿੱਚ ਸਤਿਗੁਰੂ ਜੀ ਆਪ ਉਨ੍ਹਾਂ ਨੂੰ ਹੱਥਾਂ ਤੇ ਤਾਲ ਅਤੇ ਮਾਤਰਾ ਦਾ ਗਿਆਨ ਦੇ ਰਹੇ ਹਨ, ਬੜੀ ਉਤਸੁਕਤਾ ਪੈਦਾ ਕਰਦੀਆਂ ਹਨ। ਇਨ੍ਹਾਂ ਵਿੱਚੋਂ ਰਾਗੀ ਹਰਬੰਸ ਸਿੰਘ ਘੁੱਲਾ, ਰਾਗੀ ਮੋਹਨ ਸਿੰਘ (ਸਵ.), ਰਾਗੀ ਸੁਖਦੇਵ ਸਿੰਘ, ਰਾਗੀ ਹਰਪ੍ਰੀਤ ਸਿੰਘ ਸੋਨੂੰ, ਰਾਗੀ ਬਲਜੀਤ ਸਿੰਘ, ਸ੍ਰ. ਕਿਰਨਪਾਲ ਸਿੰਘ ਅਤੇ ਹੋਰ ਵੀ ਬਹੁਤ ਸਾਰੇ ਕਲਾਕਾਰਾਂ ਨੂੰ ਅਸੀਂ ਜਿਸ ਰੂਪ ਵਿੱਚ ਅੱਜ ਵੇਖ ਰਹੇ ਹਾਂ, ਉਹ ਸਖਤ ਘਾਲਣਾ ਕਰਕੇ ਇੱਥੇ ਪਹੁੰਚੇ ਹਨ। ਇਹ ਸਭ ਸਤਿਗੁਰੂ ਜੀ ਦੀ ਮਿਹਨਤ, ਵਿਸ਼ਵਾਸ, ਪਿਆਰ ਅਤੇ ਕਿਰਪਾ ਦਾ ਹੀ ਨਤੀਜਾ ਹੈ।

Sri Satguru Jagjit Singh Ji Elibrary NamdhariElibrary@gmail.com

ਇਸ ਫਿਲਮ ਵਿੱਚ ਉਸਤਾਦ ਹਰਭਜਨ ਸਿੰਘ ਜੀ ਅਤੇ ਰਾਗੀ ਬਲਵੰਤ ਸਿੰਘ ਜੀ ਨੇ ਵਿਸ਼ੇਸ਼ ਟਿੱਪਣੀਆਂ ਕੀਤੀਆਂ ਹਨ ਕਿ ਕਿਵੇਂ ਸਤਿਗੁਰੂ ਜੀ ਸੰਗੀਤ ਦੇ ਪ੍ਰਤੀ ਸਮਰਪਿਤ ਸਨ। ਉਸਤਾਦ ਜਾਕਿਰ ਹੁਸੈਨ ਖਾਂ, ਪੰਡਤ ਸ਼ਿਵ ਕੁਮਾਰ ਸ਼ਰਮਾ, ਉਸਤਾਦ ਅਮਜਦ ਅਲੀ ਖਾਂ ਨੇ ਸਤਿਗੁਰੂ ਜੀ ਦੇ ਵਿਅਕਤੀਤਵ, ਆਪਣੇ ਗੂੜ੍ਹੇ ਸੰਬੰਧਾਂ ਅਤੇ ਸੰਗੀਤ ਦੀ ਦੇਣ ਬਾਰੇ ਵਿਸਤਾਰ ਨਾਲ ਦੱਸਿਆ। ਉਸਤਾਦ ਜਾਕਿਰ ਹੁਸੈਨ ਜੀ ਨੇ ਕਿਹਾ, "ਸਾਡੇ ਜਮਾਨੇ ਵਿੱਚ ਬਹੁਤ ਘੱਟ ਐਸੇ ਗੁਰੂ ਰਹੇ ਹਨ, ਜਿਨ੍ਹਾਂ ਦਾ ਹਰ ਖੇਤਰ ਵਿਚ ਦਖਲ ਰਿਹਾ ਹੈ, ਚਾਹੇ ਉਹ ਸੰਗੀਤ ਹੋਵੇ, ਅਧਿਆਤਮਿਕਤਾ ਹੋਵੇ ਜਾਂ ਜੀਵਨ ਜਾਚ ਬਾਰੇ ਹੋਵੇ। ਖਾਸ ਕਰ ਸਾਨੂੰ ਕਲਾਕਾਰਾਂ ਨੂੰ ਜੋ ਅਸ਼ੀਰਵਾਦ ਦਿੱਤਾ ਹੈ, ਉਸਦਾ ਸਮਾਨਾਂਤਰ ਇਸ ਜੀਵਨ ਵਿੱਚ ਨਹੀਂ ਹੈ।"

ਪੰਡਤ ਸ਼ਿਵ ਕੁਮਾਰ ਸ਼ਰਮਾ ਨੇ ਕਿਹਾ ਕਿ ਸਤਿਗੁਰੂ ਜੀ ਐਸੇ ਅਵਤਾਰੀ ਪੁਰਸ਼ ਸਨ, ਜਿਨ੍ਹਾਂ ਨੇ ਵੀਹਵੀਂ ਸਦੀ ਵਿਚ ਸੰਗੀਤ ਦੇ ਖੇਤਰ ਵਿਚ ਜੋ ਕੰਮ ਕੀਤਾ ਹੈ, ਉਹ ਇਤਿਹਾਸ ਦੇ ਪੰਨਿਆਂ ਤੇ ਸਵਰਨ ਅੱਖਰਾਂ ਵਿੱਚ ਲਿਖਿਆ ਜਾਵੇਗਾ।

ਉਸਤਾਦ ਅਮਜਦ ਅਲੀ ਖਾਂ ਨੇ ਕਿਹਾ ਕਿ ਸਤਿਗੁਰੂ ਜੀ ਬੜੇ ਮੁਸ਼ਕਿਲ-ਮੁਸ਼ਕਿਲ ਰਾਗ ਗਾਉਂਦੇ ਸਨ, ਉਨ੍ਹਾਂ ਨੂੰ ਤਾਲਾਂ ਦਾ ਵੀ ਬਹੁਤ ਸ਼ੌਕ ਸੀ।

ਪੰਡਤ ਰਾਜਨ-ਸਾਜਨ ਮਿਸ਼ਰਾ ਨੇ ਦੱਸਿਆ ਕਿ ਸਤਿਗੁਰੂ ਜੀ ਆਪਣੀ ਕਲਪਨਾ ਨਾਲ ਪੌਣੇ ਪੰਜ ਮਾਤਰਾਂ, ਸਵਾ ਪੰਜ ਮਾਤਰਾ, ਸਾਢੇ ਚਾਰ ਮਾਤਰਾ, ਸਵਾ ਛੇ ਮਾਤਰਾ, ਸਵਾ ਨੌਂ ਮਾਤਰਾ ਆਦਿ ਤਾਲਾਂ ਦਾ ਨਿਰਮਾਨ ਕਰ ਲੈਂਦੇ ਸਨ।

ਸਤਿਗੁਰੂ ਜੀ ਨੇ ਸੰਗੀਤਕਾਰਾਂ ਦੀ ਇਕ ਬੈਠਕ ਵਿੱਚ ਪੌਣੀ ਮਾਤਰਾ ਤੇ ਸਵਾਈ ਮਾਤਰਾ ਕਿਵੇਂ ਬਣਦੀ ਹੈ, ਉਹ ਵੀ ਸਮਝਾਇਆ, ਜਿਸ ਤੇ ਸਾਰੇ ਸੰਗੀਤਕਾਰ ਅਨੰਦਿਤ ਹੋ ਉਠੇ। ਕਿਸੇ ਵੀ ਸੰਗੀਤ ਬੈਠਕ ਵਿੱਚ ਸਤਿਗੁਰੂ ਜੀ ਦੀ ਉਪਸਥਿਤੀ ਮਾਤਰ ਹੀ ਉਸ ਬੈਠਕ ਦੀ ਰੌਣਕ ਵਧਾ ਦਿੰਦੀ ਸੀ ਅਤੇ ਜੇਕਰ ਉਹ ਆਪ ਮੇਹਰਬਾਨ ਹੋ ਜਾਂਦੇ ਤਾਂ ਫੇਰ ਤੇ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਸੀ।

ਭੈਣੀ ਸਾਹਿਬ ਦੇ ਛੋਟੇ-ਛੋਟੇ ਬੱਚਿਆਂ ਨੂੰ ਜਦੋਂ ਉਹ ਵੱਡੇ-ਵੱਡੇ ਕਲਾਕਾਰਾਂ ਦੇ ਸਨਮੁਖ ਪੇਸ਼ ਕਰਦੇ ਸਨ ਤਾਂ ਬੜੀ ਖੁਸ਼ੀ ਅਤੇ ਮਾਨ ਮਹਿਸੂਸ ਕਰਦੇ ਸਨ। ਇਸ ਨਾਲ ਬੱਚਿਆਂ ਦਾ ਹੌਸਲਾ ਵੀ ਵੱਧਦਾ ਸੀ ਤੇ ਆਤਮ ਵਿਸ਼ਵਾਸ ਵੀ। ਇਕ ਵਾਰੀ ਇਕ ਬੱਚੇ ਨੇ ਪੌਣੇ ਪੰਦਰਾਂ ਮਾਤਰਾ ਵਿਚ ਗਾਇਆ। ਸਤਿਗੁਰੂ ਜੀ ਨੇ ਵਿਨੋਦ ਭਾਵ ਵਿਚ ਕਿਹਾ ਕਿ ਕਲ ਉਸਤਾਦ ਜੀ ਨੇ ਪੰਦਰਾਂ ਮਾਤਰਾ ਵਿਚ ਗਾਇਆ, ਮੇਰੇ ਬੱਚੇ ਨੇ ਤੇ ਚੌਥਾਈ ਮਾਤਰਾ ਘੱਟ ਹੀ ਗਾਇਆ ਹੈ, ਬੱਚਾ ਹੈ ਵੀ ਤੇ ਛੋਟਾ। ਇਸ ਤਰ੍ਹਾਂ ਉਹ ਸੰਗੀਤਕਾਰਾਂ ਦਾ ਮਾਨ ਵੀ ਰੱਖਦੇ ਸਨ ਤੇ ਬੱਚਿਆਂ ਦੀ ਹੌਸਲਾ ਅਫਜਾਈ ਵੀ ਕਰਦੇ ਸਨ।

ਸੰਗੀਤ ਦੇ ਮਹਾ ਗਿਆਤਾ ਹੋਣ ਦੇ ਬਾਵਜੂਦ ਵੀ ਸਤਿਗੁਰੂ ਜੀ ਬਹੁਤ ਨਿਰਮਾਣ ਸਨ। ਉਹ ਸੰਗੀਤਕਾਰਾਂ ਦਾ ਬਹੁਤ ਸਤਿਕਾਰ ਕਰਦੇ ਸਨ। ਇਕ ਵਾਰੀ ਸੱਚੇ ਪਾਤਸ਼ਾਹ ਜੀ ਭੈਣੀ ਸਾਹਿਬ ਵਿਖੇ ਮੰਜੇ ਉਪਰ ਆਪਣਾ ਆਸਨ ਲਗਾ ਕੇ ਬੈਠੇ ਸਨ, ਤਾਂ ਪੰਡਤ ਜਸਰਾਜ ਜੀ ਆ ਪਧਾਰੇ। ਉਨ੍ਹਾਂ ਨੇ ਸਤਿਗੁਰੂ ਜੀ ਅੱਗੇ ਅਰਜ ਕੀਤੀ ਕਿ ਉਹ ਕੁਝ ਪੇਸ਼ ਕਰਨਾ ਚਾਹੁੰਦੇ ਹਨ। ਸਤਿਗੁਰੂ ਜੀ ਨੇ ਕਿਹਾ ਕਿ ਠੀਕ ਹੈ, ਮੇਰਾ ਆਸਨ ਥੱਲੇ ਵਿਛਾ ਦਿਉ। ਸੇਵਕਾਂ ਨੇ ਇੰਝ ਹੀ ਕੀਤਾ, ਕਿਉਂਕਿ ਸਤਿਗੁਰੂ ਜੀ ਕਦੇ ਵੀ ਸੰਗੀਤਕਾਰਾਂ ਤੋਂ ਉੱਚਾ ਉਠ ਦੇ ਨਹੀਂ ਬੈਠਦੇ ਸਨ। ਇਹ ਉਨ੍ਹਾਂ ਦੇ ਸੰਗੀਤਕਾਰਾਂ ਪ੍ਰਤੀ ਸਤਿਕਾਰ ਸੀ।

ਇਸ ਫਿਲਮ ਨੂੰ ਵੇਖ ਕੇ ਇਹ ਪਤਾ ਲੱਗਿਆ ਕਿ ਇਹ ਕੋਈ ਸਾਲ ਛੇ ਮਹੀਨੇ ਦਾ ਪ੍ਰੋਜੈਕਟ ਨਹੀਂ ਸੀ। ਸ. ਤਰਨਜੀਤ ਸਿੰਘ ਕਈ ਸਾਲਾਂ ਤੋਂ ਇਸ ਤੇ ਕੰਮ ਕਰ ਰਹੇ ਸਨ। ਜੋ ਵਿਅਕਤੀ ਸਾਡੇ ਤੋਂ ਵਿਛੜ ਚੁੱਕੇ ਹਨ, ਜਿਵੇਂ ਕਿ ਮੇਰੇ ਪਿਤਾ ਜੀ, ਸ. ਜਗਦੀਸ਼ ਸਿੰਘ ਵਰਿਆਮ, ਜਲੰਧਰ ਤੋਂ ਹੀ ਡਾ. ਵਰਿੰਦਰ ਕੁਮਾਰ (ਸਿਤਾਰ) ਅਤੇ ਰਾਗੀ ਮੋਹਨ ਸਿਘ ਹੋਰਾਂ ਦੀ ਵਾਰਤਾ ਦਾ ਸ਼ਾਮਿਲ ਹੋਣਾ ਇਹ ਦਰਸਾਉਂਦਾ ਹੈ ਕਿ ਕਾਫੀ ਸਮੇਂ ਪਹਿਲਾਂ ਤੋਂ ਇਸ ਦਸਤਾਵੇਜੀ ਤੇ ਕੰਮ ਚੱਲ ਰਿਹਾ ਸੀ। ਬਾਕੀ ਤੀਹ, ਚਾਲੀ, ਪੰਜਾਹ ਸਾਲ ਜਾਂ ਇਸ ਤੋਂ ਵੀ ਪੁਰਾਨੀਆਂ ਵੀਡੀਉ ਨੂੰ ਖੰਘਾਲਣਾ ਕੋਈ ਸੌਖਾ ਕੰਮ ਨਹੀਂ ਸੀ। ਇਸ ਫਿਲਮ ਦੇ ਨੇਪਰੇ ਚੜ੍ਹਣ ਦੀ ਸਫਲਤਾ ਵਾਸਤੇ ਅਸੀਂ ਸ. ਤਰਨਜੀਤ ਸਿੰਘ ਅਤੇ ਉਨ੍ਹਾਂ ਦੀ ਸਹਿਯੋਗੀ ਟੀਮ ਨੂੰ ਵਧਾਈ ਦਿੰਦੇ ਹਾਂ। ਇਹ ਇਕ ਇਤਿਹਾਸਕ ਫਿਲਮ ਹੈ, ਜਿਸ ਨੂੰ 'ਗਾਗਰ ਵਿਚ ਸਾਗਰ' ਕਹਿ ਦਈਏ ਤਾਂ ਅਤਿ-ਕਥਨੀ ਨਹੀਂ ਹੋਵੇਗੀ।

ਬੈਂਕਾਕ ਵਿਚ ਵੀ ਇਸ ਫਿਲਮ ਦਾ ਪ੍ਰਦਰਸ਼ਨ ਹੋ ਚੁੱਕਾ ਹੈ। ਆਸ ਹੈ ਕਿ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਕਿਰਪਾ ਨਾਲ ਜਲਦੀ ਹੀ ਪੰਜਾਬ, ਹਰਿਆਣਾ, ਦਿੱਲੀ ਆਦਿ ਥਾਵਾਂ ਤੇ ਵੀ ਜਲਦੀ ਹੀ ਇਸਦਾ ਪ੍ਰਦਰਸ਼ਨ ਹੋਵੇਗਾ। ਇਸ ਫਿਲਮ ਉੱਤੇ ਲਿਖਣਾ ਇਕ ਲੰਮਾ ਵਿਸ਼ਾ ਹੈ। ਪਾਠਕਾਂ ਤੇ ਦਰਸ਼ਕਾਂ ਦੀ ਉਤਸੁਕਤਾ ਨੂੰ ਬਣਾਏ ਰੱਖਣ ਲਈ ਮੈਂ ਇਥੇ ਹੀ ਆਪਣੀ ਲੇਖਣੀ ਨੂੰ ਵਿਰਾਮ ਦਿੰਦੀ ਹਾਂ।

-ਰਜਵੰਤ ਕੌਰ

***

Sri Satguru Jagjit SIngh Ji Elibrary NamdhariElibrary@gmail.com

ਪਿਆਰੇ ਗੁਰਸਿੱਖ-ਮਾਸਟਰ ਦਰਸ਼ਨ ਸਿੰਘ ਜੀ

ਮਾਨਯੋਗ ਮਾਸਟਰ ਦਰਸ਼ਨ ਸਿੰਘ ਜੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਬਾਗ ਦੇ ਉਹ ਰੁੱਖ ਸਨ ਜੋ ਸਦਾ ਹੀ ਨਾਮ ਅਤੇ ਗੁਰਬਾਣੀ ਦੇ ਰੰਗ ਵਿਚ ਰੰਗੇ ਰਹਿੰਦੇ ਸਨ। ਸ਼ੁੱਧ, ਸਪਸ਼ਟ, ਸਰਲ ਅਤੇ ਰਸਮਈ ਗੁਰਬਾਣੀ ਪਾਠ ਉਹਨਾਂ ਦੀ ਵਿਸ਼ੇਸ਼ਤਾ ਸੀ। ਉਹਨਾਂ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਪੂਰਾ ਕੰਠ ਸੀ। ਭਾਰਤ ਵੰਡ ਤੋਂ ਬਾਅਦ ਮਾਸਟਰ ਜੀ ਦਾ ਪਰਵਾਰ ਪਹਿਲਾਂ ਸਿਰਸਾ ਅਤੇ ਬਾਅਦ ਵਿਚ ਸੰਤ ਨਗਰ ਆ ਕੇ ਵਸ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੱਦੀ ਤੇ ਬੈਠਣ ਤੋਂ ਬਾਅਦ ਸਨ 1960 ਵਿੱਚ ਆਪ ਗੁਰੂ ਹਰੀ ਸਿੰਘ ਕਾਲਜ ਜੀਵਨ ਨਗਰ ਅਧਿਆਪਨ ਕਾਰਜ ਕਰਨ ਲੱਗ ਗਏ। ਇੱਥੇ ਆਪ ਬੱਚਿਆਂ ਨੂੰ ਸ਼ੁੱਧ ਗੁਰਬਾਣੀ ਪਾਠ ਅਤੇ ਧਾਰਮਿਕ ਸਿੱਖਿਆ ਦੇ ਨਾਲ-ਨਾਲ ਹਿਸਾਬ ਦੀ ਪੜ੍ਹਾਈ ਵੀ ਕਰਵਾਉਂਦੇ ਰਹੇ। ਉਸ ਤੋਂ ਬਾਅਦ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੰਨ 1992 ਈ. ਵਿਚ ਆਪ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਅਕਾਦਮੀ ਆ ਕੇ ਪੜ੍ਹਾਉਣ ਦੀ ਸੇਵਾ ਨਿਭਾਉਣ ਲੱਗੇ। ਹੁਣ ਪਿਛਲੇ 27 ਸਾਲਾਂ ਤੋਂ ਆਪ ਸ੍ਰੀ ਭੈਣੀ ਸਾਹਿਬ ਹੀ ਨਿਵਾਸ ਰੱਖਦੇ ਸਨ।

ਮਾਸਟਰ ਜੀ ਗੁਰਬਾਣੀ ਦਾ ਚੱਲਦਾ ਫਿਰਦਾ ਸ਼ਬਦਕੋਸ਼ ਸਨ। ਉਹਨਾਂ ਕੋਲੋਂ ਕਦੇ ਵੀ, ਕਿਤੇ ਵੀ ਅਤੇ ਕਿਤੋਂ ਵੀ ਕੋਈ ਤੁੱਕ ਜਾਂ ਸ਼ਲੋਕ ਪੁੱਛ ਲਉ, ਉਹ ਹਮੇਸ਼ਾ ਹੀ ਉਸਦੇ ਅਰਥ ਕਰਨ ਅਤੇ ਵਿਆਖਿਆ ਕਰਨ ਦੇ ਸਮਰੱਥ ਸਨ। ਇੱਥੋਂ ਤੱਕ ਕਿ ਜੇਕਰ ਫੋਨ ਤੇ ਵੀ ਕਿਸੇ ਨੇ ਕੁਝ ਪੁੱਛਣਾ ਹੋਵੇ ਤਾਂ ਮਾਸਟਰ ਜੀ ਹਰ ਸਵਾਲ ਦੇ ਜਵਾਬ ਲਈ ਤਿਆਰ ਰਹਿੰਦੇ ਸਨ। ਉਹਨਾਂ ਤੋਂ ਵੱਡੇ-ਵੱਡੇ ਗਿਆਨੀ, ਰਾਗੀ, ਜੱਥੇਦਾਰ ਅਤੇ ਵਿਦਵਾਨ ਪੁਰਸ਼ ਆਪਣੀਆਂ ਸ਼ੰਕਾਵਾਂ ਦਾ ਨਿਵਾਰਨ ਕਰਵਾ ਸਕਦੇ ਸਨ।

ਸਤਿਗੁਰੂ ਜੀ ਦਾ ਹੁਕਮ ਸਦਾ ਹੀ ਉਨ੍ਹਾਂ ਲਈ ਸਰਵੋਪਰੀ ਰਿਹਾ ਹੈ। ਸਤਿਗੁਰੂ ਜੀ ਦੇ ਹੁਕਮ ਅਤੇ ਦਿਸ਼ਾ ਨਿਰਦੇਸ਼ ਹੇਠਾਂ ਉਨ੍ਹਾਂ ਅਣਗਣਿਤ ਬੱਚਿਆਂ ਅਤੇ ਨੌਜਵਾਨਾਂ ਨੂੰ ਸ਼ੁੱਧ ਗੁਰਬਾਣੀ ਦੀ ਸਿੱਖਿਆ ਵੀ ਦਿੱਤੀ ਅਤੇ ਉਨ੍ਹਾਂ ਨੂੰ ਆਪਣਾ ਜੀਵਨ ਗੁਰਬਾਣੀ ਅਨੁਸਾਰ ਢਾਲਣ ਦੀ ਪ੍ਰੇਰਣਾ ਵੀ ਦਿੱਤੀ। ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਸੁੰਦਰ ਜੀਵਨ ਕਾਲ ਵਿੱਚ ਹਜ਼ਾਰਾਂ ਹੀ ਪਾਠੀ ਤਿਆਰ ਕੀਤੇ। ਉਹਨਾਂ ਨੇ ਆਪਣੇ ਗਿਆਨ ਅਤੇ ਵਿਦਵਤਾ ਨੂੰ ਜਿਵੇਂ 'ਭਰ ਭਰ ਵੰਡ ਮੁੱਠੀਆਂ' ਕਰਕੇ ਅਗਲੀਆਂ ਪੀੜ੍ਹੀਆਂ ਨੂੰ ਦਿੱਤਾ। ਉਨ੍ਹਾਂ ਨੂੰ ਹਾਜਰਾ ਹਜੂਰ ਸਤਿਗੁਰੂ ਜੀ ਨੂੰ ਗੁਰਬਾਣੀ ਸੰਥਿਆ ਦੇਣ ਦਾ ਮਾਨ ਵੀ ਪ੍ਰਾਪਤ ਹੈ।

ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਮਾਸਟਰ ਜੀ ਦੀ ਮਿੱਠੀ, ਸਾਫ਼, ਸਪਸ਼ਟ ਅਤੇ ਨਿਰਮਲ ਵਾਣੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਅਤੇ ਨਾਮਧਾਰੀ ਨਿਤਨੇਮ ਦੀਆਂ ਬਾਣੀਆਂ ਦੀ ਰਿਕਾਰਡਿੰਗ ਕੀਤੀ ਗਈ ਜੋ ਕਿ ਹਰ ਆਮ ਅਤੇ ਖਾਸ ਵਿਅਕਤੀ ਦੀ ਪਹੁੰਚ ਵਿਚ ਸ਼ਾਮਲ ਹਨ। (ਇਸ ਸੰਬੰਧੀ ਸੰਤ ਕਿਰਪਾਲ ਸਿੰਘ ਚਾਨਾ ਯੂ ਕੇ ਜੀ ਦਾ ਲੇਖ ਤੁਸੀਂ ਅੰਦਰ ਪੜ੍ਹੋਗੇ)

ਮਾਸਟਰ ਜੀ ਹਮੇਸ਼ਾ ਨਾਮ ਦੇ ਰੰਗ ਵਿੱਚ ਰੰਗੇ ਰਹਿੰਦੇ ਸਨ-

ਜਪਿ ਮਨ ਹਰਿ ਹਰਿ ਨਾਮੁ ਨਿਤ ਧਿਆਇ॥

ਜੋ ਇਛਹਿ ਸੋਈ ਫਲ ਪਾਵਹਿ

ਫਿਰ ਦੂਖ ਨ ਲਾਗੈ ਆਇ॥

ਇਹੀ ਮਾਸਟਰ ਜੀ ਦੇ ਜੀਵਨ ਦਾ ਫਲਸਫਾ ਸੀ।

ਜੀਵਨ ਵਿਚ ਕਈ ਉਤਰਾਅ ਚੜ੍ਹਾਅ ਆਏ ਪਰ 'ਸੁਖੁ ਦੁਖੁ ਦੋਨੋ ਸਮ ਕਰਿ ਜਾਨੈ' ਅਨੁਸਾਰ ਸਤਿਗੁਰੂ ਜੀ ਦੀ ਰਜਾ ਵਿਚ ਰਹਿ ਕੇ ਹੀ ਆਪਣਾ ਜੀਵਨ ਬਿਤਾਇਆ। ਮੈਂ ਮਾਸਟਰ ਜੀ ਦੇ ਦਰਸ਼ਨ ਅਕਸਰ ਭੈਣੀ ਸਾਹਿਬ ਵਿਖੇ ਹੀ ਕੀਤੇ। ਉਨ੍ਹਾਂ ਨੂੰ ਮੈਂ ਕਦੇ ਵਿਹਲੇ ਬੈਠੇ ਜਾਂ ਅਰਾਮ ਕਰਦਿਆਂ ਨਹੀਂ ਵੇਖਿਆ, ਹਮੇਸ਼ਾ ਤੁਰਦੇ ਫਿਰਦੇ ਜਾਂ ਸਟੇਜ ਤੇ ਸਤਿਗੁਰੂ ਜੀ ਦੀ ਹਜੂਰੀ ਵਿੱਚ ਪਾਠ ਕਰਦੇ, ਕਥਾ ਕਰਦੇ ਅਤੇ ਵਾਰ (ਆਸਾ ਦੀ ਵਾਰ ਦਾ ਕੀਰਤਨ) ਲਾਉਂਦੇ ਵੇਖਿਆ-ਸੁਣਿਆ। ਇਸ ਸਾਲ 10 ਫਰਵਰੀ ਨੂੰ ਜਦੋਂ ਸਵਾ ਲੱਖ ਪਾਠਾਂ ਦੇ ਭੋਗ ਪਾਏ ਗਏ ਤਾਂ ਮਾਸਟਰ ਜੀ ਹੀ ਇਸ ਮਹਾਨ ਕਾਰਜ ਦੇ ਮੋਢੀ ਸਨ। ਇਸੇ ਸਾਲ ਹੋਲੇ ਦੇ ਮੇਲੇ ਸਮੇਂ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਸੈਂਚੀ ਨੂੰ ਸੋਧ ਕੇ ਤਿਆਰ ਕਰਕੇ ਉਹਨਾਂ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਨੂੰ ਭੇਂਟ ਕੀਤਾ। ਭਰੇ ਦੀਵਾਨ ਵਿੱਚ ਜਦੋਂ ਮਾਸਟਰ ਜੀ ਨੇ ਸੈਂਚੀ ਭੇਂਟ ਕੀਤੀ ਤਾਂ ਸਤਿਗੁਰੂ ਜੀ ਨੇ ਆਪ ਖਲੋ ਕੇ ਮਾਸਟਰ ਜੀ ਤੋਂ ਸੈਂਚੀ ਪ੍ਰਾਪਤ ਕੀਤੀ। ਇਹੀ ਗੁਰੂ ਅਤੇ ਗੁਰੂ ਦੇ ਸਿੱਖ ਦੇ ਪਿਆਰ ਅਤੇ ਸਤਿਕਾਰ ਦਾ ਪ੍ਰਮਾਣ ਸੀ।

ਮਾਸਟਰ ਜੀ ਗਿਆਨ ਦਾ ਭੰਡਾਰ ਸਨ ਅਤੇ ਇਹ ਗਿਆਨ ਉਨ੍ਹਾਂ ਨੇ ਰੱਜ ਕੇ ਵੰਡਿਆ। ਸਤਿਗੁਰੂ ਜੀ ਦੀ ਕਿਰਪਾ ਨਾਲ ਉਹ ਜਿੰਨਾ ਗਿਆਨ ਦਾ ਖਜਾਨਾ ਵੰਡਦੇ ਸਨ ਉਨਾਂ ਉਹ ਖਜ਼ਾਨਾ ਹੋਰ ਭਰਪੂਰ ਹੋ ਜਾਂਦਾ ਸੀ। ਉਹ ਗੁਣਾਂ ਦੀ ਖਾਨ ਸਨ। ਸ਼ੁੱਧ ਗੁਰਬਾਣੀ ਪਾਠ ਕਰਨ ਤੇ ਸਿਖਾਉਣ ਦੇ ਨਾਲ-ਨਾਲ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿਚ (ਢੋਲਕੀ ਛੈਣਿਆਂ ਨਾਲ) ਕਰਨ ਵਿੱਚ ਵੀ ਮਾਹਿਰ ਸਨ। ਸ. ਸਾਧੂ ਸਿੰਘ ਕਿਸਾਨ ਜੀ ਨੇ ਵਾਰੇ ਦਾ ਪਿਛੋਕੜ ਦਸਦਿਆਂ ਕਿਹਾ ਕਿ ਸਭ ਤੋਂ ਪਹਿਲਾਂ ਸੰਤ ਗਿਆਨਾ ਸਿੰਘ ਹੋਰਾਂ ਨੇ ਆਸਾ ਦੀ ਵਾਰ ਨੂੰ ਵਾਰੇ

Sri Satguru Jagjit Singh Ji Elibrary NamdhariElibrary@gmail.com

ਦੇ ਰੂਪ ਵਿੱਚ ਗਾਉਣਾ ਸ਼ੁਰੂ ਕੀਤਾ। ਉਸ ਤੋਂ ਬਾਅਦ ਜਥੇਦਾਰ ਦਲੀਪ ਸਿੰਘ ਜੀ ਸੰਤ ਨਗਰ ਵਾਲੇ ਵਾਰਾ ਲਗਾਉਂਦੇ ਰਹੇ। ਕਿਸਾਨ ਜੀ ਦੇ ਛੋਟੇ ਭਰਾਤਾ ਸ੍ਰ. ਬਲੀ ਸਿੰਘ ਜੀ ਉਹਨਾਂ ਨਾਲ ਸੰਗਤ ਕਰਦੇ ਰਹੇ। ਉਸ ਤੋਂ ਬਾਅਦ ਸੰਤ ਪ੍ਰੀਤਮ ਸਿੰਘ ਜੀ ਪੱਦੀ ਵਾਲਿਆਂ ਵੇਲੇ ਵਾਰੇ ਦੀ ਸਿਖਰ ਸੀ। 'ਕੋਈ ਆਣ ਕੇ ਮਿਲਾਏ ਮੇਰਾ ਪ੍ਰੀਤਮ ਪਿਆਰਾ' ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਉੱਚੀ ਸੁਰ ਵਿਚ ਗਾਉਣਾ ਤਾਂ ਸਾਰੀ ਸੰਗਤ ਵੈਰਾਗ ਵਿਚ ਆ ਜਾਂਦੀ ਸੀ। ਮਾਸਟਰ ਦਰਸ਼ਨ ਸਿੰਘ ਤੇ ਸ. ਬਲੀ ਸਿੰਘ ਉੱਚੀਆਂ ਸੁਰਾਂ ਵਿਚ ਵਾਰਾ ਲਗਾਉਂਦੇ ਰਹੇ। ਅੱਜ ਦੀ ਤਰੀਕ ਵਿਚ ਵਾਰਾ ਲਗਾਉਣ ਵਿਚ ਉਨ੍ਹਾਂ ਦਾ ਸਾਨੀ ਕੋਈ ਨਹੀਂ। ਉਨ੍ਹਾਂ ਦੇ ਜਾਣ ਨਾਲ ਭਾਰੀ ਧੱਕਾ ਵੱਜਾ ਹੈ, ਜਿਸ ਤੋਂ ਸੰਭਲਣਾ ਮੁਸ਼ਕਿਲ ਹੈ।

ਮਾਸਟਰ ਦਰਸ਼ਨ ਸਿੰਘ ਜੀ ਯਾਰਾਂ ਦੇ ਯਾਰ ਸਨ। ਉਨ੍ਹਾਂ ਦਾ ਮੇਰੇ ਪਿਤਾ ਜੀ ਸ੍ਰ. ਜਗਦੀਸ਼ ਸਿੰਘ ਵਰਿਆਮ ਨਾਲ ਬਹੁਤ ਪ੍ਰੇਮ ਸੀ। ਉਹ ਉਹਨਾਂ ਦੇ ਪਰਵਾਰ ਨੂੰ ਆਪਣਾ ਪਰਵਾਰ ਜਾਣ ਕੇ ਪੂਰਾ ਧਿਆਨ ਦੇਂਦੇ ਸਨ। ਸੰਨ 2017 ਦੇ ਹੋਲੇ ਮੇਲੇ ਤੋਂ ਇਕ ਦਿਨ ਪਹਿਲਾਂ ਵਰਿਆਮ ਜੀ ਨਮਿਤ ਪਾਠ ਦਾ ਭੋਗ ਪਿਆ ਸੀ। ਅਗਲੇ ਦਿਨ ਹੋਲਾ ਮੇਲਾ ਸ਼ੁਰੂ ਹੋ ਗਿਆ ਸੀ। ਮਾਸਟਰ ਜੀ ਮੋਹਨ ਭਾਜੀ (ਰਾਗੀ ਮੋਹਨ ਸਿੰਘ) ਦੇ ਘਰ ਆਏ। ਉੱਥੇ ਮੇਰੀਆਂ ਭੈਣਾਂ ਨੂੰ ਮਿਲੇ। ਉਹਨਾਂ ਨੇ ਮਾਸਟਰ ਜੀ ਨੂੰ ਪੁੱਛਿਆ, 'ਆਪ ਦਾ ਕੀ ਹਾਲ ਹੈ? ' ਆਖਣ ਲੱਗੇ, 'ਸਾਰਾ ਮੇਲਾ ਭਰਿਆ ਪਿਆ ਹੈ, ਪਰ ਮੇਰਾ ਯਾਰ ਨਹੀਂ ਲੱਭਦਾ।' ਇਸੇ ਤਰ੍ਹਾਂ ਉਹ ਸਾਡੇ ਪਿਤਾ ਜੀ ਸ. ਤਾਰਾ ਸਿੰਘ ਅਨਜਾਣ ਜੀ ਨੂੰ ਵੀ ਬਹੁਤ ਯਾਦ ਕਰਦੇ ਸਨ। ਭਾਵੇਂ ਉਹ ਸਤਿਗੁਰੂ ਜੀ ਦੀ ਰਜ਼ਾ ਵਿੱਚ ਰਹਿੰਦੇ ਸਨ, ਪਰ ਆਪਣੇ ਮਿੱਤਰਾਂ ਨੂੰ ਯਾਦ ਕਰਕੇ ਉਦਾਸ ਤਾਂ ਜ਼ਰੂਰ ਹੁੰਦੇ ਸਨ। ਉਹ ਮੈਨੂੰ ਜਦੋਂ ਵੀ ਮਿਲਦੇ, ਆਖਦੇ ਕਿ ਮੈਂ 'ਵਰਿਆਮ' ਵਾਸਤੇ 'ਸ਼ੁੱਧ ਗੁਰਬਾਣੀ' ਉੱਤੇ ਲੇਖ ਦੇਵਾਂਗਾ, ਪਰ ਸਾਡੀ ਆਪਣੀ ਢਿੱਲ ਮੱਠ ਕਰਕੇ ਅਸੀਂ ਇਹ ਖਜ਼ਾਨਾ ਪ੍ਰਾਪਤ ਨਾ ਕਰ ਸਕੇ।

ਉਹ ਹਮੇਸ਼ਾ ਇਹੀ ਚਾਹੁੰਦੇ ਸਨ ਕਿ ਉਹ ਚੱਲਦੇ ਫਿਰਦੇ ਇਸ ਦੁਨੀਆ ਤੋਂ ਰੁਖਸਤ ਹੋ ਜਾਣ। ਹੋਇਆ ਵੀ ਇੰਝ ਹੀ। ਅਚਾਨਕ ਸਾਹ ਔਖਾ ਹੋਣ ਕਰਕੇ ਉਨ੍ਹਾਂ ਨੂੰ ਚੰਡੀਗੜ੍ਹ ਆਪਣੇ ਪੁੱਤਰ ਕੋਲ ਹਸਪਤਾਲ ਦਾਖਿਲ ਕਰਵਾਇਆ ਗਿਆ, ਜਿੱਥੇ ਮੁੱਢਲੇ ਟੈਸਟਾਂ ਤੋਂ ਪਤਾ ਲੱਗਾ ਕਿ ਉਨ੍ਹਾਂ ਦੇ ਦਿਲ ਦੀਆਂ ਨਾਲੀਆਂ ਵਿੱਚ ਕਾਫੀ ਜ਼ਿਆਦਾ ਰੁਕਾਵਟ ਹੈ। ਬਾਈਪਾਸ ਸਰਜਰੀ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ। ਪਰ ਉਨ੍ਹਾਂ ਦਾ ਸਰੀਰ ਇਸ ਸਰਜਰੀ ਨੂੰ ਸਹਾਰ ਨਾ ਸਕਿਆ ਅਤੇ 31 ਜੁਲਾਈ 2019 ਦੀ ਰਾਤ ਨੂੰ ਉਹ ਸਾਨੂੰ ਸਦੀਵੀ ਵਿਛੋੜਾ ਦੇ ਗਏ। ਇਹ ਸਾਰਾ ਕੁਝ ਏਨਾਂ ਚਾਣਚੱਕ ਹੋਇਆ ਕਿ ਉਨ੍ਹਾਂ ਦੇ ਜਾਣ ਦੀ ਖ਼ਬਰ ਸੁਣ ਕੇ ਮਨ ਨੂੰ ਵਿਸ਼ਵਾਸ ਹੀ ਨਹੀਂ ਹੋ ਰਿਹਾ ਸੀ, ਪਰ ਭਾਣਾ ਮੰਨਣਾ ਪੈਣਾ ਸੀ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਪਹਿਲੀ ਅਗਸਤ ਸ਼ਾਮ ਨੂੰ ਮਾਸਟਰ ਜੀ ਦੀ ਦੇਹ ਦਾ ਸਸਕਾਰ ਉਨ੍ਹਾਂ ਦੀ ਕਰਮ ਭੂਮੀ ਸ੍ਰੀ ਭੈਣੀ ਸਾਹਿਬ ਵਿਖੇ ਕੀਤਾ ਗਿਆ ਅਤੇ 11 ਅਗਸਤ 2019 ਦਿਨ ਐਤਵਾਰ ਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਉਨ੍ਹਾਂ ਨਮਿਤ ਅੰਤਿਮ ਅਰਦਾਸ ਕੀਤੀ ਗਈ।

ਨਾਮਧਾਰੀ ਸੰਗਤ ਵਿੱਚ ਮਾਸਟਰ ਜੀ ਪ੍ਰਤੀ ਏਨਾ ਸਤਿਕਾਰ ਅਤੇ ਉਨ੍ਹਾਂ ਦੇ ਜਾਣ ਦਾ ਏਨਾ ਅਫਸੋਸ ਸੀ ਕਿ ਸਾਰੇ ਪੰਜਾਬ, ਹਰਿਆਣਾ ਅਤੇ ਦਿੱਲੀ ਤੋਂ ਸੰਗਤਾਂ ਇਸ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਸ੍ਰੀ ਭੈਣੀ ਸਾਹਿਬ ਪੁੱਜੀਆਂ। ਸੰਗਤਾਂ ਦਾ ਵਿਸ਼ਾਲ ਇਕੱਠ ਸ੍ਰੀ ਭੈਣੀ ਸਾਹਿਬ ਦੇ ਪ੍ਰਤਾਪ ਮੰਦਰ ਵਿਚ ਹਾਜਿਰ ਸੀ। ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਨਿਤਨੇਮ, ਰਾਗੀ ਸਿੰਘਾਂ ਦੇ ਕੀਰਤਨ, ਸ਼ਰਧਾਂਜਲੀਆਂ ਦਾ ਸਿਲਸਿਲਾ, ਪਾਠਾਂ ਦੇ ਭੋਗ ਪੈਣ ਤੱਕ ਸਾਰੀ ਸੰਗਤ ਚਾਰ ਘੰਟਿਆ ਤੋਂ ਉੱਪਰ ਸਮੇਂ ਤੱਕ ਨਿੱਠ ਕੇ ਬੈਠੀ ਰਹੀ। ਸ਼ਰਧਾਂਜਲੀ ਦੇਣ ਵਾਲਿਆਂ ਵਿਚ ਸ. ਸੁਵਰਨ ਸਿੰਘ ਵਿਰਕ, ਮਾਸਟਰ ਅਮਰੀਕ ਸਿੰਘ, ਸੂਬਾ ਬਲਵਿੰਦਰ ਸਿੰਘ ਝੱਲ, ਸ੍ਰ. ਬਲੀ ਸਿੰਘ, ਸੰਤ ਬਲਕਾਰ ਸਿੰਘ, ਸੰਤ ਨਿਸ਼ਾਨ ਸਿੰਘ, ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ, ਸ੍ਰ. ਗੁਰੂਬਚਨ ਸਿੰਘ ਨਾਮਧਾਰੀ, ਸ੍ਰ. ਅਜੀਤ ਸਿੰਘ ਨਾਮਧਾਰੀ, ਸ੍ਰ. ਗੁਰਭੇਜ ਸਿੰਘ ਗੁਰਾਇਆ ਸ਼ਾਮਲ ਸਨ। ਸਭ ਨੇ ਮਾਸਟਰ ਜੀ ਪ੍ਰਤੀ ਆਪਣੇ ਵਲਵਲੇ ਅਤੇ ਸੰਵੇਦਨਾਵਾਂ ਪ੍ਰਗਟ ਕੀਤੀਆਂ। ਸ੍ਰੀ ਸਤਿਗੁਰੂ ਜੀ ਨੇ ਆਪਣੇ ਆਪ ਨੂੰ ਮਾਸਟਰ ਜੀ ਦਾ ਵਿਦਿਆਰਥੀ ਦੱਸਦਿਆਂ ਮਾਨ ਮਹਿਸੂਸ ਕੀਤਾ ਕਿ ਮਾਸਟਰ ਜੀ ਉਨ੍ਹਾਂ ਦੇ ਗੁਰੂ ਰਹੇ ਹਨ।

ਸ਼ਰਧਾਂਜਲੀਆਂ ਤੋਂ ਬਾਅਦ ਮਾਸਟਰ ਜੀ ਦੇ ਜੀਵਨ ਤੇ ਅਧਾਰਿਤ ਇਕ ਫਿਲਮ ਦਿਖਾਈ ਗਈ। ਉਪਰੰਤ ਪਾਠਾਂ ਦੇ ਭੋਗ ਅਤੇ ਅੰਤਿਮ ਅਰਦਾਸ ਕੀਤੀ ਗਈ। ਇਸ ਦੇ ਨਾਲ ਹੀ ਮਾਸਟਰ ਦਰਸ਼ਨ ਸਿੰਘ ਜੀ ਦੇ ਨਮਿਤ ਮੇਲੇ ਦੀ ਸਮਾਪਤੀ ਹੋ ਗਈ। ਇਕ ਸੁਘੜ, ਸੁਹਿਰਦ, ਸਿਆਣੇ ਸਿੱਖ ਦਾ ਜੀਵਨ ਚੱਕਰ ਪੂਰਾ ਹੋ ਗਿਆ।

ਅੰਤਰਿ ਗੁਰ ਆਰਾਧਣਾ ਜਿਹਵਾ ਜਪਿ ਗੁਰ ਨਾਉ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥
ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥

ਇਹੀ ਮਾਸਟਰ ਜੀ ਦੇ ਜੀਵਨ ਦਾ ਸਾਰ ਸੀ।

***

Sri Satguru Jagjit SIngh Ji Elibrary NamdhariElibrary@gmail.com

ਵਰਿਆਮ ਦੇ ਖਜ਼ਾਨੇ ‘ਚੋਂ

ਭਾਪਾ ਪ੍ਰੀਤਮ ਸਿੰਘ ਜੀ ਨੂੰ ਯਾਦ ਕਰਦਿਆਂ

ਸ. ਜਗਦੀਸ਼ ਸਿੰਘ ਵਰਿਆਮ

ਸ. ਜਗਦੀਸ਼ ਸਿੰਘ ਵਰਿਆਮ ਜੀ ਨੇ ਇਹ ਲੇਖ ਸੰਨ 2005 ਵਿੱਚ ਪੰਜਾਬੀ ਪੁਸਤਕ ਜਗਤ ਦੇ ਬਾਦਸ਼ਾਹ ਭਾਪਾ ਪ੍ਰੀਤਮ ਸਿੰਘ ਜੀ ਨੂੰ ਸ਼ਰਧਾਂਜਲੀ ਵਜੋਂ ਲਿਖਿਆ ਸੀ। ਇਸ ਲੇਖ ਵਿੱਚ ਭਾਪਾ ਜੀ ਦੇ ਆਪਣੇ ਕੰਮ ਪ੍ਰਤੀ ਨਿਸ਼ਠਾ, ਲੇਖਕਾਂ ਪ੍ਰਤੀ ਪਿਆਰ ਅਤੇ ਵਰਿਆਮ ਪ੍ਰਤੀ ਹਮਦਰਦੀ ਅਤੇ ਸਹਿਯੋਗ ਨਜ਼ਰ ਆਉਂਦਾ ਹੈ। ਵਰਿਆਮ ਜੀ ਵੀ ਭਾਪਾ ਜੀ ਦਾ ਬਹੁਤ ਆਦਰ ਅਤੇ ਮਾਨ ਕਰਦੇ ਸਨ।

ਭਾਪਾ ਪ੍ਰੀਤਮ ਸਿੰਘ ਅੱਧੀ ਸਦੀ ਤੋਂ ਵਧ ਸਮੇਂ ਤੱਕ ਪੰਜਾਬੀ ਪੁਸਤਕ ਜਗਤ ਵਿਚ ਰਾਜ ਕਰ ਕੇ ਇਸ ਸੰਸਾਰ ਤੋਂ ੩੧ ਮਾਰਚ ੨੦੦੫ ਨੂੰ ੯੧ ਸਾਲ ਦੀ ਉਮਰ ਵਿਚ ਰੁਖਸਤ ਹੋ ਗਏ ਸਨ। ਬੀਬੀ ਅਜੀਤ ਕੌਰ ਨੇ ਆਪਣੇ ਇਕ ਲੇਖ ਵਿਚ ਉਹਨਾਂ ਨੂੰ ‘ਤੱਕੀਏ ਦਾ ਪੀਰ’ ਲਿਖਿਆ ਸੀ। ਕੁਝ ਵੀ ਹੋਵੇ, ਭਾਪਾ ਪ੍ਰੀਤਮ ਸਿੰਘ ਦੀ ਬਜ਼ੁਰਗੀ, ਸਮਝ ਅਤੇ ਕੰਮ ਪ੍ਰਤਿ ਨਿਸ਼ਠਾ ਲੋਕਾਂ ਦੇ ਮੂੰਹੋਂ ਉਹਨਾਂ ਬਾਰੇ ਪੀਰ, ਰਿਸ਼ੀ, ਸ਼ਹਿਨਸ਼ਾਹ ਜਿਹੇ ਸ਼ਬਦ ਬਦੋ ਬਦੀ ਕਢਾਉਂਦੀ ਰਹੀ ਹੈ।

ਪੰਜਾਬ ਦੇ ਕੌਮੀ ਸ਼ਾਇਰ ਸ਼ਾਹ ਮੁਹੰਮਦ ਨੇ ਆਹ ਸ਼ਬਦ ਕਹੇ ਤਾਂ ਰਣਜੀਤ ਸਿੰਘ ਮਹਾਰਾਜੇ ਬਾਰੇ ਸਨ ਪਰ ਸਾਡੇ ਮਨ ਚੋਂ ਇਹ ਭਾਪਾ ਪ੍ਰੀਤਮ ਸਿੰਘ ਜੀ ਬਾਰੇ ਵੀ ਐਨ ਢੱਕਦੇ ਹਨ।

ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾ
ਅੱਛਾ ਰੱਜ ਕੇ ਰਾਜ ਕਮਾਇ ਗਿਆ।

ਸਾਹਿਤ ਜਗਤ ਦੀ ਇਸ ਰਾਜ ਗੱਦੀ ਤੇ ਪਹੁੰਚਣ ਤਕ ਪ੍ਰੀਤਮ ਸਿੰਘ ਜੀ ਨੂੰ ਬਹੁਤ ਲੰਮਾ ਸਫਰ ਤੈਅ ਕਰਨਾ ਪਿਆ। ਨਿਤ ਦੀ ਮਿਹਨਤ ਉਹਨਾਂ ਦੇ ਮਾੜਚੂ ਜਿਹੇ ਪਰ ਬਲਵਾਨ ਸਰੀਰ ਨੂੰ ਝਲਣੀ ਪਈ। ਉਹਨਾਂ ਆਪਣੇ ਪਿਤਾ ਦੀ ਦੁਕਾਨ ਤੇ ਹਲਵਾਈ ਦਾ ਕੰਮ ਵੀ ਸੰਭਾਲਿਆ, ਉਹ ਗੁਰਦੁਆਰੇ ਦੇ ਮਹੰਤ ਵੀ ਰਹੇ, ਉਹ ਅਖੰਡ ਪਾਠੀ ਵੀ ਰਹੇ, ਉਹਨਾਂ ਨਾਮਧਾਰੀਆਂ ਤੋਂ ਨਾਮ ਵੀ ਲਿਆ ਅਤੇ ਸੰਤ ਨਿਧਾਨ ਸਿੰਘ ਆਲਮ ਨਾਲ ਢੋਲਕੀ ਵੀ ਵਜਾਉਂਦੇ ਰਹੇ। ਉਹ ਹੱਥੀਂ ਸਿੱਕਾ ਜੋੜ ਕੇ ਸ਼ਬਦ ਘੜਨ ਵਾਲੇ ਛਾਪੇਖਾਨੇ ਦੇ ਕੰਪਾਜ਼ੀਟਰ ਵੀ ਰਹੇ। ਉਹਨਾਂ ਪ੍ਰੈਸ ਦੇ ਕੰਮ ਵਿਚ ਹੇਠਾਂ ਤੋਂ ਉਪਰ ਦਾ ਸਫਰ ਕੀਤਾ। ਡਿਸਟਰੀਬਿਊਟਰ, ਕੰਪਾਜ਼ੀਟਰ, ਠੇਕੇ ਤੇ ਕੰਮ, ਆਪਣੀ ਮਲਕੀਅਤ, ਨਾਰੋਵਾਲ ਦੀ ਤਲਵੰਡੀ ਭਿੰਡਰਾਂ ਤੋਂ ਅੰਮ੍ਰਿਤਸਰ, ਲਾਹੌਰ, ਪ੍ਰੀਤ ਨਗਰ ਦਿੱਲੀ ਦਾ ਸਫਰ। ਰਾਜਧਾਨੀ ਦਿੱਲੀ ਵਿਚ ਮੋਹੜੀ ਗਡਨੀ ਅਤੇ ਫੇਰ ਇਕ ਵਿਸ਼ਾਲ ਸਲਤਨਤ ਕਾਇਮ ਕਰਨੀ। ਸੋਵੀਅਤ ਰੂਸ ਦੀ ਅੰਬੈਸੀ ਦਾ ਪਰਚਾ ਛਾਪਣਾ; ਹੋਰ ਸਮਕਾਲੀ ਸਾਹਿਤ ਛਾਪਣਾ, ‘ਆਰਸੀ’ ਵਰਗਾ ਸਿਖਰਲਾ ਸਾਹਿਤਕ ਪਰਚਾ ਛਾਪਣਾ, ਸੰਪਾਦਿਤ ਕਰਨਾ, ਪੁਸਤਕਾਂ ਦਾ ਸਰਬੋਤਮ ਅਦਾਰਾ ‘ਨਵਯੁਗ ਪਬਲਿਸ਼ਰਜ਼’ ਸਥਾਪਤ ਕਰਨਾ, ਨਵਯੁਗ ਵਲੋਂ ਛੱਪੀਆਂ ਸੁੰਦਰ ਪੁਸਤਕਾਂ ਨੂੰ ਇਨਾਮ ਤੇ ਪੁਰਸਕਾਰ ਮਿਲਣੇ, ਇਹ ਸਭ ਭਾਪਾ ਪ੍ਰੀਤਮ ਸਿੰਘ ਜੀ ਦੀ ਕਰਾਮਾਤ ਨਹੀਂ ਤਾਂ ਹੋਰ ਕੀ ਆਖੋਗੇ ?

ਭਾਪਾ ਜੀ ਦੁਆਰਾ ਛਾਪੀ ਪੁਸਤਕ, ਵੇਖਣ ਨੂੰ, ਛੋਹਣ ਨੂੰ ਅਤੇ ਪੜ੍ਹਣ ਲਈ ਬਦੋ ਬਦੀ ਪ੍ਰੇਰਦੀ ਸੀ। ਉਹਨਾਂ ਪੰਜਾਬੀ ਦੇ ਸਭ ਵੱਡੇ ਲੇਖਕਾਂ ਨੂੰ ਛਾਪਿਆ। ਉਹਨਾਂ ਵੱਡੇ ਲੇਖਕਾਂ ਦੀ ਕ੍ਰਿਤਾਂ ਨੂੰ ਇਕੋ ਜਿਲਦ ਵਿਚ ਛਾਪ ਕੇ ਉਹਨਾਂ ਦੀ ਕੀਰਤੀ ਤਾਂ ਸਥਾਪਤ ਕੀਤੀ ਹੀ ਆਪਣੇ ਲਈ ਵੀ ਉੱਚਾ ਸਿੰਘਾਸਨ ਲੋਕ ਮਨਾਂ ਵਿਚ ਸਥਾਪਤ ਕੀਤਾ। ਦਿੱਲੀ ਹਿੰਦੁਸਤਾਨ ਦਾ ਦਿਲ ਹੈ। ਇਸ ਦਿਲ ਵਿਚ ਬੈਠ ਕੇ ਦਿੱਲੀ ਦੀ ਪੰਜਾਬੀ ਲੇਖਕ/ਸਾਹਿਤ ਸਭਾ ਵਲੋਂ ਆਲੀਸ਼ਾਨ ਪੰਜਾਬੀ ਭਵਨ ਉਸਾਰਿਆ ਜੋ ਆਪਣਾ ਖਰਚਾ ਵੀ ਆਪ ਚੁਕਦਾ ਹੈ ਤੇ ਪੰਜਾਬੀ ਲੇਖਕਾਂ ਦੀਆਂ ਸਰਗਰਮੀਆਂ ਦਾ ਵੀ ਦਾਰੁਲਖਲਾਫਾ ਹੈ। ਪੰਜਾਬੀ ਦੀਆਂ ਲਾਇਬ੍ਰੇਰੀਆਂ ਨੂੰ ਨਵਯੁਗ ਤੇ ਦੂਸਰੇ ਪ੍ਰਸਿੱਧ ਪਬਲਿਸ਼ਰਾਂ ਦੀਆਂ ਕੀਮਤੀ ਪੁਸਤਕਾਂ ਨੂੰ ਅੱਧੇ ਰੇਟ ਤੇ ਦੇਣਾ ਅਤੇ ਘਰ ਘਰ ਪੁਸਤਕ ਪਹੁੰਚਾਉਣ ਵਾਸਤੇ ਇਕ ਚਲਦੀ ਫਿਰਦੀ ਦੁਕਾਨ, ਵਿਸ਼ੇਸ਼ ਬਸ ਦਾ ਪ੍ਰਬੰਧ ਕਰਨਾ, ਕਿਸੇ ਸਾਧਾਰਨ ਬੰਦੇ ਦਾ ਕੰਮ ਨਹੀਂ। ਪ੍ਰੀਤ ਨਗਰ ਵਿਚ ਪੰਜਾਬੀ ਦੇ ਦੋ ਮਹਾਰਥੀਆਂ ਸ. ਗੁਰਬਖਸ਼ ਸਿੰਘ, ਸ. ਨਾਨਕ ਸਿੰਘ ਦੀ ਯਾਦ ਵਿਚ ਭਵਨ ਸਥਾਪਤ ਕਰਨ ਵਿਚ ਸ. ਪ੍ਰੀਤਮ ਸਿੰਘ ਜੀ ਦਾ ਸਹਿਯੋਗ ਸਦਾ ਚੇਤੇ ਰਖਣ ਵਾਲੀ ਗੱਲ ਹੈ।

ਜਦੋਂ ਜਗਦੀਸ਼ ਸਿੰਘ ਨੂੰ ਕਿਸੇ ਪਰਚੇ ਨੂੰ ਚਾਲੂ ਕਰਨ ਦਾ ਚਿਤ ਚੇਤਾ ਵੀ ਨਹੀਂ ਸੀ, ਉਦੋਂ ਭਾਪਾ ਪ੍ਰੀਤਮ ਸਿੰਘ ਜੀ ਨਾਲ (ਅਤੇ ਸ. ਪਿਆਰਾ ਸਿੰਘ ਦਾਤਾ ਨਾਲ) ਸ੍ਰੀ ਨਗਰ ਕਸ਼ਮੀਰ ਵਿਚ ਇਕ ਹਾਊਸ ਬੋਟ ਵਿਚ ਰਾਤ ਰਹਿਣ ਦਾ ਅਵਸਰ ਮਿਲਿਆ ਅਤੇ ਫੇਰ ਦਿੱਲੀ ਵਿਚ ਮੁਲਾਕਾਤਾਂ ਦਾ ਸਮਾਂ ਬਣਦਾ ਰਿਹਾ। ਵਰਿਆਮ ਦੀ ਪ੍ਰਕਾਸ਼ਨਾਂ ਸ਼ੁਰੂ ਹੋਣ ਬਾਅਦ ਦਿੱਲੀ ਵਿਚ ਚਾਂਦਨੀ ਚੌਂਕ

Sri Satguru Jagjit SIngh Ji Elibrary NamdhariElibrary@gmail.com

ਵਿਚ ਸੰਤ ਸੇਵਾ ਸਿੰਘ ਤੰਬੂਆ ਵਾਲਿਆਂ ਦੇ ਦਫਤਰ ਤੋਂ ਬਾਅਦ ਉਹਨਾਂ ਦੇ ਸਪੁੱਤਰ ਭੁਪਿੰਦਰ ਸਿੰਘ ਨਾਲ ਭਾਪਾ ਪ੍ਰੀਤਮ ਸਿੰਘ ਜੀ ਦੇ ਆਸਣ ਦੇ ਜਾਣ ਤੋਂ ਬਗੈਰ ਵਾਪਸੀ ਨਾ ਹੁੰਦੀ। ਨਵਯੁਗ-ਆਰਸੀ ਦੇ ਇਸੇ ਦਫਤਰ ਵਿਚ ਵੱਡੇ ਵੱਡੇ ਅਤੇ ਘੱਟ ਵੱਡੇ ਲੇਖਕ ਪੁਰਖਾਂ ਦੇ ਦਰਸ਼ਨ ਹੋਣੇ।

ਭਾਪਾ ਪ੍ਰੀਤਮ ਸਿੰਘ ਹੋਰਾਂ ਵਰਿਆਮ ਦੀ ਸ਼ੁਰੂਆਤ ਤੋਂ ਹੀ ਇਸ ਨੂੰ ਜਾਰੀ ਰਖਣ ਲਈ ਹੱਲਾ ਸ਼ੇਰੀ, ਖੁਸ਼ੀ, ਪਰਸ਼ੰਸਾ, ਮਦਦ ਅਤੇ ਮਾਨ ਸਨਮਾਨ ਦਾ ਪਰਵਾਹ ਚਲਾਈ ਰਖਿਆ। ਉਹ ਅੰਤ ਵੇਲੇ ਤਕ ਵੀ ਕੀਮਤੀ ਪੁਸਤਕਾਂ ਦਾ ਪ੍ਰਸ਼ਾਦ ਦੇਣੋਂ ਨਹੀਂ ਭੁੱਲੇ। ਪੈਰ ਪੈਰ ਤੇ ਪਰਚਾ ਛਾਪਣ ਦੀਆਂ ਮੁਸ਼ਕਲਾਂ ਲਈ ਸਮਾਧਾਨ ਦਸਦੇ ਰਹੇ। ਉਹਨਾਂ ਦੀ ਇਸ ਨਾਚੀਜ਼ ਜਗਦੀਸ਼ ਸਿੰਘ ਤੇ ਬਹੁਤ ਨਿਵਾਜ਼ਿਸ਼ ਸੀ। ਇਥੋਂ ਤਕ ਕਿ ਇਕ ਵਾਰ ਮੈਂ ਉਹਨਾਂ ਵਲੋਂ ਪਾਏ ਸਫੈਦ ਕਪੜੇ ਦੀ ਸਿਫਤ ਕਰ ਬੈਠਾ; ਇਕ ਦਿਨ ਜਲੰਧਰ ਵਿਚ ਅਜੀਤ ਅਖਬਾਰ ਦਾ ਇਕ ਬੰਦਾ ਇਕ ਪੈਕਟ ਦੇ ਗਿਆ, ਅਖੇ ਭਾਪਾ ਪ੍ਰੀਤਮ ਸਿੰਘ ਜੀ ਨੇ ਭੇਜਿਆ ਹੈ। ਉਸ ਵਿਚ ਓਹੋ ਹੀ ਕਪੜਾ ਸੀ ਜਿਸ ਦੀ ਸਿਫਤ ਕੀਤੀ ਸੀ।

ਜਦੋਂ ਦਿੱਲੀ ਜਾਣਾ ਤਾਂ ਅਮਰ ਭਾਰਤੀ ਅਤੇ ਪ੍ਰੀਤਮ ਸਿੰਘ ਕਵੀ ਹੋਰਾਂ ਨਾਲ ਭਾਪਾ ਪ੍ਰੀਤਮ ਸਿੰਘ ਜੀ, ਅੰਮ੍ਰਿਤਾ ਪ੍ਰੀਤਮ, ਗੁਰਬਚਨ ਸਿੰਘ ਭੁੱਲਰ, ਪਿਆਰਾ ਸਿੰਘ ਦਾਤਾ, ਚਰਨਜੀਤ ਸਿੰਘ ਚੰਨ ਹੋਰਾਂ ਦਾ ਚੱਕਰ ਲਾ ਕੇ ਆਉਣਾ ਅਤੇ ਇਹਨਾਂ ਯਾਦਾਂ ਨਾਲ ਕਿੰਨੇ ਦਿਨ ਭਰੇ ਭਰੇ ਰਹਿਣਾ।

ਹੁਣ ਦਿੱਲੀ ਜਾਇਆ ਹੀ ਨਹੀਂ ਜਾਂਦਾ। ਭਾਰਤੀ ਜੀ ਗਏ, ਕਵੀ ਜੀ (ਪ੍ਰੀਤਮ ਸਿੰਘ) ਗਏ, ਪੰਛੀ (ਪ੍ਰੀਤਮ ਸਿੰਘ) ਜੀ ਗਏ, ਪਿਆਰਾ ਸਿੰਘ ਦਾਤਾ ਜੀ ਗਏ (ਪ੍ਰੀਤਮ ਤੇ ਪਿਆਰਾ ਉਂਜ ਵੀ ਇਕ ਹੀ ਗਲ ਹੈ) ਇਹਨਾਂ ਦੀਆਂ ਯਾਦਾਂ ਹੀ ਸਰਮਾਏ ਦਾ ਕੰਮ ਕਰਦੀਆਂ ਹਨ। ਯਾਦ ਕਰ ਕੇ ਮਨ ਵਿਚ ਸਰੂਰ ਆ ਜਾਂਦਾ ਹੈ।

੯੧ ਸਾਲਾਂ ਦੇ ਇਸ ਬੁੱਢੇ ਜਰਨੈਲ ਨੇ ਪਰਵਾਰਕ ਦੁੱਖ ਵੀ ਜਵਾਂ ਮਰਦੀ ਨਾਲ ਝੱਲੇ ਅਤੇ ਬੀਮਾਰੀ ਦੇ ਹਮਲੇ ਵੀ ਪਰ ਸਦਾ ਸਾਬਤ ਕਦਮ ਹੀ ਰਿਹਾ। ਸਾਡਾ ਕੀ ਸਾਰੇ ਪੰਜਾਬੀ ਸਾਹਿਤ ਜਗਤ ਦਾ ਮਸਤਕ ਅਕੀਦਤ ਨਾਲ ਝੁਕਦਾ ਹੈ ਪਰ ਭਾਣਾ ਅਟਲ ਹੈ।

ਨਦੀਆਂ ਨੀਰ ਰਹਿਣ ਨਿਤ ਤਾਰੂ
ਇਹ ਕਦੀ ਨਾ ਹੋਵਣ ਹਲਕੇ
ਜੋ ਜਲ ਅੱਜ ਗਿਆ ਇਸ ਰਾਹੀਂ
ਸੋ ਫੇਰ ਨਾ ਆਵੇ ਭਲਕੇ
ਏਵੇਂ ਰਹਿਗੁ ਜਹਾਨ ਵਸੇਂਦਾ
ਪਰ ਅਸੀਂ ਨ ਬਹਿਸਾਂ ਰਲ ਕੇ
ਹਾਸ਼ਮ ਕੌਣ ਕਰਗੁ ਦਿਲਬਰੀਆਂ
ਇਸ ਖਾਕ ਮਿੱਟੀ ਵਿਚ ਰਲ ਕੇ।

ਤੁਰ ਗਏ ਸੱਜਣਾਂ ਦੀ ਯਾਦ

ਮਾਸਟਰ ਅਮਰੀਕ ਸਿੰਘ

ਦਿਲ ਦੀਆਂ ਗੱਲਾਂ ਕਿਸ ਨਾਲ ਹੁਣ।
ਛੱਡ ਰਹੇ ਜੋ ਸਾਥ ਕਰ ਬੇ-ਹਾਲ ਹੁਣ।
ਨਾਲ ਜਿਨ੍ਹਾਂ ਦੇ ਸੀ ਲਾਈ ਦੋਸਤੀ,
ਤੁਰੇ ਜਾਂਦੇ ਕਰ ਤੀਰਥੀ ਚਾਲ ਹੁਣ।
ਦੂਰ ਨਜ਼ਰਾਂ ਤੋਂ ਉਹ ਇਤਨੇ ਹੋ ਗਏ,
ਕਿਸ ਤਰ੍ਹਾਂ ਲਈਏ ਉਨ੍ਹਾਂ ਨੂੰ ਭਾਲ ਹੁਣ।
ਵਕਤ ਵਿਛੜਨ ਦਾ ਧੁਰੋਂ ਜਾਂ ਆ ਗਿਆ,
ਕੌਣ ਸਕਦਾ ਸੀ ਉਹ ਵੇਲਾ ਟਾਲ ਹੁਣ।

ਉਨ੍ਹਾਂ ਵਰਗਾ ਕੋਈ ਵੀ ਲੱਭਣਾ ਨਹੀਂ,
ਵੈਸੇ ਬੰਦਿਆਂ ਦਾ ਨਹੀਂ ਹੈ ਕਾਲ ਹੁਣ।
ਕਿਸੇ ਦੇ ਸੰਗ ਹੁਣ ਸੁਰ ਮਿਲਾਈ ਜਾ ਸਕੇ,
ਹੋ ਰਹੇ ਸਾਰੇ ਹੀ ਨੇ ਬੇਤਾਲ ਹੁਣ।
ਸੱਜਣਾਂ ਨੂੰ ਯਾਦ ਰੱਖ ਅਮਰੀਕ ਸਿੰਘ,
ਆਪਣੇ ਆਪ ਨੂੰ ਲਵੋ ਸੰਭਾਲ ਹੁਣ।

ਸੰਪਰਕ- 8307290412

Sri Satguru Jagjit Singh Ji Elibrary NamdhariElibrary@gmail.com

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਨੂੰ ਸਮਰਪਿਤ

ਯਾਦਾਂ ਦੀ ਕਹਾਣੀ ਏ

ਅੰਮ੍ਰਿਤ ਬਚਨ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਗੁਰੂ ਰਿਸ਼ਤਿਆਂ ਤੋਂ ਉਚੀ ਚੀਜ਼ ਹੈ, ਉਹ ਇਨ੍ਹਾਂ ਸਭਨਾਂ ਗੱਲਾਂ ਤੋਂ ਵੱਖਰੀ ਚੀਜ਼ ਹੈ, ਜਿਹਨਾਂ ਨੇ ਤੇ ਸਮਝ ਲਿਆ ਸਤਿਗੁਰੂ, ਉਹਨਾਂ ਨੂੰ ਤੇ ਮਿਲ ਗਿਆ - ਸਭ ਕੁਝ, ਜਿਹੜੇ ਰਿਸ਼ਤੇਦਾਰੀ 'ਚ ਅੜੇ ਰਹੇ, ਉਹਨਾਂ ਦਾ ਕੁਝ ਨਹੀਂ ਬਣਦਾ।

© SU

ਵੱਡ ਪਰਤਾਪੀ ਦੀਆਂ ਯਾਦਾਂ ਦੀ ਕਹਾਣੀ ਏ,
ਭਾਦਰੋਂ ਦੀ ਪੰਜ ਨੂੰ ਮੈਂ ਸਭ ਨੂੰ ਸੁਨਾਣੀ ਏ।

ਅੱਧੀ ਸਦੀ ਤਾਈਂ ਉਨ੍ਹਾਂ ਪੰਥ ਨੂੰ ਸੰਭਾਲਿਆ,
ਪੁੱਤਰਾਂ ਦੇ ਵਾਂਗ ਉਨ੍ਹਾਂ ਤਾਈਂ ਪਾਲਿਆ।
ਜਾਣਦੇ ਹਾਂ ਸਾਰੇ ਗੱਲ ਕਿਸੇ ਤੋਂ ਛਾਣੀ ਏ।

ਘਰ ਘਰ ਜਾ ਕੇ ਉਨ੍ਹਾਂ ਲੋਕਾਂ ਨੂੰ ਸੁਣਾਇਆਂ ਸੀ,
ਛੱਡ ਜਾਉ ਇਹ ਦੇਸ਼ ਹੋਇਆ ਜੋ ਪਰਾਇਆ ਸੀ।
ਸੁਖੀ ਰਹੇ ਰਮਜ਼ ਜਿਨ੍ਹਾਂ ਉਨ੍ਹਾਂ ਦੀ ਪਛਾਣੀ ਏ।

ਉੱਜੜ ਕੇ ਆਇਆਂ ਤਾਈਂ ਮੁੜ ਕੇ ਵਸਾਇਆ ਸੀ,
ਸਿਰਾਂ ਉੱਤੇ ਕਰ ਦਿੱਤੀ ਮਿਹਰ ਭਰੀ ਛਾਇਆ ਸੀ,
ਦੁਖੀਆਂ ਤੇ ਕੀਤੀ ਉਨ੍ਹਾਂ ਬੜੀ ਮਿਹਰਬਾਨੀ ਏ।

ਖਾਣ ਲਈ ਦਿੱਤਾ, ਦਿੱਤੀ ਰਹਿਣ ਲਈ ਥਾਂ ਸੀ,
ਦਰ ਤੇ ਜੋ ਆ ਗਿਆ ਨਾਂ ਹੋਈ ਕਦੀ ਨਾਂਹ ਸੀ।
ਗਿਣਤੀ ਉਪਕਾਰਾਂ ਦੀ ਨਾਂ ਗਿਣੀ ਹੀ ਜਾਣੀ ਏ।

ਝੁੱਗੀਆਂ 'ਚ ਰਹਿੰਦਿਆਂ ਨੂੰ ਬੰਗਲੀਂ ਬਿਠਾ ਗਏ,
ਪੈਰੀਂ ਤੁਰੇ ਜਾਂਦਿਆਂ ਨੂੰ ਕਾਰਾਂ ਤੇ ਚੜ੍ਹਾ ਗਏ,
ਕੌਣ ਉਹਦੇ ਤੁਲ ਅਤੇ ਕੋਈ ਵੀ ਨਾ ਸਾਨੀ ਏ।

ਜਿੰਨਾਂ ਨੂੰ ਨਾ ਵਾਹੁਣ ਲਈ ਪੈਲੀ ਕੋਈ ਦੇਂਦਾ ਸੀ,
ਮਾਲਕ ਮੁਰੱਬਿਆਂ ਦੇ ਝੱਟ ਕਰ ਵੇਹਿੰਦਾ ਸੀ,
ਪਰ ਅਸਾਂ ਕਦਰ ਨਾ ਅਸਲੋਂ ਹੀ ਜਾਣੀ ਏ।

ਹੋਏ ਨਹੀਂ ਅਸੀਂ ਉੱਕਾ ਸ਼ੁਕਰਗੁਜ਼ਾਰ ਹਾਂ,
ਕਰਦੇ ਰਹੇ ਸਦਾ ਅਸੀਂ ਉਨ੍ਹਾਂ ਨੂੰ ਬੇਜ਼ਾਰ ਹਾਂ,
ਤਾਂ ਹੀ ਚਲੇ ਗਏ ਅੱਜ ਹੋਈ ਬੜੀ ਹਾਨੀ ਏ।

ਅਮਰੀਕ ਸਿੰਘ ਜਿਹਾ ਤਾਂ ਕੀਹ ਆਖੀਏ,
ਜਿਨ੍ਹਾਂ ਦੀ ਬਨਾਈ ਉਹਨਾਂ ਸਦਾ ਦੀ ਵਸਾਖੀ ਏ,
ਦੁੱਖ ਭੁੱਖ ਦੂਰ ਕੀਤੀ ਹਟੀ ਪਰੇਸ਼ਾਨੀ ਏ।

-ਮਾਸਟਰ ਅਮਰੀਕ ਸਿੰਘ

Sri Satguru Jagjit Singh Ji Elibrary NamdhariElibrary@gmail.com

ਸ਼ੁੱਧ ਗੁਰਬਾਣੀ ਪਾਠ ਦੇ ਪ੍ਰਤੀਮਾਨ-ਮਾਸਟਰ ਦਰਸ਼ਨ ਸਿੰਘ ਜੀ

-ਸੁਵਰਨ ਸਿੰਘ ਵਿਰਕ

ਮਾਸਟਰ ਦਰਸ਼ਨ ਸਿੰਘ ਜੀ, ਨਾਮਧਾਰੀ ਪੰਥ ਦੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਤਿਆਰ ਕੀਤੀ ਫੁਲਵਾੜੀ ਦੇ ਟਹਿਕਦੇ ਫੁੱਲ ਸਨ। ਉਹਨਾਂ ਨੇ ਆਪਣੀ 78 ਸਾਲ ਤੋਂ ਕੁਝ ਉੱਪਰ ਆਯੂ ਦੇ ਲਗਪਗ ਛੇ ਦਹਾਕੇ, ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਨਾਮਧਾਰੀ ਬੱਚਿਆਂ ਦੀ ਸਕੂਲੀ ਸਿੱਖਿਆ ਅਤੇ ਗੁਰਮਤਿ ਜੀਵਨ ਜਾਚ ਵਿਚ ਉਹਨਾਂ ਨੂੰ ਕਥਾ, ਕੀਰਤਨ, ਦੀਵਾਨ ਅਤੇ ਗੁਰਬਾਣੀ ਦੇ ਸ਼ੁੱਧ ਪਾਠੀ ਬਨਾਉਣ ਦੀ ਦੀਖਿਆ ਵਿਚ ਸ਼ਰਫ ਕੀਤੇ। ਮਾਸਟਰ ਜੀ ਲਈ ਘਰ, ਪਰਵਾਰ ਅਤੇ ਗ੍ਰਹਿਸਤ ਦੇ ਰੁਝੇਵਿਆਂ ਨਾਲੋਂ, ਸ੍ਰੀ ਸਤਿਗੁਰੂ ਜੀ ਦੀ ਆਗਿਆ ਦਾ ਪਾਲਣ ਵੱਧ ਮਹੱਤਵ ਰੱਖਦਾ ਸੀ। ਇਸੇ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਵੱਲੋਂ ਬਖਸ਼ੀਆਂ ਬੇਅੰਤ ਖੁਸ਼ੀਆਂ, ਮਾਸਟਰ ਜੀ ਦੇ ਹਿੱਸੇ ਆਈਆਂ। ਦੋਹਾਂ ਸਤਿਗੁਰੂ ਸਾਹਿਬਾਨ ਦੇ ਵਿਦੇਸ਼ ਦੌਰਿਆਂ ਦਾ ਭਾਗ ਬਣਨਾ ਵੀ ਆਪ ਨੂੰ ਨਸੀਬ ਹੋਇਆ। ਆਪ ਦੁਆਰਾ ਸਿੱਖਿਅਤ ਅਤੇ ਸਿਧਾਏ ਹੋਏ ਵਿਦਿਆਰਥੀਆਂ ਨੇ ਵੀ ਜੀਵਨ ਦੇ ਵੱਖ-ਵੱਖ ਖੇਤਰਾਂ ਵਿਚ ਖ਼ਾਸ ਮੁਕਾਮ ਹਾਸਲ ਕੀਤੇ। ਆਪ ਦੀ ਰਸੀਲੀ, ਅਸਰਦਾਰ ਆਵਾਜ਼ ਅਤੇ ਸ਼ੁੱਧ ਸ਼ੈਲੀ ਵਿਚ ਰੀਕਾਰਡ ਹੋਏ ਆਦਿ ਸ੍ਰੀ ਗੁਰੂ ਗਰੰਥ ਸਾਹਿਬ, ਦਸਮ ਗੁਰੂ ਗਰੰਥ ਸਾਹਿਬ, ਨਾਮਧਾਰੀ ਨਿੱਤਨੇਮ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਆਦਿਕ, ਦੁਨੀਆ ਦੇ ਹਰ ਕੋਨੇ ਵਿਚ ਵੱਸਦੇ ਜਗਿਆਸੂ ਸੁਣਦੇ ਹਨ ਅਤੇ ਅਧਿਆਤਮਕ ਰੰਗ ਵਿਚ ਰੰਗੇ ਜਾਂਦੇ ਹਨ। ਇਤਨੀਆਂ ਪਰਾਪਤੀਆਂ ਕਿਸੇ ਇੱਕ ਸੱਜਣ ਦੇ ਜੀਵਨ ਵਿਚ ਆ ਜਾਣ ਅਤੇ ਫਿਰ ਵੀ ਅਭਿਮਾਨ ਦਾ ਕਿਣਕਾ ਮਾਤਰ ਵੀ ਉਸ ਨੂੰ ਨਾਂ ਛੋਹੇ ਤਾਂ ਇਸ ਤੋਂ ਵੱਡੀ ਗੁਰੂ-ਕਿਰਪਾ ਹੋਰ ਕੀ ਹੋ ਸਕਦੀ ਹੈ।

ਮਾਸਟਰ ਜੀ ਦਾ ਜਨਮ ਅੰਦਾਜ਼ਨ 1 ਫਰਵਰੀ 1941 ਈ. ਨੂੰ ਹੁਣ ਵਾਲੇ ਪਾਕਿਸਤਾਨ ਦੇ ਪੰਜਾਬ ਪ੍ਰਾਂਤ ਦੇ, ਜ਼ਿਲ੍ਹਾ ਗੁਜਰਾਂਵਾਲਾ ਦੇ ਕਾਮੋਕੇ ਥਾਣੇ ਦੇ ਪਿੰਡ ਰਾਜਾ ਵਿਚ ਹੋਇਆ। ਪਿਤਾ ਦਾ ਨਾਮ ਸੰਤ ਸਰਦੂਲ ਸਿੰਘ ਅਤੇ ਮਾਤਾ ਦਾ ਨਾਮ, ਬੀਬੀ ਕਰਤਾਰ ਕੌਰ, ਸੀ ਜੋ ਲਾਗੇ ਚਾਗੇ ਦੇ ਪਿੰਡ ਮਾਂਗਟ ਦੇ ਇਕ ਸੇਠ ਪਰਵਾਰ ਦੀ ਧੀ ਸੀ। ਉਸ ਸਮੇਂ ਪਿੰਡਾਂ ਵਿਚ ਵਣਜ ਵਪਾਰ ਕਰਨ ਵਾਲੇ ਪਰਵਾਰ, ਸੇਠ ਪਰਵਾਰ ਅਖਵਾਉਂਦੇ ਸਨ। ਸੰਤ ਸਰਦੂਲ ਸਿੰਘ ਜੀ ਵੀ ਗੁਰਬਾਣੀ ਅਤੇ ਧਾਰਮਿਕ ਗਰੰਥਾਂ ਦੇ ਚੰਗੇ ਗਿਆਤਾ ਸਨ। ਪਰ ਮਾਸਟਰ ਜੀ ਦੇ ਦਾਦਾ ਜੀ ਮਹੰਤ ਕੇਸਰ ਸਿੰਘ ਜੀ, ਸਤਿਗੁਰੂ ਪਰਤਾਪ ਸਿੰਘ ਜੀ ਤੋਂ ਵਰੋਸਾਏ ਸਨ ਅਤੇ ਗੁਜਰਾਂਵਾਲਾ

ਜ਼ਿਲ੍ਹੇ ਦੇ ਕਾਮੋਕੇ ਥਾਣੇ ਦੇ 30-32 ਪਿੰਡਾਂ ਵਿਚ ਨਾਮਧਾਰੀ ਪੰਥ ਦੇ ਪਰਚਾਰ ਪਰਸਾਰ ਵਿਚ ਸਰਗਰਮ ਰਹਿੰਦੇ ਸਨ। ਮਹੰਤ ਜੀ ਦੇ ਉੱਦਮ ਸਦਕਾ ਹੀ ਰਾਜੇ ਪਿੰਡ ਦੇ ਇਕ ਵੱਡੀ ਮਾਲਕੀ ਵਾਲੇ ਵਿਰਕ ਪਰਵਾਰ ਦੇ ਮੁਖੀ ਸੋਹਨ ਸਿੰਘ ਨੇ ਮਹੰਤ ਜੀ ਤੋਂ ਨਾਮ ਦੀਖਿਆ ਲਈ ਅਤੇ ਇਲਾਕਾ ਭਰ ਵਿਚੋਂ ਆਉਣ ਵਾਲੀ ਨਾਮਧਾਰੀ ਸੰਗਤ ਦੇ ਸੋਹਨ ਸਿੰਘ ਹੋਰੀਂ ਮੇਜ਼ਬਾਨ ਹੁੰਦੇ। ਵੰਡ ਤੋਂ ਬਾਅਦ ਉਹਨਾਂ ਦਾ ਪਰਵਾਰ, ਵਿਚਕਾਰਲੇ ਲੜਕੇ ਡਾ. ਜਸਵੰਤ ਸਿੰਘ ਰਾਜ ਸਮੇਤ, ਅੰਮ੍ਰਿਤਸਰ ਕਲਾਂ ਤਹਿਸੀਲ ਸਿਰਸਾ ਜ਼ਿਲ੍ਹਾ ਹਿਸਾਰ ਵਿਚ ਆਬਾਦ ਹੋਏ। ਮਹੰਤ ਜੀ ਦਾ ਸਪੁੱਤਰ ਸਰਦੂਲ ਸਿੰਘ ਅੰਮ੍ਰਿਤਸਰ ਖੁਰਦ ਵਿੱਚ ਟਿਕ ਗਿਆ। ਮਾਸਟਰ ਜੀ ਤੋਂ ਛੋਟੇ ਤਿੰਨ ਭਾਈ ਜਗਤਾਰ ਸਿੰਘ, ਰਤਨ ਸਿੰਘ ਅਤੇ ਬਲਵਿੰਦਰ ਸਿੰਘ ਇਸੇ ਅੰਮ੍ਰਿਤਸਰ ਖੁਰਦ (ਛੋਟੇ ਅਮਰਾਸਰ) ਵਿਚ ਰਹਿੰਦੇ ਹਨ। ਮਸਾਟਰ ਜੀ ਦੀਆਂ ਤਿੰਨ ਭੈਣਾਂ ਹਨ। ਬੀਬੀ ਜਗੀਰ ਕੌਰ ਸੰਤ ਨਗਰ ਦੇ ਕਰਨੈਲ ਸਿੰਘ ਨਾਲ, ਭਜਨ ਕੌਰ ਇੱਥੋਂ ਦੇ ਹੀ ਸੁਵਰਨ ਸਿੰਘ ਨਾਲ ਅਤੇ ਸੁਵਰਨ ਕੌਰ, ਛੋਟੇ ਅਮਰਾਸਰ ਦੇ ਮੁਖਤਿਆਰ ਸਿੰਘ ਨਾਲ ਵਿਆਹੀਆਂ ਹਨ। ਮਾਸਟਰ ਜੀ ਦੇ ਮਾਤਾ-ਪਿਤਾ 2008 ਈ. ਵਿਚ ਅਮਰਾਸਰ ਛੋਟੇ ਵਿਖੇ ਹੁਕਮ ਸੱਤ ਹੋਏ ਸਨ।

ਸੰਨ 1947 ਵਿਚ ਦੇਸ਼ ਦੇ ਬਟਵਾਰੇ ਸਮੇਂ ਮਾਸਟਰ ਜੀ ਦੇ ਪਰਿਵਾਰ ਦੇ ਜੀਅ ਬਹੁਤ ਕਠਿਨ ਹਾਲਾਤ ਵਿਚ ਹਿੰਦੁਸਤਾਨ ਪੁੱਜੇ ਸਨ। ਮਾਸਟਰ ਜੀ ਜੋ ਉਦੋਂ ਸਾਢੇ ਕੁ ਛੇ ਸਾਲਾਂ ਦੇ ਸਨ, ਆਪਣੇ ਦਾਦਾ ਜੀ ਨਾਲ ਸਿਰਸਾ ਸ਼ਹਿਰ ਵਿਖੇ ਰਹਿਣ ਲੱਗ ਪਏ ਸਨ। ਇੱਥੇ ਦਾਦਾ ਜੀ ਨੂੰ ਪਹਿਲਾ ਮਕਾਨ ਜੋ ਮਿਲਿਆ ਸਿਰਸਾ ਦੇ ਨਾਮਧਾਰੀ ਗੁਰਦੁਆਰੇ ਦੇ ਦੱਖਣ ਵਾਲੀ ਗਲੀ ਦੇ ਲਹਿੰਦੇ ਸਿਰੇ ਤੇ ਸੀ। ਫਿਰ ਇਸੇ ਗਲੀ ਦੇ ਚੜ੍ਹਦੇ ਸਿਰੇ, ਉਸ ਵੇਲੇ ਦੀ ਸਬਜ਼ੀ ਮੰਡੀ

Sri Satguru Jagjit Singh Ji Elibrary NamdhariElibrary@gmail.com

ਦੇ ਲਾਗੇ ਇਕ ਮਕਾਨ ਅਲਾਟ ਹੋ ਗਿਆ। ਮਾਸਟਰ ਜੀ ਦਾਦਾ ਜੀ ਨਾਲ ਕੋਈ ਦਸ ਸਾਲ ਉੱਥੇ ਰਹੇ। ਆਪ ਦੇ ਪਹਿਲੇ ਉਸਤਾਦ ਵੀ ਦਾਦਾ ਜੀ ਸਨ ਜਿਹਨਾਂ ਤੋਂ ਗੁਰਮੁਖੀ ਅੱਖਰ, ਗੁਰਬਾਣੀ ਦੇ ਗੁਟਕੇ ਦੀਆਂ ਬਾਣੀਆਂ ਦਾ ਪਾਠ ਸਿੱਖਿਆ ਅਤੇ ਰਤਾ ਵੱਡੇ ਹੋ ਕੇ, ਗੁਰਬਾਣੀ ਪਾਠ ਵੀ ਉਹਨਾਂ ਤੋਂ ਸਰਲ ਕਰ ਲਿਆ। ਛੇਤੀ ਹੀ ਆਰੀਆ ਹਾਈ ਸਕੂਲ, ਸਿਰਸਾ ਵਿਚ ਦਾਖਲ ਹੋ ਗਏ। ਪੜ੍ਹਾਈ ਦੇ ਨਾਲ ਨਾਲ ਪਰਵਾਰਿਕ ਕੰਮਾਂ ਵਿਚ ਵੀ ਹੱਥ ਵਟਾਉਂਦੇ ਅਤੇ 1958 ਵਿਚ ਆਪ ਨੇ ਉਸੇ ਸਕੂਲ ਤੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਮੈਟਰਿਕ ਦਾ ਇਮਤਿਹਾਨ ਪਾਸ ਕਰ ਲਿਆ। ਇਸ ਸਮੇਂ ਆਪ ਦੇ ਜਮਾਤੀ, ਮਹਿੰਦਰ ਸਿੰਘ ਨਾਗੀ ਅਤੇ ਮਾਸਟਰ ਬਲਦੇਵ ਸਿੰਘ ਬਰਾੜ ਦੱਸਦੇ ਹਨ ਕਿ ਆਪ ਬਹੁਤ ਹੀ ਸਾਊ, ਸੁਘੜ, ਮਿਹਨਤੀ, ਈਮਾਨਦਾਰ, ਮਿੱਠ ਬੋਲੜੇ ਅਤੇ ਮਿਲਾਪੜੇ, ਨਿੱਘੇ, ਕੋਮਲ ਸੁਭਾਉ ਵਾਲੇ ਵਿਦਿਆਰਥੀ ਸਨ। ਸਿਰਸਾ ਨਿਵਾਸ ਸਮੇਂ ਦਾਦਾ ਜੀ ਦੇ ਨਾਲ ਸੁਬਹਾ ਸਵਖਤੇ, ਆਸਾ ਦੀ ਵਾਰ ਦੇ ਕੀਰਤਨ ਵਿਚ ਅਤੇ ਸ਼ਾਮ ਦੇ ਦੀਵਾਨ ਵਿਚ ਵੀ ਨਾਮਧਾਰੀ ਗੁਰਦੁਆਰੇ ਆਪ ਹਾਜ਼ਰ ਹੋਇਆ ਕਰਦੇ ਸਨ। ਆਪ ਦੇ ਭਾਵੀ ਜੀਵਨ ਦੀ ਨੀਂਹ ਵੀ ਸਿਰਸਾ ਨਿਵਾਸ ਸਮੇਂ ਹੀ ਰੱਖੀ ਗਈ।

1958 ਵਿਚ ਦਸਵੀਂ ਪਾਸ ਕਰਦਿਆਂ ਹੀ ਆਪ ਜੀ ਦਾ ਅਨੰਦ ਕਾਰਜ ਦਾਦਾ ਜੀ ਦੀ ਨਿਗਰਾਨੀ ਹੇਠ, ਸੰਤ ਨਗਰ ਵੱਸਦੇ ਸੇਠ ਪਰਵਾਰ ਦੀ ਸਪੁੱਤਰੀ ਬੀਬੀ ਗੁਰਚਰਨ ਕੌਰ ਨਾਲ ਹੋਇਆ। ਬੀਬੀ ਦੇ ਪਿਤਾ, ਸੇਠ ਪ੍ਰੀਤਮ ਸਿੰਘ, ਪਿੰਡ ਵਰਨ (ਸ਼ੇਖੂਪੁਰਾ) ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ, ਸ੍ਰੀ ਭੈਣੀ ਸਾਹਿਬ ਦੀ ਪਰਬੰਧਕੀ ਟੀਮ ਦੇ ਲੇਖਾਕਾਰ ਅਤੇ ਸਤਿਗੁਰੂ ਜੀ ਦੇ ਵਿਸ਼ਵਾਸ ਪਾਤਰ ਸਿੱਖ ਸਨ। ਅਨੰਦ ਕਾਰਜ ਤੋਂ ਬਾਅਦ ਮਾਸਟਰ ਜੀ ਸੰਤ ਨਗਰ ਆ ਵੱਸੇ ਕਿਉਂਕਿ ਇਸੇ ਸਾਲ ਹੀ ਦਾਦਾ ਜੀ ਵੀ ਹੁਕਮ ਸੱਤ ਹੋ ਗਏ ਸਨ। ਮਾਸਟਰ ਜੀ ਨੇ ਕੁਝ ਸਮਾਂ ਕੱਪੜਾ ਵੇਚਣ ਦਾ ਕੰਮ ਕੀਤਾ। ਫਿਰ ਪਰਵਾਰ ਨੇ ਇਕ ਟਰੱਕ ਲੈ ਲਿਆ, ਉਸ ਨਾਲ ਕੁਝ ਸਮਾਂ ਨਿਗਰਾਨ ਵਜੋਂ ਰਹੇ। 1960 ਈ. ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਗੱਦੀ ਨਸ਼ੀਨ ਹੋਣ ਤੋਂ ਅਗਲੇ ਸਾਲ, ਸ੍ਰੀ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਸ੍ਰੀ ਜੀਵਨ ਨਗਰ, ਵਿਖੇ ਆਪ ਸਕੂਲ ਅਧਿਆਪਕ ਬਣ ਗਏ। ਅੱਠਵੀਂ ਜਮਾਤ ਨੂੰ ਹਿਸਾਬ ਪੜ੍ਹਾਉਂਦੇ ਅਤੇ ਬਾਕੀ ਸਾਰੀਆਂ ਜਮਾਤਾਂ ਨੂੰ ਧਾਰਮਿਕ ਸਿੱਖਿਆ ਦੇਣੀ ਆਪ ਦੇ ਜ਼ਿੰਮੇ ਸੀ। ਲਗਾਤਾਰ 32 ਸਾਲ ਮਾਸਟਰ ਜੀ ਨੇ ਵਿਦਿਆਲੇ ਵਿਚ ਸੇਵਾ ਕੀਤੀ। ਨਾਮਧਾਰੀਆਂ ਦੀਆਂ ਤਿੰਨ ਪੀੜ੍ਹੀਆਂ ਮਾਸਟਰ ਜੀ ਤੋਂ ਸਿੱਖਿਅਤ ਹੋਈਆਂ।

1992 ਈ. ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਆਪ ਨੇ ਆਪਣਾ ਡੇਰਾ ਸ੍ਰੀ ਭੈਣੀ ਸਾਹਿਬ ਲਾ ਲਿਆ। ਇੱਥੇ ਸਤਿਗੁਰੂ ਪਰਤਾਪ ਸਿੰਘ ਅਕਾਦਮੀ ਦੇ ਬੱਚਿਆਂ ਨੂੰ ਵੀ ਧਾਰਮਿਕ ਸਿੱਖਿਆ ਵਿਚ ਨਿਪੁੰਨ ਕੀਤਾ। ਭੈਣੀ ਸਾਹਿਬ ਅਕਾਦਮੀ ਦੇ ਬੱਚਿਆਂ ਨੂੰ ਸ਼ੁੱਧ ਸਰਲ ਗੁਰਬਾਣੀ ਪਾਠ, ਦੀਵਾਨ ਅਤੇ ਆਸਾ ਦਾ ਵਾਰਾ ਲਾਉਣਾ, ਕਵੀਸ਼ਰੀ ਕਰਨੀ, ਭਾਸ਼ਣ ਪ੍ਰਤੀਯੋਗਤਾ ਦੀ ਤਿਆਰੀ ਸਿਖਾਈ। ਸਤਿਗੁਰੂ ਜੀ ਆਪ ਨਾਲ ਹਾਸ ਵਿਨੋਦ ਕਰਦੇ ਰਹਿੰਦੇ। ਇਸੇ ਕਾਰਨ ਆਪ ਨੇ ਪੂਰੇ 27 ਵਰ੍ਹੇ ਸ੍ਰੀ ਭੈਣੀ ਸਾਹਿਬ ਬਤੀਤ ਕੀਤੇ। ਸਿਹਤ ਬਹੁਤ ਵਧੀਆ ਸੀ। ਅਚਾਨਕ ਚੌਂਕ ਕਰਨ ਤੇ ਦਿਲ ਦੀਆਂ ਤਿੰਨੇ ਨਾੜੀਆਂ ਰੁਕੀਆਂ ਸਨ। ਪਾਰਸ ਹਸਪਤਾਲ ਪੰਚਕੂਲੇ ਦਿਲ ਦਾ ਉਪਰੇਸ਼ਨ ਹੋ ਗਿਆ। ਪਰ ਹਾਲਤ ਵਿਗੜਦੀ ਗਈ।31 ਜੁਲਾਈ 2019 ਨੂੰ ਰਾਤ ਹਸਪਤਾਲ ਵਿਚ ਹੀ ਆਖਰੀ ਸਾਹ ਲਿਆ। ਦੇਸਾਂ ਵਿਦੇਸ਼ਾਂ ਦੀ ਨਾਮਧਾਰੀ ਸੰਗਤ ਵਿਚ ਸੋਗ ਦੀ ਲਹਿਰ ਦੌੜ ਗਈ। ਸ੍ਰੀ ਸਤਿਗੁਰੂ ਉਦੈ ਸਿੰਘ ਜੀ ਆਪ ਨੂੰ ਹਸਪਤਾਲ ਵਿਖੇ ਦਰਸ਼ਨ ਦੇ ਕੇ ਆਏ ਸਨ। ਹਜ਼ੂਰ ਬੈਂਕਾਕ ਸਨ। ਉਹਨਾਂ ਦੇ ਹੁਕਮ ਅਨੁਸਾਰ, 1 ਅਗਸਤ ਨੂੰ ਸ਼ਾਮ 4 ਵਜੇ, ਸੰਗਤਾਂ ਦੇ ਭਾਰੀ ਇਕੱਠ ਵਿਚ, ਮਾਸਟਰ ਜੀ ਦਾ ਅੰਤਿਮ ਸੰਸਕਾਰ ਸ੍ਰੀ ਭੈਣੀ ਸਾਹਿਬ ਦੀ ਭਾਪੋ ਭੂਮੀ ਵਿਚ ਹੋਇਆ ਜੋ ਮਾਸਟਰ ਜੀ ਦੀ ਕਰਮ ਭੂਮੀ ਹੋ ਨਿੱਬੜੀ ਸੀ।

ਮਾਸਟਰ ਜੀ ਦੀ ਧਰਮ ਪਤਨੀ ਬੀਬੀ ਗੁਰਚਰਨ ਕੌਰ, 2005 ਈ. ਵਿਚ ਚਲਾਣਾ ਕਰ ਗਈ ਸੀ। ਸੰਤਾਨ ਵਜੋਂ ਆਪ ਦੇ ਘਰ ਦੋ ਸਪੁੱਤਰੀਆਂ ਅਤੇ ਚਾਰ ਸਪੁੱਤਰਾਂ ਨੇ ਜਨਮ ਲਿਆ। ਵੱਡਾ ਸਪੁੱਤਰ ਕੁਲਦੀਪ ਸਿੰਘ, ਉਸ ਤੋਂ ਛੋਟਾ ਹਰਦੀਪ ਸਿੰਘ, 2018 ਵਿਚ ਚੱਲ ਵੱਸਿਆ ਸੀ, ਤੀਜੇ ਨੰਬਰ ਵਾਲਾ ਹੀਰਾ ਸਿੰਘ ਚੰਡੀਗੜ੍ਹ ਪੁਲਿਸ ਵਿਚ ਹੈ। ਸਭ ਤੋਂ ਛੋਟਾ ਗੁਰਦੇਵ ਸਿੰਘ ਤੇ ਵੱਡਾ ਕੁਲਦੀਪ ਸਿੰਘ ਦੋਵੇਂ ਸੰਤ ਨਗਰ ਰਹਿੰਦੇ ਹਨ। ਵੱਡੀ ਸਪੁੱਤਰੀ ਜਸਬੀਰ ਕੌਰ, ਗੁਰਨਾਮ ਸਿੰਘ ਸਪੁੱਤਰ ਸੰਤ ਦੈਆ ਸਿੰਘ ਸੰਤ ਨਗਰ ਨਾਲ ਅਤੇ ਛੋਟੀ ਸੁਖਬੀਰ ਕੌਰ ਵੀ ਉਸੇ ਘਰ ਵਿਚ ਗੁਰਨਾਮ ਸਿੰਘ ਦੇ ਛੋਟੇ ਭਾਈ ਸੁਖਦੇਵ ਸਿੰਘ ਨਾਲ ਵਿਆਹੀ ਹੈ। ਵੱਡੀ ਸਪੁੱਤਰੀ ਦੇ ਲੜਕੇ, ਦੀਦਾਰ ਸਿੰਘ ਹਾਕੀ ਦੇ ਇੰਟਰਨੈਸ਼ਨਲ ਪੱਧਰ ਦੇ ਖਿਡਾਰੀ ਹਨ ਅਤੇ ਛੋਟੇ ਸਰਦਾਰ ਸਿੰਘ ਹਾਕੀ ਦੇ ਉਲੰਪੀਅਨ ਅਤੇ ਭਾਰਤੀ ਟੀਮ ਦੇ ਕਪਤਾਨ ਰਹਿ ਚੁੱਕੇ ਹਨ। ਮਾਸਟਰ ਜੀ ਦੇ ਇਹ ਦੋਵੇਂ ਦੋਹਤਰੇ ਚੰਗੀਆਂ ਅਹੁਦੇਦਾਰੀਆਂ ਤੇ ਹਨ। ਆਪਣੇ ਪਰਵਾਰ ਦੇ ਇਸ ਸਰਬਪੱਖੀ ਵਿਕਾਸ ਨੂੰ ਮਾਸਟਰ ਜੀ ਹਮੇਸ਼ਾਂ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖਸ਼ਿਸ਼ਾਂ ਨਾਲ ਜੋੜ ਕੇ ਵੇਖਿਆ ਕਰਦੇ ਸਨ। ਮਾਸਟਰ ਜੀ ਦੇ ਪਰਵਾਰ ਦੇ ਕਈ ਬੱਚੇ ਬੱਚੀਆਂ ਵਿਦੇਸ਼ਾਂ ਵਿਚ ਵੀ ਸੈੱਟ ਹੋ ਚੁੱਕੇ ਹਨ।

ਅਧਿਆਪਕ ਸਮਾਜ ਦਾ ਨਿਰਮਾਤਾ ਹੁੰਦਾ ਹੈ। ਸਦਾਚਾਰ ਅਤੇ ਧਰਮ ਸਿੱਖਿਆ ਵਿਚ ਬੱਚੇ ਨੂੰ ਪਰਪੱਕ ਕਰਨ ਵਾਲੇ ਅਧਿਆਪਕ, ਸਾਡੀ ਨਵੀਂ ਪਨੀਰੀ ਨੂੰ ਮਜ਼ਬੂਤ ਜੜ੍ਹਾਂ ਪਰਦਾਨ ਕਰਨ ਦਾ ਕੰਮ ਕਰਦੇ ਹਨ। ਗੁਰਬਾਣੀ ਪਾਠਨ-ਪਠਨ ਨਾਲ ਉਮਰ ਭਰ ਜੁੜੇ ਰਹਿਣ ਵਾਲੇ ਮਾਸਟਰ ਜੀ, ਜਗਿਆਸੂਆਂ ਦੇ

Sri Satguru Jagjit Singh Ji Elibrary NamdhariElibrary@gmail.com

ਅਨੇਕ ਸ਼ੰਕਿਆਂ ਦਾ ਸਮਾਧਾਨ ਕਰਨ ਦੇ ਸਮਰੱਥ ਸਨ। ਉਹਨਾਂ ਨੂੰ ਬਹੁਤ ਗੁਰਬਾਣੀ ਹਿਫਜ਼ ਹੋ ਚੁੱਕੀ ਸੀ। ਉਹ ਆਪਣੇ ਆਪ ਵਿਚ ਸ਼ੁੱਧ ਗੁਰਬਾਣੀ ਪਾਠ ਦਾ ਪ੍ਰਤੀਮਾਨ ਸਥਾਪਿਤ ਹੋ ਚੁੱਕੇ ਸਨ। ਸਿੱਖ ਮੱਤ ਵਿਚ ਸਾਰੇ ਗੁਰੂ ਸਾਹਿਬਾਨ ਹੀ ਸ਼ੁੱਧ ਗੁਰਬਾਣੀ ਉਚਾਰਨ ਦਾ ਹੁਕਮ ਦਿੰਦੇ ਸਨ ਕਿਉਂਕਿ ਮਾਮੂਲੀ ਲਗ ਮਾਤਰਾ ਦੇ ਭੇਦ ਨਾਲ ਅਰਥ ਦਾ ਅਨਰਥ ਹੋ ਸਕਦਾ ਹੈ। ਸਿੱਖ ਜੀਵਨ ਜਾਚ ਦਾ ਧੁਰਾ ਆਪਣੇ ਸਤਿਗੁਰੂ ਦੇ ਹੁਕਮ ਅਨੁਸਾਰ ਨਾਮ ਬਾਣੀ ਦਾ ਉਚਾਰਨ ਅਤੇ ਗੁਰਮਤਿ ਅਨੁਸਾਰੀ ਜੀਵਨ ਹੈ। ਮਾਸਟਰ ਜੀ ਆਪਣੇ ਦੁਆਰਾ ਨਿਬਾਹੀਆਂ ਵੱਡ ਮੁੱਲੀਆਂ ਸੇਵਾਵਾਂ ਸਦਕਾ, ਨਾਮਧਾਰੀ ਜਗਤ ਦੀਆਂ ਸਤਿਕਾਰਿਤ ਹਸਤੀਆਂ ਜਿਉਂ, ਸਾਡੇ ਚੇਤਿਆਂ ਵਿਚ ਵੱਸਦੇ ਰਹਿਣਗੇ। ਉਹਨਾਂ ਦੁਆਰਾ ਨਾਮਧਾਰੀਆਂ ਦੀ ਪਰੰਪਰਾਗਤ ਵਾਰਾ ਸ਼ੈਲੀ ਵਿਚ ਕੀਤਾ ਆਸਾ ਜੀ ਦੀ ਵਾਰ ਦਾ ਕੀਰਤਨ ਵੀ ਅਕਸਰ ਯਾਦ ਆਇਆ ਕਰੇਗਾ। ਦੁਨੀਆ ਭਰ ਵਿਚ ਫੈਲੇ ਮਾਸਟਰ ਜੀ ਦੇ ਵਿਦਿਆਰਥੀਆਂ, ਸਰੋਤਿਆਂ, ਸੁਭ ਚਿੰਤਕਾਂ, ਸੱਜਣਾਂ ਮਿੱਤਰਾਂ ਅਤੇ ਚਾਹੁਣ ਵਾਲਿਆਂ ਨਾਲ, ਉਹਨਾਂ ਦੇ ਝੱਟ ਪੱਟ ਸਿਰ ਆ ਪਏ ਵਿਛੋੜੇ ਦੇ ਗ਼ਮ ਵਿਚ ਅਸੀਂ ਵੀ ਸ਼ਰੀਕ ਹੁੰਦੇ ਹੋਏ ਅਰਦਾਸ ਕਰਦੇ ਹਾਂ ਕਿ ਉਹਨਾਂ ਦੁਆਰਾ ਛੱਡੀ ਥਾਂ ਭਰਨ ਲਈ ਗੁਣੀ ਸੱਜਣ ਅੱਗੇ ਆਉਂਦੇ ਰਹਿਣ।

ਕਰੀਵਾਲਾ (ਸਿਰਸਾ)

ਸੰਪਰਕ 99963-71716

ਮਾਸਟਰ ਦਰਸਨ ਸਿੰਘ

ਵਿੱਚ ਅਕਾਸ਼ੀ ਬਹੁਤ ਨੇ ਤਾਰੇ , ਪਰ ਚੱਮਕੀਲਾ ਤਾਰਾ ਕੋਈ ਕੋਈ।
ਗੁਰਾਂ ਦੇ ਸਿੱਖ ਬਹੁਤ ਨੇ ਜੱਗ ਤੇ, ਸਤਿਗੁਰ ਨੂੰ ਪਿਆਰਾ ਕੋਈ ਕੋਈ।
ਜੱਗ ਤੇ ਜੀਂਦੇ ਆ ਕੇ ਸਾਰੇ, ਜੀਣਾ ਜਾਣੇ ਤੋੜ ਨਿਭਾਵੇ ਕੋਈ ਕੋਈ ।
ਦਾਨੀ ਜੱਗ ਤੇ ਬਹੁਤ ਨੇ ਹੋਏ, ਪਰ ਵਿਦਿਆ ਦਾ ਦਾਨੀ ਕੋਈ ਕੋਈ ।
ਮਾਸਟਰ ਦਰਸਨ ਸਿੰਘ ਸੀ ਇਨਸਾਨ, ਜਿਸ ਵਿਚ ਵਸਦਾ ਸੀ ਭਗਵਾਨ।
ਉਚੀ ਵਿਦਿਆ ਨੀਵਾ ਮਨ, ਹਰ ਦੱਮ ਰਹਿੰਦੇ ਸੀ ਉਹ ਪ੍ਰਸੰਨ ।
ਰਖੀ ਗੁਰ ਨਾਲ ਡੋਰੀ ਤਾਣ, ਉਚੀ ਸੋਚ ਸੀ ਮਨ ਨਿਰਮਾਣ ।
ਗੁਰ ਚਰਨਾਂ ਨਾਲ ਉਸ ਦਾ ਪਿਆਰ,ਸੇਵਾ ਲਈ ਸੀ ਸਦਾ ਤਿਆਰ।
ਕੋਈ ਨਾ ਉਸ ਵਰਗਾ ਵਿਦਵਾਨ, ਖੁਸ਼ ਕੀਤਾ ਜਿਸ ਭਗਵਾਨ ।
ਗੁਰ ਜਗਜੀਤ ਦਾ ਸੀ ਪਿਆਰਾ,ਉਨ੍ਹਾ ਬਖਸ਼ਿਆ ਸੀ ਭੰਡਾਰਾ ।
ਉਸ ਨੂੰ ਇਹ ਵਰਤਾਵਣ ਵਾਲਾ, ਹਰ ਅੱਖਰ ਸਮਝਾਵਨ ਵਾਲਾ।
ਜਦ ਵੀ ਕੋਈ ਸਵਾਲ ਸੀ ਪਾਉਂਦੇ, ਝੱਟ ਪੱਟ ਹੀ ਸੀ ਸਮਝਾਉਂਦੇ।
ਇਹ ਸੀ ਵਿਦਿਆ ਸੁਲਤਾਨ, ਬਹੁਤ ਸਾਨੂੰ ਸੀ ਇਸ ਤੇ ਮਾਣ ।
ਜਦ ਸੁਣਿਆ ਤੁਰ ਗਿਆ ਇਹ ਹੀਰਾ, ਭੁਲ ਗਿਆ ਪਾਣੀ ਪੀਣਾ।
ਮੁਖੜੇ ਹੈ ਸਨ ਸਭ ਚੁਪ ਚੁਪੀਤੇ, ਯਾਦ ਆਏ ਦਿਨ ਉਹ ਬੀਤੇ ।
ਗੱਲਾਂ ਕਰਦੇ ਸੀ ਜਦ ਮਿਲ ਕੇ, ਨਿਕਲ ਜਾਂਦੇ ਭੁਲੇਖੇ ਦਿਲ ਦੇ ।
ਸਤਿਗੁਰ ਹੁਣ ਵੀ ਕ੍ਰਿਪਾ ਕਰੀਂ , ਐਸੇ ਹੋਰ ਵਿਦਵਾਨ ਤੂੰ ਦੇਈਂ ॥

-ਹਰਭਜਨ ਕੌਰ ਚਾਨਾ

ਨਾਮਧਾਰੀ ਪੰਜਾਬੀ ਸਾਹਿਤ ਸਭਾ ਦੀ ਮਾਸਿਕ ਮੀਟਿੰਗ

10 -8-2019 ਨੂੰ ਨਾਮਧਾਰੀ ਪੰਜਾਬੀ ਸਾਹਿਤ ਸਭਾ ਦੀ ਮਾਸਿਕ ਮੀਟਿੰਗ ਸ੍ਰੀ ਲਖਵਿੰਦਰ ਸਿੰਘ ਬਾਜਵਾ ਦੀ ਪ੍ਰਧਾਨਗੀ ਹੇਠ ਸ੍ਰੀ ਮਸਤਾਨ ਗੜ੍ਹ ਵਿਖੇ ਹੋਈ ।ਜਿਸ ਵਿੱਚ ਸਾਹਿਤ ਸਭਾ ਦੇ ਵਿਸ਼ੇਸ਼ ਕਾਰਜਾਂ ਬਾਰੇ ਵਿਚਾਰ ਕੀਤਾ ਗਿਆ ।ਪੰਜਾਬੀ ਮਾਂ ਬੋਲੀ ਲਈ ਸਭਾ ਦੇ ਯੋਗਦਾਨ ਤੇ ਚਰਚਾ ਕੀਤੀ ਗਈ ਅਤੇ ਅੱਗੋਂ ਵੀ ਏਸੇ ਤਰ੍ਹਾਂ ਮਾਂ ਬੋਲੀ ਦੀ ਚੜ੍ਹਦੀ ਕਲਾ ਲਈ ਯਤਨਸ਼ੀਲ ਰਹਿਣ ਦਾ ਪ੍ਰਣ ਲਿਆ ਗਿਆ।ਮੀਟਿੰਗ ਵਿੱਚ ਪਹੁੰਚੇ ਸਾਰੇ ਸਾਹਿਤਕਾਰਾਂ ਨੇ ਵੱਖ ਵੱਖ ਵਿਸ਼ਿਆਂ ਤੇ ਆਪਣੀ ਰਚਨਾਵਾਂ ਪੜ੍ਹੀਆਂ।

ਸਭਾ ਵਲੋਂ ਮਾਸਟਰ ਦਰਸ਼ਨ ਸਿੰਘ ਜੀ ਅਤੇ ਸ ਮਹਿੰਦਰ ਸਿੰਘ ਬੱਲ ਦੇ ਚਲੇ ਜਾਣ ਤੇ ਸਭਾ ਵੱਲੋਂ ਡੂੰਘੇ ਦੁੱਖ ਤੇ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ ।ਮਾਸਟਰ ਜੀ ਅਤੇ ਬੱਲ ਸਾਹਬ ਦੇ ਵਿਛੋੜੇ ਨਾਲ ਨਾਮਧਾਰੀ ਪੰਥ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸਤਿਗੁਰੂ ਜੀ ਉਹਨਾਂ ਦੀ ਜੀਵ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ । ਪਿੱਛੇ ਪਰਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ।

ਦੋ ਮਿੰਟ ਦਾ ਮੌਨ ਧਾਰ ਕੇ ਵਿਛੜੀਆਂ ਆਤਮਾਵਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ ।

ਲਖਵਿੰਦਰ ਸਿੰਘ ਬਾਜਵਾ

ਪ੍ਰਧਾਨ ਨਾਮਧਾਰੀ ਪੰਜਾਬੀ ਸਾਹਿਤ ਸਭਾ

ਸ੍ਰੀ ਜੀਵਨ ਨਗਰ

Sri Satguru Jagjit Singh Ji Elibrary NamdhariElibrary@gmail.com

ਮਾਸਟਰ ਦਰਸ਼ਨ ਸਿੰਘ ਜੀ
ਇਕ ਅਭੁੱਲ ਯਾਦ

–ਕਿਰਪਾਲ ਸਿੰਘ ਚਾਨਾ, ਯੂ.ਕੇ.



ਮਾਸਟਰ ਦਰਸ਼ਨ ਸਿੰਘ ਜੀ ਇਕ ਐਸੀ ਸ਼ਖਸੀਅਤ ਸਨ ਜਿਨ੍ਹਾਂ ਦੇ ਸੰਪਰਕ ਨਾਲ ਖਾਸ ਕਰਕੇ ਮੇਰੀ ਸੋਚ ਅਤੇ ਜੀਵਨ ਉੱਤੇ ਬਹੁਤ ਪ੍ਰਭਾਵ ਪਿਆ ਹੈ। ੨੦੦੪ ਵਿਚ ਮੇਰੇ ਪਿਤਾ ਸੰਤ ਹਰਬੰਸ ਸਿੰਘ ਚਾਨਾ (ਪ੍ਰਦੇਸੀ) ਜੀ ਦੇ ਅਕਾਲ ਚਲਾਨਾ ਕਰਨ ਤੋਂ ਬਾਅਦ ਮੇਰੀ ਜਿੰਦਗੀ ਵਿਚ ਇਕ ਖਲਾਅ (Vacuum) ਜਿਹਾ ਸੀ, ਸੋਚਦਾ ਸੀ ਕਿ ਹੁਣ ਕਿਸ ਦੇ ਨਾਲ ਆਪਣੇ ਦਿਲ ਦੀ, ਆਪਣੇ ਕੰਮ ਕਾਰ ਦੀ, ਆਪਣੇ ਧਰਮ ਦੀ ਗੱਲ ਕਰਾਂ। ਪਰ ਸਤਿਗੁਰੂ ਜੀ ਨੇ ਇਹ ਘਾਟਾ ਮਾਸਟਰ ਦਰਸ਼ਨ ਸਿੰਘ ਜੀ ਦੇ ਰੂਪ ਵਿਚ ਪੂਰਾ ਕੀਤਾ।

ਵੈਸੇ ਤਾਂ ਜਦੋਂ ਵੀ ਸ੍ਰੀ ਭੈਣੀ ਸਾਹਿਬ ਜਾਈਦਾ ਸੀ, ਮਾਸਟਰ ਜੀ ਨਾਲ ਗੱਲਬਾਤ ਕਰਨ ਦਾ ਮੌਕਾ ਪ੍ਰਾਪਤ ਹੁੰਦਾ ਸੀ, ਉਨ੍ਹਾਂ ਦਾ ਦੀਵਾਨ ਦੇ ਦੌਰਾਨ ਸ੍ਰੀ ਸਤਿਗੁਰੂ ਜੀ ਦੇ ਬਿਲਕੁਲ ਨਜ਼ਦੀਕ ਬੈਠਿਆਂ ਦੇ ਦਰਸ਼ਨ ਕਰਦੇ ਸੀ, ਪਰ ੨੦੦੬ ਵਿਚ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਨੁਸਾਰ ਉਹ ਮੇਰੇ ਕੋਲ ਆਏ, ਸਿਰਫ ਇਕ ਮਕਸਦ ਸੀ ਕਿ ਗੁਰਬਾਣੀ ਦੀ ਰਿਕਾਰਡਿੰਗ ਕੀਤੀ ਜਾਵੇ। ਇਹ ਮੇਰੇ ਲਈ ਬਹੁਤ ਹੀ ਵੱਡੇ ਸੁਭਾਗ ਦਾ ਅਵਸਰ ਸੀ, ਕਿ ਮੈਨੂੰ ਹੀ ਇਸ ਮਹਾਨ ਕਾਰਜ ਲਈ ਚੁਣਿਆ ਗਿਆ। ਮੈਂ ਇਸ ਦੇ ਕਾਬਲ ਨਹੀਂ ਸੀ ਪਰ ਜਦੋਂ ਸ੍ਰੀ ਸਤਿਗੁਰੂ ਜੀ ਦੀ ਮੇਹਰ ਦਾ ਹੱਥ ਸਿਰ ਤੇ ਹੋਵੇ ਤਾਂ ਕੋਈ ਵੀ ਕਾਰਜ ਨਹੀਂ ਜੋ ਸੰਭਵ ਨਾ ਹੋਵੇ। ਮੇਰੀ ਇਸ ਕਾਰਜ ਲਈ ਕੋਈ ਤਿਆਰੀ ਨਹੀਂ ਸੀ, ਪਰ ਫੇਰ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਉੱਤੇ ਅਰਦਾਸ ਕਰਕੇ ਇਹ ਕਾਰਜ ਸ਼ੁਰੂ ਕਰ ਦਿਤਾ।

ਮੇਰੇ ਪਿਤਾ ਜੀ ਨੇ ਘਰ ਵਿਚ ਹੀ ਪਿਛਲੇ ਪਾਸੇ ਇਕ ਖਾਸ ਕਮਰਾ ਪਾਠ ਕਰਨ ਵਾਸਤੇ ਬਣਾਇਆ ਹੋਇਆ ਸੀ, ਅਤੇ ਸ੍ਰੀ ਆਦਿ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਦੀਆਂ ਬੀੜਾਂ ਵੀ ਉਸੇ ਕਮਰੇ ਵਿਚ ਬਹੁਤ ਸਤਿਕਾਰ ਨਾਲ ਰਖਦੇ ਸਨ। ਉਹ ਹਰ ਰੋਜ਼ ਸਵੇਰੇ ਸ਼ਾਮ ਪਾਠ ਕਰਿਆ ਕਰਦੇ ਸਨ। ਰਿਕਾਰਡਿੰਗ ਦੇ ਵਾਸਤੇ ਉਹ ਕਮਰਾ ਹੀ ਵਰਤਿਆ ਗਿਆ। ਮੇਰੇ ਕੋਲ ਆਦਿ ਗ੍ਰੰਥ ਸਾਹਿਬ ਦੀਆਂ ਸੈਂਚੀਆਂ ਵੀ ਸਨ, ਉਹ ਵੀ ਇਸ ਕਾਰਜ ਵਿਚ ਵਰਤੀਆਂ ਗਈਆਂ।

ਰਿਕਾਰਡਿੰਗ ਦਾ ਕਾਰਜ ਇਕ ਸਹਿਜ ਪਾਠ ਵਾਂਗੂ ਕੀਤਾ ਗਿਆ। ਵਾਕ ਲੈ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਉੱਤੇ ਅਰਦਾਸ ਕਰਕੇ ਇਹ ਕਾਰਜ ਸ਼ੁਰੂ ਕਰ ਦਿੱਤਾ। ਸ੍ਰੀ ਆਦਿ ਗ੍ਰੰਥ ਸਾਹਿਬ ਤੋਂ ਜਪੁਜੀ ਸਾਹਿਬ ਦਾ ਪਾਠ ਰਿਕਾਰਡ ਕੀਤਾ ਗਿਆ। ਉਸ ਨੂੰ ਕੰਪਿਊਟਰ ਤੇ ਤਿਆਰ ਕਰਕੇ ਉਹ ਪਾਠ ਮਾਸਟਰ ਜੀ ਨੂੰ ਸੁਣਾਇਆ। ਉਸ ਤੋਂ ਮਾਸਟਰ ਜੀ ਨੇ ਜੋ ਮਹਿਸੂਸ ਕੀਤਾ, ਉਹ ਸਾਡੇ ਲਈ ਇਕ ਮਿਕਦਾਰ ਬਣ ਗਿਆ। ਮਾਸਟਰ ਜੀ ਨੂੰ editing ਬਾਰੇ ਦਸਿਆ ਕਿ ਕਿਸ ਤਰ੍ਹਾਂ ਅਜਕਲ ਅਵਾਜ਼ ਦੀ ਵੀ ਤਬਦੀਲੀ ਹੋ ਸਕਦੀ ਹੈ, ਕਿਸੇ ਵੀ ਊਣਤਾਈ ਨੂੰ ਸੁਧਾਰਿਆ ਜਾ ਸਕਦਾ ਹੈ। ਉਸ ਵੇਲੇ ਅਵਾਜ਼ ਦੀ ਲੈਅ ਅਤੇ ਰਫਤਾਰ ਦਾ ਵੀ ਇਕ ਸਤਰ ਕਾਇਮ ਕੀਤਾ ਗਿਆ, ਜੋ ਸਾਰੀ ਰਿਕਾਰਡਿੰਗ ਵਿਚ ਬਹੁਤ ਸਹਾਇਕ ਹੋਇਆ।

ਕੋਈ ਵੀ ਕਾਰਜ ਕਰਨ ਤੋਂ ਪਹਿਲਾਂ ਇਕ ਵਿਉਂਤਬੰਦੀ ਕੀਤੀ ਜਾਂਦੀ ਹੈ ਅਤੇ ਉਸੇ ਤਰਤੀਬ ਨਾਲ ਚਲਿਆ ਜਾਂਦਾ ਹੈ। ਅਗਰ ਕਾਰਜ ਦੇ ਵਿਚਕਾਰ ਜਾ ਕੇ ਕੁਛ ਬਦਲਿਆ ਜਾਵੇ ਤਾਂ ਸਾਰੇ ਕਾਰਜ ਤੇ ਅਸਰ ਹੁੰਦਾ ਹੈ ਅਤੇ ਕਈ ਬਾਰ ਉਹ ਕਾਰਜ ਮੁੱਢ ਤੋਂ ਫੇਰ ਸ਼ੁਰੂ ਕਰਨਾ ਪੈਂਦਾ ਹੈ। ਇਸ ਕਾਰਜ ਵਿਚ ਵੀ ਸਾਨੂੰ ਕਈ ਮੁਸ਼ਕਲਾਂ ਦਾ ਸਾਮਣਾ ਕਰਨਾ ਪਿਆ, ਪਰ ਮਾਸਟਰ ਜੀ ਦੀ ਦੂਰਦਰਸ਼ੀ ਅਤੇ ਸਮੇਂ ਸਿਰ ਸੂਝਵਾਨਤਾ ਨਾਲ ਸਾਨੂੰ ਕਈਆਂ ਮੁਸ਼ਕਲਾਂ ਦਾ ਹਲ ਮਿਲ ਗਿਆ ਅਤੇ ਕੋਈ ਵੱਡੀ ਔਕੜ ਨਹੀਂ ਆਈ।

ਮੇਰੀਆਂ ਕਈ ਗਲਤੀਆਂ ਕਾਰਨ ਕੁਛ ਪਾਠ ਦੁਬਾਰਾ ਕਰਨੇ ਪਏ ਪਰ ਮਾਸਟਰ ਜੀ ਨੇ ਕੋਈ ਵੀ ਇਤਰਾਜ਼ ਨਹੀਂ ਕੀਤਾ। ਇਸ ਤਰ੍ਹਾਂ ਸਾਡੀ ਇਕ ਟੀਮ ਬਣ ਗਈ ਅਤੇ ਸਮੇਂ ਸਿਰ ਜਿੰਨੀਆਂ ਬਾਣੀਆਂ ਕਰਨੀਆਂ ਸਨ ਉਸ ਤੋਂ ਵੀ ਵੱਧ ਹੋ ਗਈਆਂ। ਇਸੇ ਦੌਰਾਨ ਮਾਸਟਰ ਜੀ ਨੂੰ ਨਜ਼ਲਾ ਹੋ ਗਿਆ ਸੀ ਅਤੇ ਰਿਕਾਰਡਿੰਗ ਦਾ ਕੰਮ ਕੁਛ ਦਿਨਾਂ ਲਈ ਬੰਦ ਕਰਨਾ ਪਿਆ, ਪਰ editing ਦਾ ਕੰਮ ਚਲਦਾ ਗਿਆ ਅਤੇ ਮਾਸਟਰ

Sri Satguru Jagjit SIngh Ji Elibrary NamdhariElibrary@gmail.com

ਜੀ ਵੀ ਇਸ ਕਾਰਜ ਨੂੰ ਜਾਣ ਗਏ।

ਤਕਰੀਬਨ ਦੋ ਮਹੀਨੇ ਦੇ ਸਮੇਂ ਦੌਰਾਨ ਸ੍ਰੀ ਆਦਿ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ, ਨਿਤਨੇਮ ਦੀਆਂ ਬਾਣੀਆਂ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਲਿਖੇ ਰਹਿਤਨਾਮਾ ਅਤੇ ਪ੍ਰਦੇਸੋਂ ਲਿਖੇ ਹੁਕਮਨਾਮਿਆਂ ਦਾ ਪਾਠ, ਅਤੇ ਹੌਲੀ ਰਫਤਾਰ ਵਿਚ ਬੱਚਿਆਂ ਲਈ ਕੁਛ ਪਾਠਾਂ ਦੀ ਰਿਕਾਰਡਿੰਗ ਦਾ ਕੰਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕਿਰਪਾ ਨਾਲ ਸੰਪੂਰਨ ਹੋਇਆ। ਇਸ ਤੋਂ ਇਲਾਵਾ ਦੋਨਾਂ ਗ੍ਰੰਥ ਸਾਹਿਬਾਂ ਅਤੇ ਹੁਕਮਨਾਮਿਆਂ ਦੀ ਭੂਮਿਕਾ ਦਾ ਕਾਰਜ ਵੀ ਹੋ ਗਿਆ।

ਰਿਕਾਰਡਿੰਗ ਦਾ ਕੰਮ ਸੁਵੱਖਤੇ ਸ਼ੁਰੂ ਹੁੰਦਾ ਸੀ। ਉਸ ਤੋਂ ਬਾਅਦ ਸਵੇਰ ਦਾ ਨਾਸ਼ਤਾ ਕਰਕੇ ਮੈਂ, ਮੇਰੀ ਘਰਵਾਲੀ ਤੇ ਬੱਚੇ ਕੰਮਾਂ ਤੇ ਚਲੇ ਜਾਂਦੇ ਸਨ, ਮਾਸਟਰ ਜੀ ਆਪਣਾ ਨਿਤਨੇਮ ਕਰਕੇ ਆਰਾਮ ਕਰਦੇ ਸਨ। ਉਨ੍ਹਾਂ ਨੂੰ ਘਰ ਦੀਆਂ ਚਾਬੀਆਂ ਦੇ ਦਿੱਤੀਆਂ ਸਨ ਅਤੇ ਉਨ੍ਹਾਂ ਦੀਆਂ ਸਾਰੀਆਂ ਜਰੂਰਤ ਦੀਆਂ ਵਸਤਾਂ ਉਨ੍ਹਾਂ ਦੇ ਵਾਸਤੇ ਹਾਜ਼ਰ ਸਨ, ਪਰ ਉਨ੍ਹਾਂ ਨੇ ਕਦੀ ਕਿਸੇ ਵੀ ਚੀਜ਼ ਦੀ ਤਲਬ ਨਹੀਂ ਕੀਤੀ, ਜੋ ਸੀ ਉਸੇ ਵਿਚ ਹੀ ਸਤੁੰਸ਼ਟ ਸਨ। ਆਰਾਮ ਤੋਂ ਬਾਅਦ ਉਹ ਸੈਰ ਵਾਸਤੇ ਚਲੇ ਜਾਂਦੇ ਸਨ। ਕਿਸੇ ਕਿਸੇ ਦਿਨ ਕੋਈ ਨਾਮਧਾਰੀ ਸੱਜਣ ਆਪਣੇ ਘਰ ਵੀ ਲੈ ਜਾਂਦੇ ਸਨ ਪਰ ਉਹ ਹਮੇਸ਼ਾ ਸ਼ਾਮ ਦੇ ਵਕਤ ਤੋਂ ਪਹਿਲਾਂ ਹੀ ਘਰ ਆ ਜਾਂਦੇ ਸਨ। ਸ਼ਾਮ ਨੂੰ ਕੰਮ ਤੋਂ ਆ ਕੇ ਥੋੜ੍ਹਾ ਆਰਾਮ ਕਰਕੇ ਅਸੀਂ ਫੇਰ ਰਿਕਾਰਡਿੰਗ ਦੇ ਕੰਮ ਵਿਚ ਲਗ ਪੈਂਦੇ ਸੀ। ਜਿਸ ਦਿਨ ਛੁੱਟੀ ਹੁੰਦੀ ਸੀ ਉਸ ਦਿਨ ਦੋਪਹਿਰ ਨੂੰ ਵੀ ਰਿਕਾਰਡਿੰਗ ਦਾ ਕੰਮ ਹੁੰਦਾ ਸੀ। ਇਕ ਦਿਨ ਮੇਰੇ ਕਹਿਣ ਤੇ ਦੋਪਹਿਰ ਨੂੰ ਦੋ ਵਾਰੀ ਰਿਕਾਰਡਿੰਗ ਕੀਤੀ ਪਰ ਅਸੀਂ ਮਹਿਸੂਸ ਕੀਤਾ ਕਿ ਮਾਸਟਰ ਜੀ ਲਈ ਇਹ ਠੀਕ ਨਹੀਂ।

ਰਿਕਾਰਡਿੰਗ ਪੰਦਰ੍ਹਾਂ ਵੀਹ ਕੁ ਮਿੰਟ ਕਰਕੇ ਥੋੜ੍ਹਾ ਚਿਰ ਮਾਸਟਰ ਜੀ ਗਲੇ ਨੂੰ ਅਰਾਮ ਦਿੰਦੇ ਸੀ ਅਤੇ ਫੇਰ ਇਸੇ ਤਰ੍ਹਾਂ ਬਾਕੀ ਦਾ ਕੰਮ ਚਲਦਾ ਸੀ। ਮਾਸਟਰ ਜੀ ਗ੍ਰੰਥ ਸਾਹਿਬ ਤੋਂ ਬਾਣੀ ਦਾ ਪਾਠ ਕਰਦੇ ਸੀ, ਉਸ ਨੂੰ digital recorder ਤੇ ਭਰਿਆ ਜਾਂਦਾ। ਮੈਂ ਕੋਲ ਬੈਠਾ ਸੈਂਚੀ ਤੋਂ ਉਹ ਪਾਠ ਸੁਣਦਾ ਸੀ। ਇਸੇ ਦੌਰਾਨ ਜੇ ਲਗਦਾ ਸੀ ਕਿ ਪਾਠ ਠੀਕ ਨਹੀਂ ਹੋਇਆ ਤਾਂ ਦੋਬਾਰਾ ਉਸੇ ਸ਼ਬਦ ਜਾਂ ਤੁਕ ਨੂੰ ਮਾਸਟਰ ਜੀ ਦੁਹਰਾਉਂਦੇ ਸਨ। ਬਾਅਦ ਵਿਚ ਇਸ ਨੂੰ editing ਕਰਕੇ ਠੀਕ ਕਰ ਲਿਆ ਜਾਂਦਾ ਸੀ।

ਰਿਕਾਰਡਿੰਗ ਵੇਲੇ ਇਸ ਗੱਲ ਦਾ ਖਾਸ ਖਿਆਲ ਰਖਿਆ ਜਾਂਦਾ ਸੀ ਕਿ ਲੈਅ ਅਤੇ ਰਫਤਾਰ ਵਿਚ ਕੁਛ ਜਿਆਦਾ ਅੰਤਰ ਨਾ ਹੋਵੇ। ਸਵੇਰ ਵੇਲੇ ਮਾਸਟਰ ਜੀ ਦੀ ਅਵਾਜ ਥੋੜ੍ਹੀ ਭਾਰੀ ਹੁੰਦੀ ਸੀ, ਉਸ ਨੂੰ ਦੂਰ ਕਰਨ ਲਈ ਮਾਸਟਰ ਜੀ ੫-੧੦ ਮਿੰਟ ਉੱਚੀ ਅਵਾਜ ਵਿਚ ਪਾਠ ਕਰਦੇ ਸਨ, ਅਤੇ ਜਦੋਂ ਉਨ੍ਹਾਂ ਨੂੰ ਲਗਦਾ ਸੀ ਕਿ ਹੁਣ ਗਲਾ ਗਰਮ ਹੋ ਗਿਆ ਹੈ ਤਾਂ ਰਿਕਾਰਡਿੰਗ ਦਾ ਕੰਮ ਚਲਦਾ ਸੀ।

ਰਿਕਾਰਡਿੰਗ ਦੌਰਾਨ ਸਾਡਾ ਸੰਪਰਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸ੍ਰੀ ਸਤਿਗੁਰੂ ਉਦੈ ਸਿੰਘ ਜੀ, ਰਛਪਾਲ ਸਿੰਘ ਸੇਵਕ ਅਤੇ ਹੋਰ ਵਿਦਵਾਨਾਂ ਨਾਲ ਨਿਰੰਤਰ ਬਣਿਆ ਹੋਇਆ ਸੀ ਸਾਰੇ ਕਾਰਜ ਵਿਚ ਆਪਣਾ ਅਸ਼ੀਰਵਾਦ ਅਤੇ ਅਨਮੁੱਲੀ ਸਲਾਹ ਦੇ ਕੇ ਸਾਨੂੰ ਸਹੀ ਰਸਤੇ ਉੱਤੇ ਚਲਾਈ ਰਖਦੇ।

ਸ੍ਰੀ ਆਦਿ ਗ੍ਰੰਥ ਸਾਹਿਬ ਦੀ ਰਿਕਾਰਡਿੰਗ ਵਿਚ ਕੋਈ ਖਾਸ ਦਿੱਕਤ ਨਹੀਂ ਆਈ ਪਰ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਰਿਕਾਰਡਿੰਗ ਸਮੇਂ ਕਾਫੀ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪਿਆ ਕਿਉਂਕਿ ਦਸਮ ਗ੍ਰੰਥ ਦੀ ਕੋਈ ਸੰਪੂਰਨ ਅਤੇ ਪ੍ਰਮਾਨਕ ਬੀੜ ਨਹੀਂ ਮਿਲਦੀ। ਜੇ ਮਿਲਦੀਆਂ ਹਨ ਤੇ ਪਾਠਾਂ ਦਾ ਵਾਧਾ ਘਾਟਾ (ਜਿਵੇਂ ਉਗਰਦੰਤੀ ਤੇ ਅਸਫੋਟਕ ਛੰਦ) ਤੇ ਤੁਕਾਂ ਦਾ ਅੰਤਰ ਆਮ ਹੈ। ਇਸ ਲਈ ਮਾਸਟਰ ਜੀ ਨੇ ਇਸ ਲਈ ਆਪਣੀ ਬੀੜ, ਜੋ ਨਾਮਧਾਰੀ ਅਸੂਲਾਂ ਤੇ ਹੋਵੇ, ਤਿਆਰ ਕਰਨ ਦੀ ਇੱਛਾ ਪਰਗਟ ਕੀਤੀ ਸੀ। ਆਪ ਸਭ ਨੂੰ ਇਸ ਦੀ ਜਾਣਕਾਰੀ ਹੈ ਕਿ ਮਾਸਟਰ ਜੀ ਅਤੇ ਸੰਤ ਨਿਸ਼ਾਨ ਸਿੰਘ ਜੀ ਇਸ ਕਾਰਜ ਨੂੰ ਨੇਪਰੇ ਚਾੜ੍ਹਣ ਲਈ ਪਿਛਲੇ ੪ ਕੁ ਸਾਲਾਂ ਤੋਂ ਬਹੁਤ ਮੇਹਨਤ ਕਰ ਰਹੇ ਸਨ।

ਜਦੋਂ ਸਾਰੀ ਰਿਕਾਰਡਿੰਗ ਅਤੇ ਐਡੀਟਿੰਗ ਦਾ ਕੰਮ ਪੂਰਾ ਹੋਇਆ ਤਾਂ ਇਕ ਕਾਪੀ ਮਾਸਟਰ ਜੀ ਨੂੰ ਸ੍ਰੀ ਭੈਣੀ ਸਾਹਿਬ ਭੇਜ ਦਿੱਤੀ ਤਾਂ ਜੋ ਉਹ ਇਸ ਨੂੰ ਮੰਨਜ਼ੂਰ ਕਰ ਲੈਣ। ਪਰ ਮਾਸਟਰ ਜੀ ਨੂੰ ਮਹਿਸੂਸ ਹੋਇਆ ਕਿ ਅਜੇ ਕਮੀ ਹੈ। ਉਸ ਨੂੰ ਦੂਰ ਕਰਨ ਲਈ ਮਾਸਟਰ ਜੀ ਦੁਬਾਰਾ ੨੦੦੭ ਦੇ ਅੰਤ ਵਿਚ ਵਾਪਸ ਲੰਡਨ ਆਏ ਤੇ ਅਪਣੀ ਪੂਰੀ ਸੰਤੁਸ਼ਟੀ ਲਈ ਦੁਬਾਰਾ ਸ਼ਬਦਾਂ, ਤੁਕਾਂ ਦਾ ਪਾਠ ਕੀਤਾ, ਇਹ ਸਿਰਫ ਮਾਸਟਰ ਜੀ ਹੀ ਕਰ ਸਕਦੇ ਸਨ। ਜਿਸ ਤਰ੍ਹਾਂ ਉਨ੍ਹਾਂ ਨੇ ਇਹ ਕਾਰਜ ਕੀਤੇ, ਉਹ ਇਕ ਵੱਡਾ ਮਹਾਰਤੀ (professional) ਹੀ ਕਰ ਸਕਦਾ ਹੈ।

ਸਾਰੀ ਰਿਕਾਰਡਿੰਗ ਦਾ ਕਾਰਜ ਸੰਪੂਰਨ ਹੋਣ ਤੋਂ ਬਾਅਦ ਕੰਪਿਊਟਰ ਤੇ ਇਕ ਖਾਸ ਪਰੋਗਰਾਮ ਰਾਹੀਂ editing ਕਰਕੇ ਹਲਕਾ ਜਿਹਾ echo effects ਪਾ ਕੇ ਤਰਨਜੀਤ ਸਿੰਘ ਨੂੰ ਮੁੰਬਈ ਭੇਜ ਦਿਤੀ ਗਈ। ਉਨ੍ਹਾਂ ਨੇ ਬਹੁਤ ਹੀ ਸੁੰਦਰ ਰੂਪ ਵਿਚ ਉਨਾਂ ਦੀਆਂ MP3 CDs ਬਣਵਾ ਕੇ, ਸੋਹਣੇ ਕਵਰ ਬਣਾ ਕੇ ਸ੍ਰੀ ਭੈਣੀ ਸਾਹਿਬ ਭੇਜ ਦਿੱਤੀਆਂ।

੨੦੦੮ ਨੂੰ ਮਾਸਟਰ ਜੀ ਨੇ ਸ੍ਰੀ ਆਦਿ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ, ਨਿਤਨੇਮ ਬਾਣੀਆਂ ਦੇ ਪਾਠ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਦੇ ਪਹਿਲੇ ਸੈਟ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿੱਤਰ ਕਰ ਕਮਲਾਂ ਰਾਹੀਂ ਅਤੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਾਜ਼ਰੀ ਵਿਚ ਸਾਧ

Sri Satguru Jagjit Singh Ji Elibrary NamdhariElibrary@gmail.com

ਸੰਗਤ ਨੂੰ ਪੇਸ਼ ਕੀਤੇ। ਸੰਗਤ ਵਲੋਂ ਇਨਾਂ ਦਾ ਭਰਪੂਰ ਸਹਿਯੋਗ ਮਿਲਿਆ ਅਤੇ ਸਾਰੇ ਵਰਗ ਦੇ ਲੋਕਾਂ ਨੇ ਇਸ ਕੰਮ ਦੀ ਰਜ ਕੇ ਸ਼ਲਾਘਾ ਕੀਤੀ।

ਇਸ ਕਾਰਜ ਤੋਂ ਬਾਅਦ ਮਾਸਟਰ ਜੀ ਨਾਲ ਸੰਪਰਕ ਬਣਿਆ ਰਿਹਾ ਅਤੇ ਕਈ ਵਾਰ ਟੈਲੀਫੋਨ ਤੇ, ਕਈ ਵਾਰ ਸ੍ਰੀ ਭੈਣੀ ਸਾਹਿਬ ਜਾ ਕੇ ਉਨਾਂ ਨਾਲ ਗੱਲ ਬਾਤ, ਸਲਾਹ ਮਸ਼ਵਰਾ ਹੁੰਦਾ ਆਇਆ ਸੀ।

ਮਾਸਟਰ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਇਹ ਹੁਕਮ ਕਿ 'ਜੇ ਇਕ ਵਾਰੀ ਗਲਤ ਪਾਠ ਬਾਹਰ ਆ ਗਿਆ ਤਾਂ ਉਸ ਨੂੰ ਠੀਕ ਕਰਨਾ ਬਹੁਤ ਮੁਸ਼ਕਲ ਹੋ ਜਾਵੇਗਾ' ਦਾ ਬਹੁਤ ਅਹਿਸਾਸ ਸੀ। ਇਸ ਲਈ ਰਿਕਾਰਡਿੰਗ ਤੋਂ ਪਹਿਲਾਂ ਮਾਸਟਰ ਜੀ ਅਤੇ ਮੇਰੇ ਵਿਚ, ਇਕ ਨਿਸ਼ਾਨਾ ਸੀ, ਇਕ ਲਖਸ਼ ਸੀ ਕਿ ਇਹ ਪਾਠ ਅਸੀਂ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਵਾਸਤੇ ਕਰ ਰਹੇ ਹਾਂ, ਅਤੇ ਇਸ ਨੂੰ ਵਧੀਆ ਤੋਂ ਵਧੀਆ ਤਰੀਕੇ ਨਾਲ ਕਰਨਾ ਹੈ, ਅਤੇ ਆਪਣਾ ਕੋਈ ਵਿਤਕਰਾ ਜਾਂ ਵਾਦ ਵਿਵਾਦ ਇਸ ਵਿਚ ਨਾ ਆਵੇ। ਸ੍ਰੀ ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਦੁਆਰਾ ਇਸੇ ਤਰ੍ਹਾਂ ਹੀ ਹੋਇਆ।

ਮਾਸਟਰ ਜੀ ਵਲੋਂ ਇਸ ਤਰ੍ਹਾਂ ਦੀ ਕੋਈ ਦਿੱਕਤ ਨਹੀਂ ਆਈ, ਅਤੇ ਮੇਰੀਆਂ ਊਣਤਾਈਆਂ ਨੂੰ ਮਾਸਟਰ ਜੀ ਨੇ ਹਮੇਸ਼ਾ ਨਜ਼ਰ ਅੰਦਾਜ਼ ਕੀਤਾ। ਸਾਰੀ ਰਿਕਾਰਡਿੰਗ ਤੋਂ ਬਾਅਦ ਮਾਸਟਰ ਜੀ ਦੇ ਚਰਨਾਂ ਉਤੇ ਸੀਸ ਰਖਕੇ ਆਪਣੀਆਂ ਗਲਤੀਆਂ ਅਤੇ ਗੁਸਤਾਖੀਆਂ ਦੀ ਖਿਮਾਂ ਮੰਗੀ। ਉਨ੍ਹਾਂ ਨੇ ਇਸ ਦੇ ਉਲਟ ਇਹੀ ਗੱਲ ਮੈਨੂੰ ਕਹੀ, ਇਹ ਉਨਾਂ ਦੀ ਵਡਿਆਈ ਦੀ, ਹਲੀਮੀ ਦੀ ਉੱਚਾਈ ਦਾ ਸਬੂਤ ਹੈ।

ਮਾਸਟਰ ਜੀ ਨਾਲ ਕੰਮ ਕਰਕੇ ਗੁਰਬਾਣੀ ਦੀਆਂ ਅਨੇਕਾ ਸੂਖਮ ਅਰਥਾਂ ਦਾ ਗਿਆਨ ਆਇਆ, ਉਨ੍ਹਾਂ ਦੀ ਵਿਦਵਤਾ ਅਤੇ ਗੁਰਬਾਣੀ ਦਾ ਗੂੜ੍ਹ ਗਿਆਨ ਦਾ ਸਾਰਿਆਂ ਨੂੰ ਪਤਾ ਹੈ, ਪਰ ਇਸ ਕਾਰਜ ਬਾਅਦ ਮਾਸਟਰ ਜੀ ਲਈ ਉਹ ਸਤਿਕਾਰ ਕਈ ਗੁਣਾਂ ਵੱਧ ਗਿਆ। ਉਨ੍ਹਾਂ ਦਾ ਸਾਧੂ ਸੁਭਾਵ, ਉਨ੍ਹਾਂ ਦੇ ਵਿਅਕਤੀਤਵ ਦਾ ਅਸਰ ਉਨ੍ਹਾਂ ਨੂੰ ਜਾਨਣ ਵਾਲਿਆਂ ਤੇ ਜਰੂਰ ਪੈਂਦਾ ਹੈ। ਸ੍ਰੀ ਸਤਿਗੁਰੂ ਦੀ ਬਖਸ਼ਿਸ਼ ਦੁਆਰਾ ਉਨ੍ਹਾਂ ਨੇ ਆਪਣੇ ਜੀਵਨ ਨੂੰ ਗੁਰਬਾਣੀ ਦੇ ਅਨੁਸਾਰ ਢਾਲਣ ਦੇ ਯਤਨ ਵਿਚ ਕਾਮਯਾਬੀ ਹਾਸਲ ਕੀਤੀ। ਇੰਨੀ ਵਿਦਵਤਾ ਅਤੇ ਗਿਆਨ ਦੇ ਬਾਵਜੂਦ ਮਾਸਟਰ ਜੀ ਨੇ ਇਹ ਕਦੀ ਵੀ ਨਹੀਂ ਜਣਾਇਆ ਕਿ ਉਹ ਬਹੁਤ ਕੁਛ ਜਾਣਦੇ ਹਨ, ਆਪਣੇ ਆਪ ਨੂੰ ਇਕ ਅਲਪਗ ਜੀਅ ਹੀ ਕਹਿੰਦੇ ਸਨ। ਇਸ ਤੋਂ ਵੱਡੀ ਮਹਾਨ ਗੱਲ ਕੀ ਹੋ ਸਕਦੀ ਹੈ।

ਉਨ੍ਹਾਂ ਦੀ ਵਿਦਵਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਮੇਰੀ ਕੋਈ ਵੀ ਮੁਸ਼ਕਲ, ਸ਼ੰਕਾ, ਜਾਂ ਗੁਰਬਾਣੀ ਬਾਰੇ ਕੋਈ ਵੀ ਸਵਾਲ ਹੁੰਦਾ ਸੀ, ਮਾਸਟਰ ਜੀ ਉਸੇ ਵੇਲੇ ਹੀ ਕੋਈ ਨਾ ਕੋਈ ਗੁਰਬਾਣੀ ਦੀ ਤੁੱਕ ਦਾ ਹਵਾਲਾ ਦੇ ਕੇ ਪੂਰੀ ਤਰ੍ਹਾਂ ਨਿਸਤਾਰਾ ਕਰ ਦਿੰਦੇ ਸਨ। ਗੁਰੂ ਸਾਖੀਆਂ ਸੁਣਾ ਕੇ ਸਾਰੇ ਪਰਵਾਰ ਨੂੰ ਗਿਆਨ ਬਖਸ਼ਦੇ ਸਨ।

ਉਨ੍ਹਾਂ ਦੀ ਵਿਦਵਤਾ ਦੀ ਅਗਰ ਝਲਕ ਦੇਖਣੀ ਹੋਵੇ ਤਾਂ ਜੋ ਗ੍ਰੰਥ ਸਾਹਿਬਾਂ ਅਤੇ ਹੁਕਮਨਾਮਿਆਂ ਦੀਆਂ ਭੂਮਕਾਵਾਂ ਰਿਕਾਰਡ ਹਨ, ਉਹ ਇਕ ਵਾਰੀ ਜਰੂਰ ਸੁਣੋ ਜਾਂ ਦੇਖੋ। ਹੁਕਮਨਾਮਿਆਂ ਦੇ ਪਾਠ ਦੀ ਵੀਡਿਓ ਵੀ ਬਹੁਤ ਜਲਦ ਹੀ ਮਿਲੇਗੀ।

ਇਸ ਵੇਲੇ ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਬਖਸ਼ਿਸ਼ ਦੁਆਰਾ YouTube ਤੇ ਮਾਸਟਰ ਜੀ ਦੀ ਸੁਨਹਿਰੀ ਅਵਾਜ਼ ਵਿਚ ਗੁਰਬਾਣੀ ਦੇ ਪਾਠ ਦੀਆਂ video ਵੀ ਮਿਲਦੀਆਂ ਹਨ। ਮਾਸਟਰ ਜੀ ਨੂੰ ਅਸਲੀ ਸ਼ਰਧਾਂਜਲੀ ਇਹ ਹੀ ਹੋਵੇਗੀ ਕਿ ਕਮ ਸੇ ਕਮ ਇਕ ਵਾਰੀ ਉਨ੍ਹਾਂ ਨੂੰ ਸੁਣ ਕੇ ਜਰੂਰ ਲਾਭ ਉਠਾਇਆ ਜਾਵੇ। ਇਸ ਵਾਸਤੇ ਆਪ YouTube ਉਤੇ Namdhari Music ਦੀ ਤਲਾਸ਼ ਕਰੋ ਜੀ।

ਮੈਨੂੰ ਇਸ ਗੱਲ ਦਾ ਹਮੇਸ਼ਾ ਮਾਨ ਰਹੇਗਾ ਕਿ ਮਾਸਟਰ ਦਰਸ਼ਨ ਸਿੰਘ ਜੀ ਮੇਰੀ ਜਿੰਦਗੀ ਵਿਚ ਆਏ, ਆਪਣਾ ਨਿੱਘਾ ਸੁਭਾਅ, ਸਾਧੂਆਂ ਵਰਗੀ ਬਿਰਤੀ, ਅਪਣੀ ਵਿਦਵਤਾ ਦੀ ਛਾਪ ਮੇਰੇ ਉੱਤੇ ਸਦਾ ਲਈ ਛੱਡ ਗਏ। ਸ੍ਰੀ ਸਤਿਗੁਰੂ ਜੀ ਦਾ ਹਮੇਸ਼ਾ ਰਿਣੀ ਰਹਾਂਗਾ ਕਿ ਇਸ ਮਹਾਨ ਕਾਰਜ ਵਿਚ ਹਿੱਸਾ ਪਾਉਣ ਯੋਗ ਸਮਝਿਆ ਅਤੇ ਬਲ ਬੁੱਧੀ ਅਤੇ ਸਮਰਥਾ ਬਖਸ਼ੀ ਅਤੇ ਮਾਸਟਰ ਜੀ ਵਰਗੇ ਮਹਾਨ ਵਿਦਵਾਨ ਨਾਲ ਮੇਰਾ ਵੀ ਨਾਮ ਜੁੜ ਗਿਆ।

ਇਨ੍ਹਾਂ ਸਤਰਾਂ ਨੂੰ ਲਿਖਣ ਤੋਂ ਬਾਅਦ ਇਹ ਲਗਦਾ ਹੈ ਕਿ ਅਜੇ ਪੂਰੀ ਤਰ੍ਹਾਂ ਉਨਾਂ ਦੇ ਗੁਣਾਂ ਦੀ ਗੱਲ ਨਹੀਂ ਲਿਖ ਸਕਿਆ, ਪਰ ਮੇਰੇ ਖਿਆਲ ਵਿਚ ਜਿੰਨਾ ਵੀ ਮਾਸਟਰ ਜੀ ਬਾਰੇ ਲਿਖਿਆ ਜਾਵੇ, ਉਹ ਅਧੂਰਾ ਹੀ ਹੋਵੇਗਾ, ਕਿਉਂਕਿ ਮਾਸਟਰ ਜੀ ਬਾਰੇ ਲਿਖਣਾ ਮੇਰੇ ਬਸ ਦੀ ਗਲ ਨਹੀਂ ਹੈ। ਮੈਂ ਤਾਂ ਸਿਰਫ ਉਨ੍ਹਾਂ ਦੇ ਭੋਰੇ ਚੁੱਗ ਕੇ ਉਨ੍ਹਾਂ ਨੂੰ ਇਕ ਹਾਰ ਵਾਂਗੂ ਸਜਾਇਆ ਹੈ। ਉਨ੍ਹਾਂ ਦੀ ਸਿਫਤ ਲਿਖਣ ਵਿਚ ਮੇਰੇ ਕੋਲ ਬਹੁਤ ਥੋੜ੍ਹੇ ਲਫ਼ਜ਼ ਹਨ।

ਉਨ੍ਹਾਂ ਦੇ ਅਕਾਲ ਚਲਾਣਾ ਕਰਨ ਤੋਂ ਇਕ ਹਫਤਾ ਪਹਿਲਾਂ ਉਨਾਂ ਨਾਲ ਟੈਲੀਫੋਨ ਤੇ ਗਲਬਾਤ ਹੋਈ ਅਤੇ ਅੱਗੇ ਆਉਣ ਵਾਲੇ ਕਾਰਜਾਂ ਬਾਰੇ ਵਿਚਾਰ ਕਰ ਰਹੇ ਸੀ, ਪਰ ਹੋਣੀ ਨੇ ਨਾਮਧਾਰੀ ਪੰਥ ਦਾ ਇਕ ਅਦਭੁਤ ਹੀਰਾ ਸਾਡੇ ਤੋਂ ਖੋਹ ਲਿਆ। ਸ੍ਰੀ ਸਤਿਗੁਰੂ ਜੀ ਦੇ ਚਰਨਾਂ ਤੇ ਇਹ ਹੀ ਅਰਜੋਈ ਕਰ ਸਕਦੇ ਹਾਂ ਕਿ ਉਨ੍ਹਾਂ ਦੀ ਆਤਮਾਂ ਨੂੰ ਆਪਣੇ ਪਵਿੱਤਰ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਸਾਰੇ ਪਰਵਾਰ ਨੂੰ ਅਤੇ ਸਾਧ ਸੰਗਤ ਨੂੰ, ਖਾਸ ਕਰਕੇ ਮੈਨੂੰ ਬਲ ਬਖਸਣ ਕਿ ਭਾਣਾ ਮੰਨ ਹੋਵੇ।

Sri Satguru Jagjit Singh Ji Elibrary NamdhariElibrary@gmail.com

ਮਾਸਟਰ ਦਰਸ਼ਨ ਸਿੰਘ

—ਸੰਤ ਨਿਸ਼ਾਨ ਸਿੰਘ

ਮਾਸਟਰ ਦਰਸ਼ਨ ਸਿੰਘ ਜੀ ਪ੍ਰਤੀ ਸ਼ਰਧਾ ਅਤੇ ਸਤਿਕਾਰ ਨਾਲ ਔਤ-ਪ੍ਰੋਤ ਸੰਤ ਨਿਸ਼ਾਨ ਸਿੰਘ ਜੀ ਦਾ ਇਹ ਲੇਖ ਵਰਿਆਮ ਦੇ ਅਗਸਤ 2010 ਦੇ ਅੰਕ ਵਿਚ ਪਹਿਲੇ ਛੱਪ ਚੁੱਕਾ ਹੈ, ਜੋ ਕਿ ਪਹਿਲੇ ਵੀ ਸਾਰਥਕ ਸੀ ਤੇ ਅੱਜ ਵੀ ਸਾਰਥਕ ਹੈ-ਸੰਪਾਦਕ

ਮਾਸਟਰ ਦਰਸ਼ਨ ਸਿੰਘ ਜੀ ਦਾ ਨਾਮ ਜ਼ੁਬਾਨ ਤੇ ਆਉਂਦਿਆਂ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਜ਼ਰ ਪ੍ਰਵਾਨ ਚੜ੍ਹੇ ਇੱਕ ਸੁੱਘੜ-ਸਿਆਣੇ ਗੁਰਮੁਖ ਦੀ ਦਿਲਕਸ਼ ਮੂਰਤੀ ਅੱਖਾਂ ਅੱਗੇ ਆ ਖਲੋਂਦੀ ਹੈ। ਨਾਮਧਾਰੀ ਕਾਟ ਦੇ ਸਫ਼ੈਦ ਬਸਤਰਾਂ ਵਿੱਚ ਸੁਸੱਜਿਤ ਮਾਸਟਰ ਜੀ ਜਦੋਂ ਮੂੰਹ ਤੋਂ ਕੋਈ ਸ਼ਬਦ ਬੋਲਦੇ ਹਨ ਤਾਂ ਇਨ੍ਹਾਂ ਦੀ ਸ਼ੀਰੀਂ ਜ਼ੁਬਾਂ ਵਿਚੋਂ ਗੁਰੂ ਪ੍ਰੇਮ ਵਿੱਚ ਗੜੁੱਚ ਅਜਿਹੇ ਸ਼ਬਦਾਂ ਦੀ ਫ਼ੁਹਾਰ ਝਰਦੀ ਹੈ ਮਾਨੋਂ ਉਸ ਸਾਹਵੇਂ ਸ਼ਹਿਦ ਦੀ ਮਿੱਠਤ ਵੀ ਨਿਗੂਣੀ ਭਾਸਣ ਲੱਗਦੀ ਹੈ। ਕਦੀ ਕਿਸੇ ਪ੍ਰਤੀ ਵੀ ਅਸੁਖਾਵਾਂ ਸ਼ਬਦ ਨਹੀਂ, ਕੋਈ ਹੈਂਕੜ-ਬਾਜ਼ੀ ਨਹੀਂ, ਕਿਸੇ ਪ੍ਰਤੀ ਈਰਖਾ ਨਹੀਂ, ਸਗੋਂ ਕੋਈ ਸਖ਼ਤ ਸ਼ਬਦ ਕਹਿ ਵੀ ਜਾਵੇ ਤਾਂ ਉਸਨੂੰ ਵੀ ਹਾਸੇ ਵਿੱਚ ਹੀ ਟਾਲ ਦੇਣਾ ਉਹਨਾਂ ਦਾ ਸਦੀਵੀ ਸੁਭਾਅ ਹੈ। ਉਹਨਾਂ ਦੀ ਸਹਿਣਸ਼ੀਲਤਾ ਦੇ ਸਾਗਰ ਵਿੱਚ ਕਦੀ ਜੁਆਰ-ਭਾਟਾ ਨਹੀਂ ਆਇਆ ਵੇਖਿਆ। ਸੁੰਦਰ ਚਾਂਦੀ ਰੰਗਾ ਸਫ਼ੈਦ ਦਾੜ੍ਹਾ, ਦਰਮਿਆਨਾ ਕੱਦ, ਗੋਰਾ ਚਿੱਟਾ ਰੰਗ, ਹਸੂੰ-ਹਸੂੰ ਕਰਦਾ ਚਿਹਰਾ ਅਤੇ ਮਿਲਾਪੜਾ ਸੁਭਾਅ ਹਰ ਮਿਲਣ ਵਾਲੇ ਨੂੰ ਆਕਰਸ਼ਿਤ ਕਰਦਾ ਹੈ। ਉਹਨਾਂ ਦਾ ਜੀਵਨ ਬਿਲਕੁੱਲ ਸਰਲ ਅਤੇ ਸਪੱਸ਼ਟ ਹੈ। ਅੰਦਰੋਂ ਬਾਹਰੋਂ ਇੱਕ ਰੂਪ ਮਾਸਟਰ ਜੀ ਨੂੰ ਨਾ ਵਡਿਆਈ ਦੀ ਇੱਛਾ, ਨਾ ਕੋਈ ਵਿਖਾਵੇ ਦਾ ਚਾਅ ਹੈ। ਜੀਵਨ ਦੀਆਂ ੬੮ ਬਸੰਤਾਂ ਨੂੰ ਮਾਣ ਊਚ-ਨੀਚ ਅਤੇ ਭੇਦ-ਭਾਵ ਲਈ ਉਹਨਾਂ ਦੇ ਪ੍ਰੇਮ ਨਾਲ ਲਬਰੇਜ਼ ਮਨ ਵਿਚ ਚੁੱਕੀ ਦੇਹ ਭਾਵੇਂ ਬਹੁਤਾ ਜ਼ਿਆਦਾ ਬਚਨ ਨਹੀਂ ਮੰਨਦੀ ਪਰ ਫਿਰ ਵੀ ਉਹ ਆਲਸ ਨੂੰ ਨੇੜੇ ਨਹੀਂ ਫਟਕਣ ਦੇਂਦੇ। ਸਾਰਾ ਦਿਨ ਮਿਲਣ ਵਾਲਿਆਂ ਨਾਲ ਗੁਰਬਾਣੀ ਵਿਚਾਰ- ਚਰਚਾ ਚੱਲਦੀ ਹੀ ਰਹਿੰਦੀ ਹੈ। ਛੋਟੇ, ਵੱਡੇ ਜਦੋਂ ਮਰਜ਼ੀ ਵੇਲੇ-ਕੁਵੇਲੇ ਮਾਸਟਰ ਜੀ ਕੋਲ ਆ ਟਪਕਦੇ ਹਨ, ਪਰ ਉਹ ਕਦੇ ਵੀ ਗੁਰਬਾਣੀ ਦੇ ਗੁਹਜ ਦੱਸਣ ਤੋਂ ਇਨਕਾਰੀ ਨਹੀਂ ਹੁੰਦੇ। ਵੱਡੇ ਤੋਂ ਵੱਡੇ ਦਾਨੀ ਸ਼ਾਹੂਕਾਰ ਵੀ ਦਾਨ ਕਰਨ ਦਾ ਵੇਲਾ ਨੀਯਤ ਕਰ ਰੱਖਦੇ ਹਨ ਅਤੇ ਕਦੀ ਕਦੀ ਕੰਜੂਸ ਬਿਰਤੀ ਵੀ ਧਾਰਨ ਕਰ ਲੈਂਦੇ ਹਨ ਅਤੇ ਉਹਨਾਂ ਦੇ ਦਰੋਂ ਜਾਚਿਕ ਨੂੰ ਨਿਰਾਸ਼ ਹੋ ਖਾਲੀ ਮੁੜਨਾ ਪੈਂਦਾ ਹੈ, ਪਰ ਮਾਸਟਰ ਜੀ ਐਸੇ ਉਦਾਰ ਹਨ ਕਿ ਵਿਦਿਆ ਦਾਨ ਲਈ ਕੰਜੂਸੀ ਨੂੰ ਕਦੀ ਵੀ ਆਪਣਾ ਦਰਵਾਜ਼ਾ ਨਹੀਂ ਲੰਘਣ ਦਿੰਦੇ।

ਮਾਸਟਰ ਜੀ ਨੂੰ ਜ਼ਿੰਦਗੀ ਵਿੱਚ ਅਨੇਕਾਂ ਮਾਨ-ਸਨਮਾਨ ਪ੍ਰਾਪਤ ਹੋ ਚੁੱਕੇ ਹਨ ਜਿਵੇਂ ਅਨੇਕਾਂ ਵਾਰੀ ਪਾਠ ਮੁਕਾਬਲਿਆਂ ਵਿਚੋਂ ਅੱਵਲ ਇਨਾਮ, ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਯਾਦਗਾਰੀ ਸਨਮਾਨ, ਪੰਡਿਤ ਗੁਰਚਰਨ ਸਿੰਘ ਜੀ ਯਾਦਗਾਰੀ ਸਨਮਾਨ ਆਦਿ, ਪਰ ਜੋ ਸਨਮਾਨ ਉਹਨਾਂ ਨੂੰ ਗੁਰੂ-ਚਰਨਾਂ ਵਿਚੋਂ ਪ੍ਰਾਪਤ ਹੋਇਆ ਹੈ ਉਸਦੀ ਤਾਂ ਕੀਮਤ ਹੀ ਅਕੱਥ ਹੈ। ਇਹ ਉਹ ਬਖਸ਼ਿਸ਼ ਹੈ ਜਿਸ ਬਾਰੇ ਗੁਰ ਫ਼ੁਰਮਾਨ ਹੈ:

ਕੋਟਿ ਲਾਖ ਰਾਜ ਸੁਖ ਪਾਏ
ਇਕ ਨਿਮਖ ਪੇਖਿ ਦ੍ਰਿਸਟਾਨਾਂ॥
ਜਉ ਕਹਹੁ ਮੁਖਹੁ ਸੇਵਕ ਇਹ
ਬੈਸੀਐ ਸੁਖ ਨਾਨਕ ਅੰਤੁ ਜਾਨਾਂ॥

(ਪੰਨਾ ੧੨੧੩)

ਪਰ ਗੁਰੂ-ਚਰਨਾਂ 'ਚ ਪ੍ਰਵਾਨ ਹੋਣ ਲਈ ਨਿੱਜੀ ਯਤਨ ਨਹੀਂ ਬਲਕਿ ਗੁਰੂ ਦੀ ਬਖ਼ਸ਼ਿਸ਼ ਹੀ ਕੰਮ ਕਰਦੀ ਹੈ। ਕਬੀਰ ਸਾਹਿਬ ਦਾ ਬਚਨ ਹੈ:-

ਕਬੀਰ ਫਲ ਲਾਗੇ ਫਲਨਿ ਪਾਕਨਿ ਲਾਗੇ ਆਂਬ॥
ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ॥

(ਪੰਨਾ ੧੩੭੧)

ਭਾਵ ਜੀਵਨ ਰੂਪੀ ਇਹ ਅਮੋਲਕ ਫ਼ਲ ਮਾਲਕ ਦੇ ਹਸਤ-ਕਵਲਾਂ ਦੀ ਛੂਹ ਤਾਂ ਹੀ ਪ੍ਰਾਪਤ ਕਰ ਸਕਦਾ ਹੈ ਜੇ ਇਸ ਸੰਸਾਰ ਬਗੀਚੇ ਦਾ ਵਾਲੀ ਸਤਿਗੁਰੂ ਖ਼ੁਦ ਹੀ ਮਾਲੀ ਬਣ ਕੇ ਇਸ ਦੀ ਰਾਖੀ ਕਰੇ। ਸੋ ਮਾਸਟਰ ਜੀ ਦੀ ਸਾਂਭ-ਸੰਭਾਲ ਸਤਿਗੁਰੂ ਜੀ ਆਪਣੀ ਨਿਜੀ-ਕਿਰਪਾ ਦੁਆਰਾ ਕੀਤੀ ਹੈ। ਪੱਛਮੀ ਪੰਜਾਬ ਤੋਂ ਉੱਜੜ-ਪੁੱਜੜ ਕੇ ਆਏ, ਸਿਰਸੇ ਵਿੱਚ ਗਰੀਬੀ ਵਿੱਚ ਦਿਨ ਕਟੀ ਕਰ, ਥੋੜ੍ਹੀ ਜਿਹੀ ਤਨਖ਼ਾਹ ਤੇ ਵਿਦਿਆਲੇ ਵਿੱਚ ਪੜ੍ਹਾਉਣ ਵਾਲੇ ਮਾਸਟਰ ਜੀ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਹਨਾਂ ਨੂੰ ਗੁਰੂ ਘਰ ਵਿੱਚ ਏਨਾ ਵੱਡਾ ਮਾਨ-ਮਰਾਤਬਾ ਪ੍ਰਾਪਤ ਹੋਵੇਗਾ। ਕੌਣ ਜਾਣਦਾ ਸੀ ਕਿ ਇਹ ਦਿਨ-ਰਾਤ ਰੋਟੀ ਕਮਾਉਣ ਦੀ ਦੌੜ ਵਿੱਚ ਭੱਜਾ ਫਿਰਦਾ ਆਦਮੀ ਕਦੇ ਨਾਮਧਾਰੀ ਪੰਥ ਦੇ ਗਗਨ ਉੱਤੇ ਧ੍ਰੁਵ ਤਾਰੇ ਦੀ ਤਰ੍ਹਾਂ ਚਮਕੇਗਾ। ਪਰ ਪਤਾ ਸੀ ਕੇਵਲ ਉਸ ਰਤਨਾ-ਗਰ

Sri Satguru Jagjit Singh Ji Elibrary NamdhariElibrary@gmail.com

ਪ੍ਰਭੂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਤੇ ਉਸੇ ਜੌਹਰੀ ਨੂੰ ਉਸ ਲਾਲ ਦੀ ਪਛਾਣ ਸੀ। ਫਿਰ ਆਪ ਹੀ ਕਿਰਪਾ ਕਰਕੇ ਮਾਸਟਰ ਜੀ ਨੂੰ ਸਭ ਫ਼ਿਕਰਾਂ ਤੋਂ ਮੁਕਤ ਕਰ ਪਰਮ ਸੁੱਖ ਬਖਸ਼ਿਸ਼ ਕੀਤਾ ਹੈ। ਸ੍ਰੀ ਸਤਿਗੁਰੂ ਜੀ ਨੇ ਮਾਸਟਰ ਜੀ ਤੋਂ ਆਦਿ ਸ੍ਰੀ ਗ੍ਰੰਥ ਸਾਹਿਬ, ਦਸਮ ਸ੍ਰੀ ਗ੍ਰੰਥ ਸਾਹਿਬ ਅਤੇ ਪਵਿਤਰ ਹੁਕਮਨਾਮੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਰਿਕਾਰਡਿੰਗ ਕਰਵਾ ਕੇ ਆਪਣੇ ਪਿਆਰੇ ਸਿੱਖ ਨੂੰ ਮਾਣ ਬਖਸ਼ਿਆ ਹੈ।

ਮਾਸਟਰ ਦਰਸ਼ਨ ਸਿੰਘ ਦੀ ਦਾ ਜਨਮ ੩ ਅਕਤੂਬਰ ੧੯੪੧ ਈ. ਨੂੰ ਮਾਤਾ ਕਰਤਾਰ ਕੌਰ ਦੀ ਕੁੱਖੋਂ ਸੰਤ ਸਰਦੂਲ ਸਿੰਘ ਜੀ ਦੇ ਗ੍ਰਹਿ ਵਿਖੇ ਪਿੰਡ ਰਾਜਾ ਤਮੋਲੀ ਜ਼ਿਲ੍ਹਾ ਗੁਜਰਾਂਵਾਲਾ (ਅੱਜ-ਕੱਲ ਪਾਕਿਸਤਾਨ) ਵਿੱਚ ਹੋਇਆ। ਇਹ ਪਿੰਡ ਸ਼ੇਖੂਪੁਰਾ-ਬੇਦਾਦ (ਜਿਥੇ ਅਣਵੰਡੇ ਦੇਸ਼ ਦਾ ਆਖਰੀ ਹੋਲਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਛਤਰ-ਛਾਇਆ ਹੇਠ ਹੋਇਆ) ਤੋਂ ਡੇਢ ਕੁ ਮੀਲ ਦੇ ਫਾਸਲੇ ਤੇ ਸਥਿਤ ਹੈ। ਲਾਹੌਰ-ਕਰਾਚੀ ਰੋਡ ਉੱਪਰ ਸਥਿਤ ਸਾਧੋਕੇ ਸਟੇਸ਼ਨ ਤੋਂ ਕੇਵਲ ਇਕ ਮੀਲ ਹੈ। ਦੇਸ਼ ਦੀ ਵੰਡ ਵਕਤ ਮਾਸਟਰ ਜੀ ਦੀ ਉਮਰ ਕਰੀਬ ਛੇ ਕੁ ਸਾਲ ਸੀ। ਉਧਰੋਂ ਆ ਆਪਣੇ ਦਾਦਾ ਜੀ ਮਹੰਤ ਕੇਸਰ ਸਿੰਘ ਜੀ ਨਾਲ ਸਿਰਸੇ ਸ਼ਹਿਰ ਵਿੱਚ ਰੈਣ ਬਸੇਰਾ ਕਰ ਲਿਆ ਅਤੇ ਉਥੇ ਹੀ ਆਪਣੀ ਪੜ੍ਹਾਈ ਪੂਰੀ ਕੀਤੀ। ਜਿਥੇ ਦਾਦੀ ਮਾਤਾ ਜੀਊਣ ਕੌਰ ਨੇ ਲਾਡਲੇ ਪੋਤੇ ਦਾ ਪਾਲਣ ਪੋਸ਼ਣ ਕੀਤਾ। ਉਥੇ ਇਨ੍ਹਾਂ ਦੀ ਦਾਦੀ ਦੀ ਭੈਣ ਬੇਬੇ ਵੀਰ ਕੌਰ ਨੇ ਗੁਰਬਾਣੀ ਨਾਲ ਜੋੜਨ ਦਾ ਮਹਾਨ ਪਰਉਪਕਾਰ ਕੀਤਾ। ਮਾਸਟਰ ਜੀ ਦੱਸਦੇ ਹਨ ਕਿ ਬੇਬੇ ਜੀ ਦੀਆਂ ਬਾਹਰੀ ਅੱਖਾਂ ਦੀ ਜੋਤ ਤਾ ਭਾਵੇਂ ਬੰਦ ਸੀ ਪਰ ਉਹਨਾਂ ਨੂੰ ਗੁਰਬਾਣੀ ਬਹੁਤ ਕੰਠ ਸੀ। ਗੁਰਬਾਣੀ ਦੀ ਲਗਨ ਐਸੀ ਕਿ ਬਾਲਕ ਦਰਸ਼ਨ ਸਿੰਘ ਨੂੰ ਕਹਿਣਾ ਕਿ ਤੂੰ ਮੈਨੂੰ ਗੁਰਬਾਣੀ ਦਾ ਇੱਕ ਪੱਤਰਾ ਪਾਠ ਸੁਣਾ ਮੈਂ ਤੈਨੂੰ ਮੋਰੀ ਵਾਲਾ ਪੈਸਾ ਦੇਵਾਂਗੀ। ਇਸ ਤਰ੍ਹਾਂ ਉਹਨਾਂ ਨੇ ਬਾਬਾ ਫ਼ਰੀਦ ਜੀ ਦੀ ਮਾਂ ਵਾਲਾ ਆਪਣਾ ਫ਼ਰਜ਼ ਪੂਰਾ ਕਰ ਮਾਸਟਰ ਜੀ ਦੇ ਕੋਮਲ ਹਿਰਦੇ ਵਿਚ ਗੁਰਬਾਣੀ ਪ੍ਰੇਮ ਕੁੱਟ-ਕੁੱਟ ਭਰ ਦਿੱਤਾ। ਜੁਆਨੀ ਭਰਦਿਆਂ ਹੀ ੧੯੬੦ ਈ. ਵਿੱਚ ਗੁਰੂ ਹਰੀ ਸਿੰਘ ਵਿਦਿਆਲੇ ਵਿੱਚ ਨੌਕਰੀ ਮਿਲ ਗਈ। ੩੩ ਸਾਲ ਤੱਕ ਨੌਕਰੀ ਕਰਨ ਤੋਂ ਬਾਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਾਸਟਰ ਜੀ ਨੂੰ ਸ੍ਰੀ ਭੈਣੀ ਸਾਹਿਬ ਆਪਣੇ ਮੁਬਾਰਕ ਚਰਨਾਂ ਵਿੱਚ ਲੈ ਆਏ, ਜਿਥੇ ਸੇਵਾ ਕਰਦਿਆਂ ਅਤੇ ਗੁਰੂ ਚਰਨਾਂ ਦਾ ਅਨੰਦ ਮਾਣਦਿਆਂ ਉਹਨਾਂ ਨੂੰ ੧੭ ਸਾਲ ਹੋ ਚੁੱਕੇ ਹਨ।

ਸ੍ਰੀ ਭੈਣੀ ਸਾਹਿਬ,

ਸੰਪਰਕ- 94632-46448

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਮਾਸਟਰ ਦਰਸ਼ਨ ਸਿੰਘ ਅਤੇ ਜੱਥੇਦਾਰ ਸੇਵਾ ਸਿੰਘ।

ਮਾਸਟਰ ਦਰਸ਼ਨ ਸਿੰਘ ਜੀ ਮਿਲਾਪੜੀ, ਨਿੱਘੀ ਅਤੇ ਹਰਮਨ ਪਿਆਰੀ ਸ਼ਖ਼ਸੀਅਤ ਸਨ, ਆਪ ਦਾ ਦਰਮਿਆਨਾ ਕੱਦ, ਗੋਰਾ ਰੰਗ, ਸਫੈਦ ਗੋਲ ਦਾਹੜਾ, ਸਾਦਾ ਗੁਰਮੁਖੀ ਪਹਿਰਾਵਾ, ਚਾਲ ਵਿਚ ਮਸਤ ਰਵਾਨਗੀ, ਮਨ-ਮਸਤਕ ਵਿਚ ਗੁਰਬਾਣੀ ਗਿਆਨ, ਰਸਨਾ ਤੇ ਨਾਮ, ਹਿਰਦੇ ਵਿਚ ਗੁਰ ਮੂਰਤਿ ਅਤੇ ਮੁੱਖ ਮੰਡਲ ਤੇ ਧੀਰਜ, ਸ਼ਾਂਤੀ ਅਤੇ ਮੁਸਕਾਨ। ਨਾ ਕਿਸੇ ਤੋਂ ਅੱਗੇ ਲੰਘਣ ਦੀ ਲਾਲਸਾ, ਨਾ ਕਿਸੇ ਨੂੰ ਪਛਾੜਨ ਦੀ ਸੋਚ, ਵੱਡਿਆਂ-ਛੋਟਿਆਂ ਸਭ ਲਈ ਪਿਆਰ ਅਤੇ ਸਤਿਕਾਰ ਭਰੇ ਮਿੱਠੇ ਬੋਲ, ਨਿਰਲੇਪ ਗ੍ਰਹਿਸਥੀ, ਕਿਰਤੀ, ਉੱਦਮੀ ਅਤੇ ਸਫਲ ਅਧਿਆਪਕ ਜਿਨ੍ਹਾਂ ਨੂੰ ਗਿਆਨ ਵੰਡਣ ਦਾ ਚਾਅ ਅਤੇ ਗੁਰ ਦਰ ਪ੍ਰਵਾਨ ਹੋਣ ਦੀ ਰੀਝ ਸੀ, ਕੀਰਤਨ ਦੇ ਰਸੀਏ, ਵਾਰੇ ਦੀ ਸ਼ਾਨ, ਗੁਰਬਾਣੀ ਦਾ ਸ਼ੁੱਧ ਉਚਾਰਨ ਕਰਨ ਵਾਲੇ ਰਸੀਲੇ ਪਾਠੀ, ਵਿਧਵਤਾ ਅਤੇ ਨਿਰਮਾਣਤਾ ਦਾ ਮੁਜੱਸਮਾ, ਸ੍ਰੀ ਭੈਣੀ ਸਾਹਿਬ ਨੂੰ ਆਪਣਾ ਘਰ, ਸਾਧ ਸੰਗਤ ਨੂੰ ਪਰਵਾਰ ਅਤੇ ਆਪਣੇ ਸਤਿਗੁਰੂ ਨੂੰ ਮਾਤ-ਪਿਤਾ ਸਮਝਣ ਵਾਲੇ ਨਾਮਧਾਰੀ ਪੰਥ ਦੇ ਅਨਮੋਲ ਰਤਨ ਸਨ - ਮਾਸਟਰ ਦਰਸ਼ਨ ਸਿੰਘ ਜੀ।

—ਹਰਪਾਲ ਸਿੰਘ ਸੇਵਕ

ਸ੍ਰੀ ਭੈਣੀ ਸਾਹਿਬ

Sri Satguru Jagjit SIngh Ji Elibrary NamdhariElibrary@gmail.com

ਰੋਣਗੇ ਦਿਲਾਂ ਦੇ ਜਾਨੀ

—ਰਾਗੀ ਈਸ਼ਰ ਸਿੰਘ

ਇਸ ਸੰਸਾਰ ਵਿੱਚ ਜਿਹੜਾ ਵੀ ਜੀਵ ਦੇਹ ਕਰਕੇ ਆਉਂਦਾ ਹੈ ਉਸਨੂੰ ਇੱਥੋਂ ਜਾਣਾ ਹੀ ਪੈਂਦਾ ਹੈ। ਇਸ ਦੇਹ ਵਿਚ ਭਾਵੇਂ ਭਗਵਾਨ ਹੋਣ ਜਾਂ ਆਮ ਇਨਸਾਨ। ਜਾਣ ਵਾਲੇ ਨੂੰ ਮੋੜਿਆ ਤਾਂ ਨਹੀਂ ਜਾ ਸਕਦਾ ਪਰ ਉਸਦੇ ਕੀਤੇ ਗਏ ਚੰਗੇ ਕਰਮਾਂ ਨੂੰ ਆਪਣੀ ਨਿੱਜੀ ਜ਼ਿੰਦਗੀ ਵਿੱਚ ਅਪਣਾ ਕੇ, ਉਸ ਨੂੰ ਹਮੇਸ਼ਾ ਯਾਦ ਰਖਿਆ ਜਾ ਸਕਦਾ ਹੈ। ਚੰਗੇ ਕਰਮ ਦਾ ਧਨੀ ਅਤੇ ਜ਼ਿੰਦਗੀ ਨੂੰ ਗੁਰੂ ਹੁਕਮ ਮੁਤਾਬਕ ਸਾਧਨ ਵਾਲਾ ਇਕ ਸੀ ਨਾਮਧਾਰੀ ਪੰਥ ਦਾ ਨਿਰਮੋਲਕ ਹੀਰਾ - ਮਾਸਟਰ ਦਰਸ਼ਨ ਸਿੰਘ।

ਮਾਸਟਰ ਦਰਸ਼ਨ ਸਿੰਘ ਦਾ ਨਾਂ ਸੁਣਦਿਆਂ ਹੀ ਸਾਡੇ ਮਨਾਂ 'ਚ ਉਨ੍ਹਾਂ ਦਾ ਸਾਧੂ ਸੁਭਾਅ ਚਿਹਰਾ ਸਾਡੀਆਂ ਅੱਖਾਂ ਦੇ ਇਰਦ-ਗਿਰਦ ਘੁੰਮਣ ਲਗਦਾ ਹੈ ਤੇ ਇਉਂ ਪ੍ਰਤੀਤ ਹੁੰਦਾ ਕਿ ਜਿਵੇਂ ਉਹ ਮੁਸਕੁਰਾਉਂਦੇ ਹੋਏ ਕਿਸੇ ਲੋੜਵੰਦ ਨੂੰ ਕੋਈ ਸਾਖੀ ਸੁਣਾਂ ਤ੍ਰਿਪਤ ਕਰ ਰਹੇ ਹੋਣ।

ਜੇ ਅਸੀਂ ਮਾਸਟਰ ਜੀ ਨੂੰ ਚਲਦੀ ਫਿਰਦੀ ਗੁਰਬਾਣੀ ਕਹਿ ਦੇਈਏ ਤਾਂ ਮੈਨੂੰ ਨਹੀਂ ਲਗਦਾ ਕਿ ਇਸ 'ਚ ਕੋਈ ਅਤਿਕਥਨੀ ਹੋਏਗੀ, ਕਿਉਂਕਿ ਇਨਾਂ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਸਮ ਗ੍ਰੰਥ ਸਾਹਿਬ ਤੋਂ ਇਲਾਵਾ ਭਾਈ ਗੁਰਦਾਸ ਦੀਆਂ ਵਾਰਾਂ, ਭਾਈ ਨੰਦ ਲਾਲ ਦੀ ਬਾਣੀ, ਕਬਿੱਤ, ਸਵੱਈਏ ਆਦਿ ਸਭ ਬਾਣੀਆਂ ਸ਼ੁਧ ਰੂਪ 'ਚ ਮੂੰਹਜ਼ਬਾਨੀ ਯਾਦ ਸਨ। ਜਦੋਂ ਮਾਸਟਰ ਜੀ ਨੇ ਵਾਰਾ ਲਾਉਣਾ ਤਾਂ ਉਨ੍ਹਾਂ ਗੁਰਬਾਣੀ ਦੀ ਇਕ-ਇਕ ਤੁੱਕ ਦੇ ਨਾਲ ਕਈ-ਕਈ ਪ੍ਰਮਾਣ ਦੇਣੇ। ਸ੍ਰੀ ਭੈਣੀ ਸਾਹਿਬ 'ਚ ਜਦੋਂ ਰਾਗੀਆਂ, ਢਾਡੀਆਂ, ਜਥੇਦਾਰਾਂ ਨੇ ਗੁਰਬਾਣੀ ਸ਼ਬਦਾਂ ਨਾਲ ਪ੍ਰਮਾਣ ਦੇਣੇ ਹੁੰਦੇ ਤਾਂ ਸਭ ਵੱਡੇ ਵਡੇਰੇ ਇਨ੍ਹਾਂ ਕੋਲ ਆ ਖੜੋਂਦੇ ਤੇ ਮਾਸਟਰ ਜੀ ਨੇ ਵੀ ਅੱਗੋਂ ਕਦੇ ਕਿਸੇ ਨੂੰ ਨਾਂਹ-ਨੁੱਕਰ ਨਹੀਂ ਕੀਤੀ ਸਗੋਂ ਕਹਾਣੀ, ਅਖੌਤ ਸੁਣਾ ਕੇ ਖੁਸ਼ ਰੱਖਣਾ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਮਾਸਟਰ ਜੀ ਨੂੰ ਸਭ ਤੋਂ ਅੱਗੇ ਆਪਣੇ ਆਸਣ ਕੋਲ ਬਿਠਾਉਣਾ ਤੇ ਜਦੋਂ ਕਿਸੇ ਰਾਗੀ ਕੋਲੋਂ ਗੁਰਬਾਣੀ ਗਾਇਨ ਕਰਦੇ ਸਮੇਂ ਤੁੱਕ, ਅੱਖਰ, ਲਗ, ਕੰਨੇ ਦੀ ਜਾਂ ਪ੍ਰਮਾਣ ਢੁੱਕਵਾਂ ਨਾ ਹੋਣ ਤੇ ਸਤਿਗੁਰੂ ਜੀ ਨੇ ਮਾਸਟਰ ਜੀ ਨੂੰ ਇਸ਼ਾਰਾ ਕਰਕੇ ਹੁਕਮ ਕਰਨਾ ਕਿ ਇਨ੍ਹਾਂ ਨੂੰ

ਮਾਸਟਰ ਜੀ ਅਤੇ ਲੇਖਕ

ਠੀਕ ਕਰਾਓ ਤਾਂ ਚੱਲਦੇ ਗੁਰਬਾਣੀ ਕੀਰਤਨ ਨੂੰ ਉੱਥੇ ਈ ਰੋਕ ਕੇ ਗੁਰਬਾਣੀ ਦਾ ਸ਼ੁੱਧ ਉੱਚਾਰਣ ਕਰਾਉਣਾ। ਇਹ ਸਿਲਸਿਲਾ ਇਸੇ ਤਰ੍ਹਾਂ ਜਾਰੀ ਰਿਹਾ ਤੇ ਮਾਸਟਰ ਜੀ ਨੇ ਸ੍ਰੀ ਸਤਿਗੁਰੂ ਜੀ ਨਾਲ ਦੇਸ਼ਾਂ-ਵਿਦੇਸ਼ਾਂ 'ਚ ਕਈ ਦੌਰੇ ਵੀ ਕੀਤੇ। ਸਤਿਗੁਰੂ ਜੀ ਨੇ ਮਾਸਟਰ ਜੀ ਦੀ ਆਵਾਜ਼ 'ਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਆਡੀਓ ਕੈਸਟਸ ਦੇ ਰੂਪ 'ਚ ਸਾਧ ਸੰਗਤ ਨੂੰ ਉਪਲਬਧ ਕਰਾਈਆਂ ਤਾਂ ਕਿ ਅਸੀਂ ਵਿਰਾਸਤ ਵਿੱਚ ਪ੍ਰਾਪਤ ਹੋਈ ਗੁਰੂਆਂ ਦੀ ਪਵਿੱਤਰ ਬਾਣੀ ਦਾ ਸ਼ੁੱਧ ਰੂਪ 'ਚ ਉੱਚਾਰਣ ਕਰ ਸਕੀਏ। ਸਤਿਗੁਰੂ ਜੀ ਦਾ ਇਹ ਮਨੋਰਥ ਸੀ ਕਿ ਗੁਰਬਾਣੀ ਦਾ ਭਾਵ ਸਾਡੇ ਮਨਾਂ ਵਿੱਚ ਵੱਸੇ ਤੇ ਅਸੀਂ ਗੁਰਬਾਣੀ ਅਨੁਸਾਰ ਆਪਣਾ ਜੀਵਨ ਬਤੀਤ ਕਰਕੇ ਮੁਕਤੀ ਪ੍ਰਾਪਤ ਕਰ ਸਕੀਏ। ਸਤਿਗੁਰੂ ਜੀ ਨੇ ਆਪਣੇ ਇਸ ਅਨਮੋਲ ਰਤਨ ਨੂੰ ਬੜੇ ਮਾਣ, ਪਿਆਰ ਅਤੇ ਸਤਿਕਾਰ ਨਾਲ ਨਿਵਾਜਿਆ। ਸਨਮਾਨ ਚਿੰਨ੍ਹ ਵੀ ਭੇਂਟ ਕੀਤੇ ਗਏ। ਸ੍ਰੀ

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ ਉਦੈ ਸਿੰਘ ਜੀ ਨੇ ਮਾਸਟਰ ਜੀ ਉੱਪਰ ਕਿਰਪਾ ਬਖ਼ਸ਼ਿਸ਼ਾਂ ਦਾ ਦੌਰ ਉਸੇ ਤਰ੍ਹਾਂ ਜਾਰੀ ਰੱਖਿਆ।

ਜਿੱਥੋਂ ਤੱਕ ਮੈਨੂੰ ਯਾਦ ਹੈ ਪਿਛਲੇ ੧੨-੧੩ ਸਾਲ ਤੋਂ ਮਾਸਟਰ ਦਰਸ਼ਨ ਸਿੰਘ ਤੇ ਮੈਂ (ਈਸ਼ਰ ਸਿੰਘ) ਅਸੀਂ ਇਕੱਠਿਆਂ ਵਾਰਾ ਲਾਇਆ। ਮਾਸਟਰ ਜੀ ਸਾਡੇ ਗਵਾਂਢੀ ਸਨ। ਇਸੇ ਕਰਕੇ ਮੁਲਾਕਾਤਾਂ ਦਾ ਸਿਲਸਿਲਾ ਆਮ ਸੀ। ਜਿਸ ਕਰਕੇ ਮੈਨੂੰ ਮਾਸਟਰ ਜੀ ਦੀ ਨਿੱਜੀ ਜ਼ਿੰਦਗੀ ਨੂੰ ਬਹੁਤ ਨੇੜਿਓਂ ਵੇਖਣ ਦਾ ਮੌਕਾ ਮਿਲਿਆ। ਮਾਸਟਰ ਜੀ ਦੇ ਜੇਕਰ ਰੋਜ਼ਾਨਾ ਜੀਵਨ ਵਿੱਚ ਝਾਤ ਮਾਰੀਏ ਤਾਂ ਉਨ੍ਹਾਂ ਦਾ ਜੀਵਨ ਤਪੱਸਵੀਆਂ, ਸਾਧਕਾਂ ਅਤੇ ਰਿਸ਼ੀਆਂ-ਮੁਨੀਆਂ ਵਾਂਗ ਸੀ। ਸਵੇਰੇ ਅੰਮ੍ਰਿਤ ਵੇਲੇ ਇਸ਼ਨਾਨ ਕਰ ਆਸਾ ਦੀ ਵਾਰ ਲਈ ਹਰੀ ਮੰਦਿਰ ਜਾਣਾ। ਉਪਰੰਤ ਪੰਜ ਬਾਣੀਆਂ ਦਾ ਪਾਠ ਕਰ ਸੈਰ ਨੂੰ ਚਲੇ ਜਾਣਾ। ਆਪ ਪਰਸ਼ਾਦਾ ਪਾਣੀ ਤਿਆਰ ਕਰਨਾ ਤੇ ਘਰ ਦਾ ਸਾਰਾ ਕੰਮ ਵੀ। ਕੁਝ ਸਮਾਂ ਬਿਰਾਜਣ ਮਗਰੋਂ ਦੁਪਹਿਰ ਦੇ ਨਾਮ ਸਿਮਰਨ 'ਚ ਹਿੱਸਾ ਲੈਣ ਲਈ ਫਿਰ ਹਰੀ ਮੰਦਿਰ ਜਾਣ ਲਈ ਕਮਰ ਕੱਸਾ ਕੱਸ ਲੈਣਾ। ਫਿਰ ਸ਼ਾਮ ਨੂੰ ਪਾਠ ਸਿੱਖਣ ਲਈ ਕੋਈ ਨਾ ਕੋਈ ਤੁਰਿਆ ਰਹਿੰਦਾ। ਰਾਤ ਨੂੰ ਰਹਿਰਾਸ/ਕੀਰਤਨ ਸੋਹਿਲਾ ਦਾ ਪਾਠ ਉਪਰੰਤ ਅਰਦਾਸ ਕਰ ਫਿਰ ਸਵੇਰੇ ਆਸਾ ਦੀ ਵਾਰ 'ਚ ਜਾਣ ਲਈ ਬਿਰਾਜਣਾ। ਇਹ ਆਪ ਦਾ ਨਿਤਨੇਮ ਸੀ। ਇਸ ਤੋਂ ਇਲਾਵਾ ਆਪ ਨੇ ਆਦਿ ਤੇ ਦਸਮ ਦੀਆਂ ਬਾਣੀਆਂ ਸ਼ੁੱਧ ਰੂਪ 'ਚ ਤਿਆਰ ਕਰਵਾਈਆਂ, ਜੋ ਕਿ ਸਭ ਤੋਂ ਕਠਿਨ ਕੰਮ ਹੈ।

ਸੇਵਾ ਕਰਨ ਗਊਸ਼ਾਲਾ ਜਾਂਦਿਆਂ ਆਪ ਨੂੰ ਕਈ ਵਾਰ ਦੇਖਿਆ। ਮਾਸਟਰ ਜੀ ਬਿਲਕੁਲ ਸਾਧਾਰਣ ਘਰ 'ਚ ਰਹਿੰਦੇ ਸਨ। ਘਰ ਇਕ ਸਾਈਕਲ ਰਖਿਆ ਸੀ ਜਿਸ ਤੇ ਬੈਠ ਘੁੰਮਣ ਚਲੇ ਜਾਣਾ। ਜੇ ਸਤਿਗੁਰੂ ਜੀ ਨੇ ਕਾਰ ਲੈਣ ਲਈ ਕਿਹਾ ਤਾਂ ਕਹਿੰਦੇ ਮੈਨੂੰ ਇਸਦੀ ਕੀ ਜ਼ਰੂਰਤ? ਜਦੋਂ ਕਿਤੇ ਜਾਣਾ ਹੁੰਦਾ ਤਾਂ ਆਪ ਕਿਰਪਾ ਕਰ ਦਿੰਦੇ ਹੋ।

ਮੇਰੇ ਪਿਤਾ ਸੰਤ ਇੰਦਰ ਸਿੰਘ ਜੀ ਨਾਲ ਆਪ ਅਕਸਰ ਆਪਣੇ ਦਿਲ ਦੀਆਂ ਗੱਲਾਂ ਸਾਂਝੀਆਂ ਕਰਦੇ ਹੁੰਦੇ ਸੀ। ਕਦੀ ਵੀ ਕਿਸੇ ਚੀਜ਼ ਦੀ ਜ਼ਰੂਰਤ ਹੋਣੀ ਤਾਂ ਸਾਨੂੰ ਆਪਣੇ ਪੋਤਿਆਂ ਵਾਂਗ ਝੱਟ ਆਵਾਜ਼ ਮਾਰ ਬੁਲਾ ਲੈਣਾ। ਕੋਈ ਕੱਪੜਾ ਲੀੜਾ ਸਵਾਉਣਾ ਹੁੰਦਾ ਤਾਂ ਮੇਰੇ ਮਾਤਾ ਜੀ ਕੋਲੋਂ ਸਵਾਂ ਲੈਣਾ। ਇਕ ਦਿਨ ਮਨ ਭਰ ਆਇਆ ਤਾਂ ਕਹਿਣ ਲੱਗੇ ਮੇਰਾ ਅਸਲ ਪਰਵਾਰ ਤਾਂ ਤੁਸੀਂ ਹੋ ਜਿਹੜਾ ਮੇਰੇ ਚੰਗੇ ਮਾੜੇ ਸਮੇਂ ਮੇਰੇ ਨਾਲ ਖੜ੍ਹਦੇ ਹੋ। ਮਾਸਟਰ ਜੀ ਨਾਲ ਜਦੋਂ ਵੀ ਮਿਲਣਾਂ ਚਿਹਰੇ ਖਿੱਲ ਉੱਠਦੇ ਤੇ ਦਿਲ ਮੁਸਕੁਰਾ ਉੱਠਦੇ ਜਿਵੇਂ ਪਤਾ ਨਹੀਂ ਕਿੰਨੇ ਕੁ ਚਿਰ ਬਾਅਦ ਮਿਲੇ ਹੋਈਏ। ਇਹ ਬਾਪੂ ਸਾਡਾ ਯਾਰ ਸੀ, ਦਿਲਦਾਰ ਸੀ, ਹਮਰਾਜ ਸੀ। ਹਰ ਐਤਵਾਰ ਨੂੰ ਘਰ ਦਾ ਦਰਵਾਜ਼ਾ ਆ ਖੜਕਾਉਣਾ ਤੇ ਕਹਿਣਾ, "ਈਸ਼ਰ ਜੀ ਸਵੇਰੇ ਵਾਰੇ ਚ ਦਿਓ ਦਰਸ਼ਨ, ਝੱਟ ਕੁ ਲਾ ਲਈਏ"। ਵਾਰੇ ਚ ਕਦੀ ਸੁਰ ਉੱਚਾ ਨੀਵਾਂ ਹੋ ਜਾਣਾ ਤਾਂ ਮੈਂ ਨਾਰਾਜ਼ ਜਿਆ ਹੋ ਜਾਣਾ, ਪਰ ਘਰ ਆਉਂਦਿਆਂ ਆਉਂਦਿਆਂ ਸਾਡੀ ਸੁਲ੍ਹਾ ਵੀ ਹੋ ਜਾਣੀ ਤੇ ਮੈਨੂੰ ਕਹਿਣਾ ਕਿ ਤੁਹਾਡਾ ਆਸਰਾ ਜਿਆ ਬਣਿਆਂ ਹੋਇਆ ਹੈ। ਵਾਰਾ ਚਲੀ ਜਾ ਰਿਹਾ ਹੈ ਤੇ ਜੱਫੀ ਪਾ ਅਲਵਿਦਾ ਹੋਣਾ।

ਅਖੀਰ ਮੈਂ ਇਹੀ ਕਹਾਂਗਾ ਕਿ ਮਾਸਟਰ ਜੀ ਇੰਨੇ ਵਡੇ ਸਾਧਕ ਸਨ ਕਿ ਜੀਵਨ ਦੇ ਉਤਰਾਅ ਚੜ੍ਹਾਅ ਚ ਆਪਣੇ ਆਪ ਨੂੰ ਕਦੀ ਡੋਲਣ ਨਈ ਦਿੱਤਾ ਜਿਵੇਂ ਪਾਤਸ਼ਾਹ ਜੀ ਗੁਰਬਾਣੀ ਚ ਫ਼ੁਰਮਾਉਂਦੇ ਹਨ-

"ਸੁਖੁ ਦੁਖੁ ਦੋਨੋ ਸਮ ਕਰਿ ਜਾਨੈ"

ਸਾਡੇ ਸਾਰਿਆਂ ਦੇ ਪਿਆਰੇ ਮਾਸਟਰ ਦਰਸ਼ਨ ਸਿੰਘ ਜੀ ਲਈ ਕਿਸੇ ਕਵੀ ਦੀਆਂ ਇਹ ਸਤਰਾਂ ਯਾਦ ਆਉਂਦੀਆਂ ਹਨ:

ਬਹੁਤੇ ਰੋਣਗੇ ਦਿਲਾਂ ਦੇ ਜਾਨੀ।

ਸ੍ਰੀ ਭੈਣੀ ਸਾਹਿਬ
ਸੰਪਰਕ: 7888597742

ਮਾਸਟਰ ਜੀ ਅਤੇ ਸੰਤ ਇੰਦਰ ਸਿੰਘ ਜੀ ਛੋਟੇ ਬੱਚੇ ਨੂੰ ਪਲੋਸਦੇ ਹੋਏ।

Sri Satguru Jagjit Singh Ji Elibrary NamdhariElibrary@gmail.com

ਸ਼ਰਧਾ-ਸੁਮਨ

(ਮੇਰੇ ਵਿੱਦਿਆ ਗੁਰੂ ਮਾਸਟਰ ਦਰਸ਼ਨ ਸਿੰਘ ਜੀ ਨੂੰ)

-ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ

ਪ੍ਰੇਮ ਪੁਜਾਰੀ ਗਿਆਨ ਦਾ ਸਾਗਰ ਵਿੱਦਿਆ ਵਾਲੀ ਗੰਗੇ।
ਦਯਾ ਖਿਮਾ ਹਲੀਮੀ ਭਾਰੀ ਬਹੁਤੇ ਸੀ ਉਹ ਚੰਗੇ।

ਸ੍ਰੀ ਗੁਰੂ ਜਗਜੀਤ ਦੇ ਆਸ਼ਕ ਗੁਰਬਾਣੀ ਦੇ ਪ੍ਰੇਮੀ।
ਗੁਣੀ ਗਿਆਨੀ ਮਿੱਠ ਬੋਲੜੇ ਪੂਰੇ ਸੀ ਨਿਤਨੇਮੀ।

ਫੁੱਲਾਂ ਵਾਂਗੂੰ ਚੰਦਨ ਵਾਂਗੂੰ ਖੁਸ਼ਬੂ ਉਨ੍ਹਾਂ ਵੰਡੀ।
ਕ੍ਰੋਧ ਨਾ ਆਇਆ ਉਹਨਾਂ ਨੇੜੇ ਮੂਰਤ ਸੀ ਉਹ ਠੰਡੀ।

ਉੱਤਮ ਪੁਰਖੁ ਸੀ ਕੋਲ ਉਹਨਾਂ ਦੇ ਸ਼ੁੱਭ ਗੁਣਾਂ ਦੀ ਲਾਠੀ।
ਆਦਿ ਗ੍ਰੰਥ ਤੇ ਦਸਮ ਗ੍ਰੰਥ ਦੇ ਉੱਚ ਕੋਟੀ ਦੇ ਪਾਠੀ।

ਸ਼ੁੱਧ ਸਲੋਕ ਤੇ ਛੱਕੇ ਪੜ੍ਹਦੇ ਜਦ ਸੀ ਵਾਰਾ ਲਾਉਂਦੇ।
ਰਾਗੀ ਵੀ ਹੈਰਾਨ ਰਹਿ ਜਾਂਦੇ ਉੱਚੀ ਸੁਰ ਵਿੱਚ ਗਾਉਂਦੇ।

ਮਾਸਟਰ ਦਰਸ਼ਨ ਸਿੰਘ ਪਿਆਰੇ ਮੱਥੇ ਵੱਟ ਨਾ ਪਾਇਆ।
ਤਨ ਮਨ ਲਾ ਕੇ ਗੁਰ ਘਰ ਵਾਲੀ ਸੇਵਾ ਤਾਈਂ ਨਿਭਾਇਆ।

ਆਮ-ਖਾਸ ਨੂੰ ਵਿੱਦਿਆ ਵੰਡੀ ਰੱਖਿਆ ਰਤਾ ਨਾ ਪਰਦਾ।
ਉਸੇ ਵੇਲੇ ਉੱਤਰ ਦਿੰਦੇ ਜਦ ਕੋਈ ਪ੍ਰਸ਼ਨ ਸੀ ਕਰਦਾ।

ਜਪ-ਪ੍ਰਯੋਗ ਦੇ ਮੇਲੇ ਦੇ ਵਿੱਚ ਸੇਵਾ ਖੂਬ ਨਿਭਾਉਂਦੇ।
ਜੱਸ-ਜੀਵਨ ਸਤਿਗੁਰੂ ਬਿਲਾਸ ਦੀ ਕਥਾ ਸੀ ਆਪ ਸੁਣਾਉਂਦੇ।

ਬੱਚੇ ਬੁੱਢੇ ਨੌਜਵਾਨ ਤੇ ਕੀ ਮਾਈ ਕੀ ਭਾਈ।
ਸ਼ੁੱਧ ਗੁਰਬਾਣੀ ਪੜ੍ਹਨੀ ਕਿੱਦਾਂ ਇਹ ਸੀ ਜਾਚ ਸਿਖਾਈ।

ਸ੍ਰੀ ਗੁਰੂ ਪ੍ਰਤਾਪ ਸਿੰਘ ਜੀ ਵਿੱਚ ਅਕੈਡਮੀ ਭਾਈ।
ਗੁਰਬਾਣੀ ਤਾਲੀਮ ਦੇਣ ਦੀ ਸੇਵਾ ਤੁਸਾਂ ਨਿਭਾਈ।

ਗੁਰੂ ਹਰੀ ਸਿੰਘ ਵਿਦਿਆਲੇ ਵਿੱਚ ਕੀਤੀ ਘਾਲ ਕਮਾਈ।
ਬੱਚਿਆਂ ਤਾਈਂ ਗੁਰਬਾਣੀ ਦੀ ਦਿੱਤੀ ਸੀ ਸਿਖਲਾਈ।

ਇੱਕ ਕਾਜ ਹੋਰ ਵੱਡਾ ਕੀਤਾ ਸੁਣਦੀ ਰਹੂ ਲੋਕਾਈ।
ਆਦਿ ਗ੍ਰੰਥ ਤੇ ਦਸਮ ਗ੍ਰੰਥ ਦੀ ਬਾਣੀ ਰਿਕਾਰਡ ਕਰਾਈ।

ਤੱਤੀਆਂ ਬਹੁਤ ਹਵਾਵਾਂ ਵਗੀਆਂ ਝੁੱਲੇ ਕਈ ਤੂਫ਼ਾਨ।
ਫਿਰ ਵੀ ਤੁਸੀਂ ਅਡੋਲ ਰਹੇ ਤੇ ਰੱਖਿਆ ਕਾਇਮ ਈਮਾਨ।

ਬੁਰੇ ਤਾਈਂ ਵੀ ਕਿਹਾ ਉਹਨਾਂ ਨੇ ਭਲਾ ਹੋਵੇਗਾ ਤੇਰਾ।
ਪਰਬਤ ਵਰਗਾ ਧਰਤੀ ਵਰਗਾ ਤੁਸਾਂ ਦਾ ਵੱਡਾ ਜੇਰਾ।

ਸਤ ਸੰਤੋਖ ਸਬਰ ਸਿਦਕ ਦੇ ਤੁਸਾਂ ਸੀ ਪਹਿਨੇ ਗਹਿਣੇ।
ਤੁਰਦਾ ਫਿਰਦਾ ਉਹ ਗ੍ਰੰਥ ਸੀ ਉਸਦੇ ਕੀ ਸੀ ਕਹਿਣੇ।

ਪਾਕ ਪਵਿੱਤਰ ਮੁੱਖ ਦੇ ਵਿੱਚੋਂ ਤੁਸਾਂ ਤਾਈਂ ਵਡਿਆਇਆ।
ਸ੍ਰੀ ਗੁਰੂ ਜਗਜੀਤ ਸਿੰਘ ਜੀ ਤੁਸਾਂ ਦਾ ਮਾਣ ਵਧਾਇਆ।

ਬਚਨ ਮੰਨ ਜਗਜੀਤ ਗੁਰੂ ਦਾ ਵਧਿਆ ਸੀ ਪ੍ਰਤਾਪ।
ਸ੍ਰੀ ਸਤਿਗੁਰੂ ਉਦੇ ਸਿੰਘ ਦੇ ਵਿੱਦਿਆ ਗੁਰੂ ਸੀ ਆਪ।

ਸ੍ਰੀ ਹਜ਼ੂਰ ਦਾ ਹੁਕਮ ਮੰਨ ਕੇ ਕਰਦੇ ਰਹੇ ਸੁਧਾਈ।
ਦਸਮ ਗ੍ਰੰਥ ਦੀ ਪਹਿਲੀ ਪੋਥੀ ਹੱਥੀਂ ਆਪ ਛਪਵਾਈ।

ਸੰਗਤ ਦੇ ਵਿੱਚ ਸਦਾ ਸੀ ਤੇਰੀ ਸੋਭਾ ਦੂਣ ਸਵਾਈ।
ਸੇਵਾ ਜਿਹੜੀ ਤੁਸਾਂ ਨੇ ਕੀਤੀ ਜਾਣੀ ਨਹੀਂ ਭੁਲਾਈ।

ਧੁਰ ਕੀ ਗੀਤ ਚਲੀ ਹੈ ਆਈ, ਜੋ ਆਇਆ ਤਿਸ ਜਾਣਾ।
ਕੂਚ ਜਹਾਨੋਂ ਕਰ ਗਏ ਸਾਰੇ ਕੀ ਰਾਜਾ ਕੀ ਰਾਣਾ।

ਹੋਣੀ ਸਾਥੋਂ ਖੋਹ ਕੇ ਲੈ ਗਈ ਸਮਾਂ ਅਭਾਗਾ ਆਇਆ।
ਸ੍ਰੀ ਸਤਿਗੁਰੂ ਉਦੈ ਸਿੰਘ ਦੇ ਚਰਨੀਂ ਜਾ ਸਮਾਇਆ।

ਜਿਨ੍ਹਾਂ ਤੈਥੋਂ ਲਈ ਵਿਦਿਆ ਤੁਝ ਸੰਗ ਹੱਸੇ ਖੇਲੇ।
ਬਿਰਹਾ ਰੁੰਨੇ ਤੈਨੂੰ ਤੇਰੇ ਯਾਦ ਕਰਨਗੇ ਚੇਲੇ।

ਗੱਲਾਂ ਤੇਰੀਆਂ ਸਿੱਖਿਆਦਾਇਕ ਮਿੱਠੇ ਬੋਲ ਪਿਆਰੇ।
ਜਿਨ੍ਹਾਂ ਨੇ ਸੰਗ ਤੇਰਾ ਕੀਤਾ ਯਾਦ ਕਰਨਗੇ ਸਾਰੇ।

ਜਿਨ੍ਹਾਂ ਨੂੰ ਤੁਸੀਂ ਕੱਲੇ ਛੱਡ ਗਏ ਕਰਨਗੇ ਯਾਦ ਗ੍ਰੰਥ।
ਤੈਨੂੰ ਕਰੂਗਾ ਯਾਦ ਹਮੇਸ਼ਾ ਨਾਮਧਾਰੀਆ ਪੰਥ।

ਧੀਆਂ ਪੋਤਰੀਆਂ ਦੇ ਤਾਈਂ ਲਾਡ ਲਡਾਏ ਬਥੇਰੇ।
ਤੈਨੂੰ ਪਿੱਛੋਂ ਯਾਦ ਕਰਨਗੇ ਪੁੱਤ ਪੋਤਰੇ ਤੇਰੇ।

ਪਰਦੇਸੀ ਮੁੜ ਆਵਣਗੇ ਪਰ ਤੂੰ ਮੁੜ ਕੇ ਨਾ ਆਉਣਾ।
ਤੇਰੇ ਵਰਗਾ ਹੀਰਾ ਸਾਨੂੰ ਫੇਰ ਨਾ ਕਦੇ ਥਿਆਉਣਾ।

ਹੇ ਮੇਰੇ ਉਸਤਾਦ ਤੁਰ ਗਿਉਂ ਬਿਰਹਾ ਤੀਰ ਚਲਾ ਕੇ।
'ਗੁਰਸੇਵਕ' ਨੇ ਜੀ ਲੈਣਾ ਏ ਯਾਦਾਂ ਨੂੰ ਗਲ ਲਾ ਕੇ।

-ਸ੍ਰੀ ਭੈਣੀ ਸਾਹਿਬ
ਸੰਪਰਕ-9463660990

Sri Satguru Jagjit Singh Ji Elibrary NamdhariElibrary@gmail.com

ਥਰਾਜਵਾਲਾ ਦੀ ਕੂਕਾ ਬਗਾਵਤ ਅਤੇ ਭਾਈ ਸਮੁੰਦ ਸਿੰਘ ਉਰਫ਼ ਮਸਤਾਨ ਸਿੰਘ

—ਸੁਵਰਨ ਸਿੰਘ ਵਿਰਕ

ਫਰਵਰੀ ੧੮੬੯ ਈ. ਵਿਚ ਥਰਾਜਵਾਲਾ (ਮੁਕਤਸਰ) ਦੀ ਘਟਨਾ, ਸਤਿਗੁਰੂ ਰਾਮ ਸਿੰਘ ਜੀ ਦੀ ਅਗੁਆਈ ਹੇਠ, ਦੇਸ਼ ਆਜ਼ਾਦੀ ਅਤੇ ਸਿੱਖ ਮੁੜ ਸੁਰਜੀਤੀ ਲਈ ਚੱਲੇ ਕੂਕਾ ਅੰਦੋਲਨ ਦਾ, ਮਾਲਵੇ ਵਿਚ ਇਕ ਮਹੱਤਵਪੂਰਨ ਅਧਿਆਇ ਹੈ। ਇਸ ਘਟਨਾ ਵਿਚ ਹਰ ਆਯੂ ਵਰਗ ਦੇ ਕੋਈ ਪੰਜ ਕੁ ਸੌ ਇਸਤਰੀ ਪੁਰਖ ਸ਼ਾਮਲ ਸਨ, ਜਿਹੜੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਦੱਸੀ ਜੀਵਨ ਜਾਚ ਦੇ ਅਨੁਸਾਰੀ ਸਨ। ਮਾਲਵੇ ਦਾ ਉਸ ਸਮੇਂ ਦਾ ਆਮ ਲੋਕਾਂ ਦਾ ਜੀਵਨ ਬਹੁਤ ਕਠੋਰ ਹਾਲਾਤ ਦਾ ਸਾਹਮਣਾ ਕਰਨ ਵਾਲਾ ਸੀ। ਖੇਤੀ ਮੀਹਾਂ ਤੇ ਨਿਰਭਰ ਸੀ। ਪੀਣ ਲਈ ਪਾਣੀ ਦੀਆਂ ਜਾਂ ਢਾਬਾਂ ਸਨ ਅਤੇ ਜਾਂ ਕਿਤੇ ਕਿਤੇ ਮਿੱਠੇ ਪਾਣੀ ਦੇ ਖੂਹ ਕਈ ਕਈ ਕੋਹ ਦੂਰ ਮਿਲਦੇ ਸਨ। ਖੂਹਾਂ ਵਿਚ ਪਾਣੀ ਬਹੁਤ ਡੂੰਘਾ ਸੀ। ਚਰਸ ਜਾਂ ਬੋਕੇ (ਚਮੜੇ ਦੇ) ਚੱਲਦੇ ਸਨ। ਕੂਕੇ ਸਿੰਘ ਆਪਣੀ ਲੋੜ ਜੋਗਾ ਪਾਣੀ ਆਪ ਖੂਹਾਂ ਤੋਂ ਕੋਹਾਂ ਪੈਡਾਂ ਮਾਰ ਕੇ, ਖਿੱਚ ਕੇ ਲਿਆਉਂਦੇ ਸਨ। ਇਸ ਕਰੜੀ ਰਹਿਤ ਮਰਿਆਦਾ ਬਾਰੇ, ਸੰਤ ਇੰਦਰ ਸਿੰਘ ਚੱਕਰਵਰਤੀ ਲਿਖਦੇ ਹਨ-

"ਸਭ ਤੋਂ ਪਹਿਲਾਂ ਮਾਲਵੇ, ਧਾਰੀ ਰਹਿਤ ਬਬੇਕ
ਭੂਰੀਆਂ ਸਾਰੇ ਪਹਿਨਦੇ, ਕੂਕੇ ਤਦੋਂ ਹਰੇਕ
ਮਲਵਈਆਂ ਦੀ ਪੰਥ ਵਿਚ, ਸਭ ਤੋਂ ਉੱਚੀ ਕਾਰ
ਨਾਮ ਜਪਣ ਬਾਣੀ ਪੜ੍ਹਨ, ਹੱਥ ਕਾਰ ਦਿਲ ਯਾਰ
ਥਰਾਜਵਾਲਾ ਹੈ ਪਿੰਡ ਇਕ, ਮੁਕਤਸਰ ਦੀ ਤਹਿਸੀਲ
ਸਮੁੰਦ ਸਿੰਘ ਜੀ ਪਿੰਡ ਉਸ, ਸਾਧੂ ਬਹੁਤ ਅਸੀਲ
ਉਸ ਤਪੇ ਵਿਚ ਇਹ ਸਨ, ਉਘੇ ਪੂਰਨ ਸਾਧ
ਕਰਨ ਬੰਦਗੀ ਰੱਬ ਨੂੰ, ਹਰ ਦਮ ਰਖਦੇ ਯਾਦ।"੧

ਸੰਨ ੧੮੬੩ ਤੋਂ ੬੬ ਈ. ਤੱਕ ਕੋਈ ਸਾਢੇ ਤਿੰਨ ਸਾਲ, ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣੇ ਰਾਜ ਲਈ ਖ਼ਤਰਾ ਸਮਝ ਕੇ, ਅੰਗਰੇਜ਼ ਸਰਕਾਰ ਨੇ ਭੈਣੀ ਸਾਹਿਬ ਵਿਚ ਨਜ਼ਰਬੰਦ ਰੱਖਿਆ ਸੀ। ਸੰਨ ੧੮੬੮ ਈ. ਦੀ ਦੀਵਾਲੀ ਅੰਮ੍ਰਿਤਸਰ ਮਨਾਉਣ ਬਾਅਦ, ਸਤਿਗੁਰੂ ਜੀ ਨੇ ੧੮੬੯ ਈ. ਜਨਵਰੀ ਦੇ ਮਹੀਨੇ ਮਾਘੀ, ਰਿੱਲ (ਸਿਆਲਕੋਟ) ਬਾਬਾ ਜਮੀਅਤ ਸਿੰਘ ਹੋਰਾਂ ਪਾਸ ਮਨਾਈ ਅਤੇ ਫਿਰ ਇਸੇ ਸਾਲ ਦਾ ਹੋਲਾ ਮਹੱਲਾ ਵੀ ਇਸੇ ਜ਼ਿਲ੍ਹੇ ਵਿਚ ਮਾਨਾਂ ਵਾਲੇ ਵਾਲੇ ਸ੍ਰ. ਹੀਰਾ ਸਿੰਘ ਮਾਨ ਦੇ ਬੇਨਤੀ ਕਰਨ ਤੇ ਉਸਦੇ ਪਿੰਡ ਮਾਨਾਂ ਵਾਲੇ ਕਾਲਰ ਵਿਖੇ ਮਨਾਉਣਾ ਸੀ। ਮਾਲਵੇ ਦੇ ਇਹ ਪ੍ਰੀਤਵਾਨ ਸਿੱਖ, ਪੰਧ ਦੀ ਦੂਰੀ ਕਾਰਨ, ਮਾਨਾਂ ਵਾਲੇ ਨਹੀਂ ਪੁੱਜ ਸੱਕਦੇ ਸਨ। ਉਹਨਾਂ ਇਸ ਸਾਲ ਦਾ ਹੋਲੇ ਮਹੱਲੇ ਦਾ ਪੁਰਬ, ਭਾਈ ਸਮੁੰਦ ਸਿੰਘ ਹੋਰਾਂ ਦੇ ਪਿੰਡ ਥਰਾਜਵਾਲਾ ਵਿਖੇ ਮਨਾਉਣ ਦਾ ਫੈਸਲਾ ਕਰ ਲਿਆ। ਇਸ ਲਈ ਮੁਕਤਸਰ ਦੇ ਆਲੇ ਦੁਆਲੇ ਦੇ ਪਿੰਡਾਂ ਅਤੇ ਮਾਲਵੇ ਦੇ ਕੁਝ ਰਿਆਸਤੀ ਇਲਾਕਿਆਂ ਵਿਚੋਂ ਵੀ ਮਾਈ ਭਾਈ ਹੋਲੇ ਮਹੱਲੇ ਦੇ ਪੁਰਬ ਦੀ ਖੁਸ਼ੀ ਵਿਚ, ਸਾਧ ਸੰਗਤ ਦੇ ਦਰਸ਼ਨ ਮੇਲੇ ਕਰਨ ਦੇ ਚਾਅ ਵਿਚ, ਹੁੰਮ ਹੁੰਮਾ ਕੇ ਇਕੱਠੇ ਹੋਣੇ ਸ਼ੁਰੂ ਹੋ ਗਏ। ਉਹ ਆਪੋ ਆਪਣੇ ਘਰਾਂ ਵਿਚੋਂ ਅੰਨ ਦਾਣਾ, ਦਾਲਾਂ, ਗੁੜ, ਤੇਲ, ਘਿਉ, ਲੀੜਾ ਕੱਪੜਾ, ਬਿਸਤਰੇ ਆਦਿ ਗੱਡਿਆਂ ਉਪਰ ਲੱਦ ਕੇ, ਨਿਕਲ ਆਉਂਦੇ। ਪਿਛਲੇ ਘਰਾਂ ਦੇ ਬੂਹੇ ਵੀ ਮਸਤਾਨੀ ਬਿਰਤੀ ਵਿਚ ਬਿਨਾਂ ਜੰਦਰੇ ਕੁੰਡਿਆਂ ਤੋਂ ਹੀ ਛੱਡ ਆਉਂਦੇ। ਸਤਿਗੁਰੂ ਰਾਮ ਸਿੰਘ ਜੀ ਨੇ ਨਾਮ ਦੀ ਜਿਹੜੀ ਇਲਾਹੀ ਰੰਗਣ ਵਿਚ ਉਹਨਾਂ ਨੂੰ ਰੰਗ ਦਿੱਤਾ ਸੀ ਅਤੇ ਦੇਸ਼ ਪ੍ਰੇਮ ਦੀ ਗੁੜ੍ਹਤੀ, ਜਿਹੜੀ ਇਹਨਾਂ ਆਜ਼ਾਦੀ ਸੰਗਰਾਮੀਆਂ ਨੂੰ ਦਿਤੀ ਗਈ ਸੀ, ਘਰਾਂ ਦੇ ਸੁਖ ਆਰਾਮ ਅਤੇ ਨਿਜੀ ਮਾਲਕੀ ਵਾਲੀਆਂ ਵਸਤਾਂ, ਧਨ ਪਦਾਰਥ ਨਾਲ ਮੋਹ ਤੋਂ ਇਹ ਲੋਕ ਉੱਪਰ ਉਠ ਚੁੱਕੇ ਸਨ। ਆਪਣੇ ਘਰਾਂ ਦਾ ਔਖੇ ਸਮੇਂ ਲਈ ਲੁਕਾ ਕੇ, ਜ਼ਮੀਨ ਵਿਚ ਦੱਬ ਕੇ ਰੱਖਿਆ ਧਨ ਪਦਾਰਥ, ਸੋਨਾ ਚਾਂਦੀ ਵੀ ਉਹ ਆਪ ਪੁੱਟ ਪੁੱਟ ਕੇ, ਭਾਈ ਸਮੁੰਦ ਸਿੰਘ ਥਰਾਜਵਾਲੇ ਦੇ ਹਵਾਲੇ ਕਰੀ ਜਾਂਦੇ ਜਾਂ ਉਹਨਾਂ ਦੀ ਨਿਸ਼ਾਨਦੇਹੀ ਕਰਨ ਤੇ ਉੱਥੋਂ ਪੁੱਟ ਪੁੱਟ ਕੇ ਸਾਂਝੇ ਲੰਗਰ ਵਿਚ ਪਾਉਣ ਲੱਗ ਪਏ। ਇਉਂ ਹੋਲੇ ਮਹੱਲੇ ਤੋਂ ਦਸ ਵੀਹ ਦਿਨ ਪਹਿਲਾਂ ਹੀ, ਉਸ ਦੀ ਤਿਆਰੀ ਵਿਚ ਇਹ ਸਿੰਘ ਪਿੰਡ ਪਿੰਡ ਘੁੰਮ ਰਹੇ ਸਨ। ਰਸਤਾਂ ਬਸਤਾਂ ਇਕੱਠੀਆਂ ਕਰ ਰਹੇ ਸਨ ਅਤੇ ਵੱਧ ਤੋਂ ਵੱਧ ਸੰਗਤ ਨੂੰ ਪੁੱਜਣ ਦੀ ਤੁਰ ਫਿਰਕੇ ਤਾਕੀਦ ਕਰ ਰਹੇ ਸਨ। ਸਮਾਂ ਫਰਵਰੀ ੧੮੬੯ ਈ. ਦੇ ਆਖਰੀ ਦਿਨਾਂ ਦਾ ਸੀ।

ਭਾਈ ਸਮੁੰਦ ਸਿੰਘ ਆਪਣੀ ਮਸਤਾਨੀ ਬਿਰਤੀ ਸਦਕਾ ਮਸਤਾਨ ਸਿੰਘ ਦੇ ਨਾਉਂ ਨਾਲ ਹੀ ਸਿੰਘਾਂ ਵਿਚ ਜਾਣਿਆ

Sri Satguru Jagjit Singh Ji Elibrary NamdhariElibrary@gmail.com

ਜਾਂਦਾ ਸੀ। ਉਸ ਦਾ ਪਿੰਡ ਬਰਾਜਵਾਲਾ ਮੁਕਤਸਰ ਤੋਂ ਕੋਈ ੨੫ ਕੁ ਮੀਲ ਦੇ ਫਾਸਲੇ ਤੇ, ਮਲੋਟ ਅਤੇ ਗਿੱਦੜਬਾਹੇ ਦੇ ਦਰਮਿਆਨ ਜਿਹੇ ਉਸ ਸਮੇਂ ਸਿਰਸਾ ਜ਼ਿਲ੍ਹੇ ਦਾ ਪਿੰਡ ਸੀ। ਯਾਦ ਰਹੇ ਕਿ ਸੰਯੁਕਤ ਪੰਜਾਬ ਵਿਚ ੧੮੩੭ ਤੋਂ ੧੮੮੫ ਤੱਕ ਸਿਰਸਾ ਜ਼ਿਲ੍ਹਾ ਸੀ ਜਿਸ ਵਿਚ ਮਲੋਟ, ਅਬੋਹਰ, ਫਾਜ਼ਿਲਕਾ ਆਦਿ ਇਲਾਕੇ ਆਉਂਦੇ ਸਨ। ਸਮਕਾਲੀ ਇਤਿਹਾਸਕਾਰ ਦੇ ਅਨੁਸਾਰ-

"ਦੋ ਢਾਈ ਸੈ ਸਿੰਘ ਘਰ ਛੱਡਕੇ ਤੁਰ ਪਏ। ਏਹੋ ਈ ਬੋਲਾ ਕਰਨ ਕਿ ਮਾਰ ਲਵੋ,... ਜੋ ਅੱਗੇ ਆਵੇ। ਸਮੁੰਦ ਸਿੰਘ ਜਿਵੇਂ ਕਹੇ ਤਿਵੇਂ ਸਿੰਘ ਕਰਨ। ਨਾਮ ਕੀ ਖ਼ੁਮਾਰੀ ਮੈ ਮਸਤ ਹੋਇਕੇ ਨਿਰਭੈ ਫਿਰਨੇ ਲਗੇ। ਸਰੀਰ ਦੀ ਭੀ ਸੁਧ ਨਾ ਰੱਖੀ। ਸਮੁੰਦ ਸਿੰਘ ਨੇ ਕਹਿਆ ਕਿ ਜਿਸ ਪਾਸ ਧਨ ਹੈ ਸੋ ਸਾਰਾ ਲੈ ਆਵੋ। ਗਹਿਣੇ ਭੀ ਨਾ ਰੱਖੋ। ਸਿੰਘਣੀਆਂ ਦੇ ਸਿੰਘਾਂ ਨੇ ਗਹਿਣੇ ਲਾਹ ਕੇ ਦੇ ਦੀਏ। ...ਚਾਂਦੀ ਦਸ ਮਣ ਕੇ ਕਰੀਬ ਹੋਇ ਗਈ। ਦੋ ਢਾਈ ਸੌ ਸਿੰਘ ਨਿਰ ਇੱਛਤ ਹੋਇ ਗਏ। ਮਾਰ ਲਵੋ ਮਾਰ ਲਵੋ ਏਹੀ ਬੋਲਾ ਰਾਤ ਦਿਨੇ ਬੋਲਦੇ ਹੈ। ਕਹਿੰਦੇ ਹੈਂ ਅਰਦਾਸਾ ਕਰਕੇ ਜਿੱਧਰ ਪੰਜ ਸਿੰਘ ਏਕਾ ਕਰਕੇ ਪੈਣ ਉਧਰੇ ਹੀ ਜੈ ਹੁੰਦੀ ਜਾਂਦੀ ਹੈ ਤੇ ਤੁਸੀਂ ਏਤਨਾ ਪੰਥ ਹੋ। ਜਿੱਧਰ ਪਵੋਗੇ ਜੈ ਹੁੰਦੀ ਜਾਵੇਗੀ। ਜੋ ਜੋ ਪ੍ਰਾਣੀ ਗਊ ਬੱਧ ਕਰਨ ਵਾਲੇ ਤੇ ਧਰਮ ਦੀ ਹਾਨੀ ਕਾਰਨ ਵਾਲੇ ਹੈਂ ਤਿਨ੍ਹਾਂ ਕੋ ਮਾਰ ਲਵੋ। ਐਸਾ ਮਤਾ ਕਰਕੇ ਭਰੇ ਭਰਾਏ ਘਰ ਛੱਡਕੇ ਸਭ ਤੁਰ ਪਏ। ਸਿੰਘ ਸਿੰਘਣੀਆਂ ਨਿੱਕਾ ਵੱਡਾ ਪਾਂਚ ਕੁ ਸੌ ਦਾ ਇੱਕਠ ਹੋਇਆ।

"ਰੁਪਾਣਿਉਂ ਕੁਰਾਈਵਾਲੇ ਆਏ। ਲੋਕ ਕਹਿੰਦੇ ਹੈਂ ਕੂਕੇ ਕਮਲੇ ਹੋ ਗਏ ਹਨ। ਖੁਲ੍ਹੇ ਦਰਵਾਜੇ ਛੱਡ ਕੇ ਘਰਾਂ ਕੋ ਨੱਸ ਜਾਂਦੇ ਹੈਂ। ਏਨ੍ਹਾਂ ਨੂੰ ਕੀ ਹੋ ਗਿਆ ਹੈ? ਥਾਨੇਦਾਰ ਨੇ ਸੁਣਿਆ ਕੂਕੇ ਭਰੇ ਭਰਾਏ ਘਰ ਛੱਡ ਕੇ ਇਕੱਤਰ ਹੋਏ ਹਨ। ਮਾਰੋ ਮਾਰ ਕਰਦੇ ਹੈਂਨ। ਜਿੱਧਰ ਪੈਣਗੇ ਓਧਰ ਹੀ ਦੰਗਾ ਕਰਨਗੇ। ਗ਼ਦਰ ਮਚਾਇ ਦੇਣਗੇ। ਨਿਰਭੈ ਹੈਂ, ਮਰਨੋਂ ਮਾਰਨੋ ਨਹੀਂ ਡਰਦੇ। ਬਹੁਤੇ ਇਕੱਠੇ ਹੋਇਕੇ ਜਾਣਗੇ। ਤਾਂ ਤੇ ਹੁਣੇ ਈ ਕੋਈ ਬੰਦੋਬਸਤ ਕਰਨਾ ਚਾਹੀਏ। ਫੇਰ ਕੋਈ ਜਤਨ ਨਹੀਂ ਹੋਵੇਗਾ। ਥਾਨੇਦਾਰ ਸਿਪਾਹੀ ਲੈ ਕੇ ਆਇਆ ਸਿੰਘਾਂ ਦੇ ਕੋਲ। ਗਾਲ੍ਹਾਂ ਕੱਢਣ ਲੱਗਾ ਤੇ ਕਹਿਣ ਲੱਗਾ ਤੁਸੀਂ ਭੀ ਤਾਂ ਮੁਸਲਮਾਨ ਹੋ, ਮੁਸਲਮਾਨੀ ਕਲਾਮ ਪੜ੍ਹਦੇ ਹੋ। (ਯਾਦ ਰਹੇ ਕਿ ਸਿੱਖ ਤਖ਼ਤਾਂ ਦੇ ਪੁਜਾਰੀਆਂ ਵੱਲੋਂ, ਸਰਕਾਰੀ ਸ਼ਹਿ ਤੇ ਕੂਕਿਆਂ ਵਿਰੁੱਧ ਇਸ ਤਰ੍ਹਾਂ ਦਾ ਭੰਡੀ ਪਰਚਾਰ ਆਮ ਵਰਤਾਰਾ ਸੀ)। ਸਿੰਘਾਂ ਨੇ ਥਾਨੇਦਾਰ ਨੂੰ ਫੜ ਲਿਆ ਕਿ ਪਹਿਲੇ ਏਸ ਨੂੰ ਹੀ ਸੋਧ ਲਵੋ। ਗੁੱਝੀ ਮਾਰ ਮਾਰੀ ਤੇ ਤਲਵਾਰ ਖੋਹ ਲਈ। ਥਾਨੇਦਾਰ ਕਿਸੇ ਦੇ ਘਰ ਜਾਕੇ ਲੁਕਿਆ ਡਰਦਾ ਮਾਰਿਆ। ਤੇੜ ਘੱਗਰੀ ਪਾਇਕੇ ਨਿਕਲਿਆ ਜਾਨ ਬਚਾਇਕੇ।"੨

ਸਮਕਾਲੀ ਅੰਗਰੇਜ਼ ਸਰਕਾਰ ਦੇ ਰੀਕਾਰਡ ਵਿਚੋਂ ਆਈ.ਜੀ. ਪੰਜਾਬ ਪੁਲੀਸ ਦੀ ਕੂਕਾ ਮੱਤ ਦੀ ੧੮੬੯ ਈ. ਵਾਲੀ ਰੀਪੋਰਟ ਵਿਚ ਵੀ ਘਟਨਾ ਦਾ ਵੇਰਵਾ, ਇਸ ਪਰਕਾਰ ਮਿਲਦਾ ਹੈ।

੧੮੬੯ ਵਿਚ ਫੀਰੋਜ਼ਪੁਰ ਦੇ ਪੁਲੀਸ ਕਪਤਾਨ ਟਰਟਨ ਸਮਿੱਥ ਨੂੰ ਸੂਚਨਾ ਮਿਲੀ ਕਿ ਕੂਕੇ ਫੀਰੋਜ਼ਪੁਰ ਜ਼ਿਲ੍ਹੇ ਵਿਚ ਰੁਪਾਣੇ ਦੇ ਨੇੜੇ ਇੱਕਠੇ ਹੋ ਰਹੇ ਹਨ। ਦੱਸਿਆ ਗਿਆ ਕਿ ਉਸ ਪਿੰਡ ਦੇ ਲੰਬੜਦਾਰ ਨੇ (ਜੋ ਕੂਕਾ ਸੀ) ਕੁਝ ਚਰਖੇ, ਮੰਜੇ, ਹਲ ਅਤੇ ਗੱਡੇ ਦੇ ਕੁਝ ਹਿੱਸੇ ਵਗੈਰਾ ਅੱਗ ਲਾ ਕੇ ਸਾੜ ਦਿਤੇ ਹਨ, ਘਰ ਤਿਆਗ ਦਿੱਤਾ ਹੈ ਅਤੇ ਕੂਕਿਆਂ ਦੇ ਇੱਕ ਜਥੇ ਨਾਲ, ਸਿਰਸਾ ਜ਼ਿਲ੍ਹਾ ਦੇ ਪਿੰਡ ਬਰਾਜਵਾਲਾ ਵੱਲ ਚੱਲ ਪਿਆ ਹੈ। ਇਸ ਜਥੇ ਦੀਆਂ ਗਤੀਵਿਧੀਆਂ ਤੇ ਦੀਵਾਨ ਬਖਸ਼, ਪੁਲੀਸ ਦਾ ਡਿਪਟੀ ਇਨਸਪੈਕਟਰ ਇਹਨਾਂ ਨੂੰ ਗੜਬੜ ਫੈਲਾਉਣ ਵਾਲੀਆਂ ਸਮਝ ਕੇ ਨਿਗਰਾਨੀ ਰੱਖ ਰਿਹਾ ਸੀ।

ਕੋਈ ਦੋ ਦਿਨ ਬਾਅਦ ਡਿਪਟੀ ਇਨਸਪੈਕਟਰ ਦੀਵਾਨ ਬਖਸ਼ ਨੇ ਇਹ ਸੂਚਨਾ ਜਾਂ ਰੀਪੋਰਟ ਦਿਤੀ ਕਿ ਕੂਕਿਆਂ ਤੇ ਨਿਗਰਾਨੀ ਰੱਖਣ ਦੇ ਫਲਸਰੂਪ ਉਹਨਾਂ ਮੇਰੇ ਤੇ ਹੱਲਾ ਬੋਲ ਦਿਤਾ ਹੈ। ਮਾਲੂਮ ਹੁੰਦਾ ਹੈ ਕਿ ਉਸ ਦੀ ਤਲਵਾਰ ਖੋਹ ਲਈ ਗਈ ਜਾਂ ਤੋੜ ਦਿਤੀ ਗਈ। ਬਰਾਜਵਾਲੇ ਦੇ ਬਲੀ ਸਿੰਘ ਨੇ ਕੁਹਾੜੀ ਜਾਂ ਡਾਂਗ ਦੀਵਾਨ ਬਖਸ਼ ਨੂੰ ਅਤੇ ਮੰਨਾ ਸਿੰਘ ਚੰਨੂ ਪਿੰਡ ਵਾਲੇ ਨੇ ਉਸ ਦੇ ਘੋੜੇ ਵੱਲ ਬਰਛਾ ਵਗਾਹਤਾ ਚਲਾਇਆ। ਉਸਦੇ ਨਾਲ ਚੱਲ ਰਹੇ ਸਿਪਾਹੀ ਤੇ ਹਮਲਾ ਬੋਲ ਕੇ ਉਹਦੀ ਤਲਵਾਰ ਵੀ ਖੋਹੀ ਗਈ ਅਤੇ ਉਸਦੀ ਵਰਦੀ ਕੋਟ ਆਦਿਕ ਫਾੜ ਦਿੱਤੇ ਗਏ। ਪੁਲੀਸ ਮੁਲਾਜ਼ਮਾਂ ਦੇ ਕੰਮ ਵਿਚ ਵਿਘਨ, ਕੁਰਾਈਵਾਲਾ ਪਿੰਡ ਦੇ ਨੇੜੇ ਪਾਇਆ ਗਿਆ। ਦੀਵਾਨ ਬਖਸ਼ ਨੇ ਦੱਸਿਆ ਕਿ ਕੂਕਿਆਂ ਦਾ ਇਹ ਦਲ, ਬਹੁਤ ਬਗਾਵਤੀ ਲਹਿਜ਼ੇ ਵਾਲੀ ਭਾਸ਼ਾ ਬੋਲ ਰਿਹਾ ਸੀ। ਉਹ ਖ਼ਾਲਸਾ ਰਾਜ ਕਾਇਮ ਹੋਣ ਦਾ ਐਲਾਨ ਕਰ ਰਹੇ ਸਨ ਅਤੇ ਕਿਸੇ ਵੀ ਸੱਤਾ ਪ੍ਰਤੀ ਖੁੱਲ੍ਹੀ ਨਾਬਰੀ ਪ੍ਰਗਟ ਕਰ ਰਹੇ ਸਨ।

ਕਿਉਂਕਿ ਫੀਰੋਜ਼ਪੁਰ ਦਾ ਡਿਪਟੀ ਕਮਿਸ਼ਨਰ ਮੌਜੂਦ ਨਹੀਂ ਸੀ, ਪੁਲੀਸ ਕਪਤਾਨ ਟਰਟਨ ਸਮਿੱਥ ਅਤੇ ਸਹਾਇਕ ਕਮਿਸ਼ਨਰ ਵੇਕ ਫੀਲਡ, ਜਿਤਨੀ ਕੁ ਪੁਲੀਸ ਦੀ ਨਫ਼ਰੀ ਮਿਲੀ ਲੈ ਕੇ ਤੁਰੰਤ ਗੜਬੜ ਵਾਲੀ ਥਾਂ ਨੂੰ ਚੱਲ ਪਏ। ਕੋਈ ੨੪ ਕੁ ਪੈਦਲ ਸਿਪਾਹੀ ਟਾਂਗਿਆਂ ਦੁਆਰਾ ਤੁਰੇ ਅਤੇ ੧੫ ਘੋੜ ਸੁਆਰ ਦੋਹਾਂ ਯੋਰਪੀਨ ਅਫਸਰਾਂ ਦੇ ਨਾਲ ਚੱਲੇ। ਕਿਉਂਕਿ ਰਸਤਾ ਰੇਤੀਲਾ ਸੀ, ਫੀਰੋਜ਼ਪੁਰ ਤੋਂ ਕੁਝ ਮੀਲਾਂ ਤੇ ਟਾਂਗੇ ਛੱਡਣੇ ਪਏ ਤੇ ਸਿਪਾਹੀ ਪੈਦਲ ਹੋ ਗਏ।

ਇਹ ਪਾਰਟੀ ੧ ਮਾਰਚ ਨੂੰ ਤੜਕੇ ਦੋ ਵਜੇ, ਫੀਰੋਜ਼ਪੁਰ ਤੋਂ ੩੪ ਮੀਲ ਦਾ ਪੰਧ ਕਰਕੇ, ਮੁਕਤਸਰ ਪੁੱਜ ਪਈ। ਇੱਥੇ ਕਾਇਮ

Sri Satguru Jagjit Singh Ji Elibrary NamdhariElibrary@gmail.com

ਮੁਕਾਮ ਤਹਿਸੀਲਦਾਰ ਆਲਮ ਸ਼ਾਹ ਨੇ ਦੱਸਿਆ ਕਿ ਕੂਕੇ ਥਰਾਜਵਾਲੇ ਵਿਚ ਇਕੱਠੇ ਹੋਏ ਹਨ ਅਤੇ ਉਹ ਸਮਰਪਣ ਕਰਨ ਲਈ ਤਿਆਰ ਨਹੀਂ। ਕਿਉਂਕਿ ਨਫਰੀ ਥੋਹੜੀ ਸੀ ਸੋ ਆਲਮਸ਼ਾਹ ਕੂਕਿਆਂ ਨਾਲ ਉਲਝਣ ਤੋਂ ਬਚਿਆ।

ਦੋਵੇਂ ਯੋਰਪੀਨ ਅਫਸਰ ਤੇ ਘੋੜ ਸਵਾਰ ਪੁਲੀਸ ਅੱਗੇ ਚੱਲ ਪਏ। ਉਹਨਾਂ ਦੀ ਆਮਦ ਦੀ ਖ਼ਬਰ ਸੁਣਕੇ ਮੁਕਤਸਰ ਦਾ ਸਰਕਾਰੀ ਚਾਟੜਾ ਸੋਢੀ ਮਾਨ ਸਿੰਘ ਤੇ ਉਸਦਾ ਭਰਾ ਵੀ ਹਾਕਮਾਂ ਦੇ ਨਾਲ ਤੁਰ ਪਿਆ ਅਤੇ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਥਰਾਜਵਾਲਾ ਜੋ ਮੁਕਤਸਰ ਤੋਂ ੨੫ ਕੁ ਮੀਲ ਹੀ ਸੀ ਉਹਦੇ ਨੇੜੇ ਪੁੱਜ ਕੇ, ਪੁਲੀਸ ਨੂੰ ਪਿੱਛੇ ਰੱਖਿਆ ਗਿਆ ਅਤੇ ਅਫਸਰਾਂ ਦੀ ਇਮਦਾਦ ਲਈ ਵਾਹਵਾ ਗਿਣਤੀ ਵਿਚ ਜੁੜੇ ਪੇਂਡੂਆਂ ਦੀ ਮੱਦਦ ਨਾਲ, ਕੂਕਿਆਂ ਦੀ ਗਰਿਫਤਾਰੀ ਬਾਰੇ ਵਿਚਾਰਿਆ ਗਿਆ।

ਇਹ ਅਫਸਰੀ ਦਲ ਬਲ ਦੋ ਵਜੇ ਬਾਅਦ ਦੁਪਹਿਰ ਥਰਾਜਵਾਲੇ ਕੋਲ ਪੁੱਜਾ। ਇੰਸਪੈਕਟਰ ਕੁਤਬ ਸ਼ਾਹ ਅਤੇ ਬੰਦੋਬਸਤ ਦਾ ਸੁਪਰਡੈਂਟ, ਅਲੀ ਮੌਲਾ, ੮ ਪੁਲੀਸ ਵਾਲਿਆਂ ਸਣੇ ਉਹਨਾਂ ਦੀ ਇੰਤਜ਼ਾਰ ਵਿਚ ਸਨ। ਇੰਸਪੈਕਟਰ ਪੁਲੀਸ ਨੇ ਸੂਬਾ ਮਲੂਕ ਸਿੰਘ ਫੂਲੇਵਾਲਾ ਦੀ ਮਾਰਫਤ ਕੂਕਿਆਂ ਨੂੰ ਪੇਸ਼ ਹੋ ਜਾਣ ਲਈ ਕਿਹਾ। ਪਰ ਮਲੂਮ ਹੋਇਆ ਕਿ ਇਕੱਠੇ ਕੂਕੇ, ਭਾਈ ਮਸਤਾਨ ਸਿੰਘ ਦੀ ਬੋਲਬਾਣੀ ਨੂੰ, ਸੂਬਾ ਜੀ ਦੇ ਨਿਮਰ ਬਚਨ ਬਲਾਸ ਨਾਲੋਂ, ਵੱਧ ਮਹੱਤਵ ਦੇ ਰਹੇ ਸਨ। ਮਲੂਕ ਸਿੰਘ ਹੋਰਾਂ ਦੇ ਯਤਨ ਨਾਲ, ਕੁਤਬ ਸ਼ਾਹ ਅਤੇ ਮਸਤਾਨ ਸਿੰਘ ਹੋਰਾਂ ਦੀ ਮੁਲਾਕਾਤ ਤਾਂ ਕਰਵਾਈ ਗਈ ਪਰ ਮਸਤਾਨ ਸਿੰਘ ਹੋਰਾਂ ਉਸਨੂੰ ਕਿਹਾ ਕਿ ਉਹ ਆਪਣਾ ਘੋੜਾ ਨਜ਼ਰਾਨੇ ਵਜੋਂ ਸਾਨੂੰ ਦੇ ਦੇਵੇ ਅਤੇ ਇਹ ਵਹਿਮ ਮਨ ਵਿਚੋਂ ਕੱਢ ਦੇਵੇ ਕਿ ਹੁਣ ਅੰਗਰੇਜ਼ ਉਸ ਦੀ ਮੱਦਦ ਕਰਨਗੇ। ਮਸਤਾਨ ਸਿੰਘ ਨੇ ਉਸਨੂੰ ਇਹ ਵੀ ਸਮਝਾਇਆ ਕਿ ਖ਼ਤਮ ਹੋ ਰਹੀ ਅੰਗਰੇਜ਼ ਸਰਕਾਰ ਨਾਲੋਂ, ਆਪਣਾ ਨਾਤਾ ਤੋੜ ਲਵੇ ਅਤੇ ਮਜ਼ਬੂਤ ਹੋ ਰਹੇ ਕੂਕਾ ਉਦੇਸ਼ ਦੇ ਪੱਖ ਵਿਚ, ਆ ਖਲੋਵੇ। ਅਲੀ ਮੁੱਲਾ ਵੱਲੋਂ ਉਹਨਾਂ ਨੂੰ ਰਾਹ ਰਾਸਤੇ ਲਿਆਉਣ ਦੇ ਯਤਨਾਂ ਦਾ ਸੁਆਗਤ ਕੂਕਿਆਂ ਨੇ ਇੱਟਾਂ ਵੱਟਿਆਂ ਨਾਲ ਕੀਤਾ। ਥਰਾਜਵਾਲੇ ਦੇ ਲੰਬੜਦਾਰਾਂ ਨੂੰ ਕੂਕਿਆਂ ਨੇ ਦਸਤਾਰਾਂ ਭੇਂਟ ਕਰਕੇ, ਉਹਨਾਂ ਨੂੰ ਆਪਣੀ ਤਹਿਰੀਕ ਵਿਚ ਸ਼ਾਮਲ ਹੋਣ ਲਈ ਕਿਹਾ।

ਇਸ ਹਾਲਾਤ ਵਿਚ ਸਮਿੱਥ ਅਤੇ ਵੇਕ ਫੀਲਡ ਮੌਕੇ ਤੇ ਪੁੱਜੇ। ਵੇਕ ਫੀਲਡ ਨੇ ਆਲਮ ਸ਼ਾਹ ਅਤੇ ਸੋਢੀ ਮਾਨ ਸਿੰਘ ਨੂੰ ਕੂਕਿਆਂ ਪਾਸ ਭੇਜਿਆ ਇਹ ਦੱਸਣ ਲਈ ਕਿ ਦੋ ਉੱਚ ਅੰਗਰੇਜ਼ ਅਧਿਕਾਰੀ, ਆਪਣੇ ਅਮਲੇ ਫੈਲੇ ਅਤੇ ਸੁਰੱਖਿਆ ਬਲਾਂ ਸਮੇਤ ਪੁੱਜ ਗਏ ਹਨ ਤਾਂ ਕਿ ਅਗਲੀ ਕਾਰਵਾਈ ਕੀਤੀ ਜਾਵੇ। ਇਸ ਵਫਦ ਦੀ ਗੱਲਬਾਤ ਅੱਧਾ ਕੁ ਘੰਟਾ ਚੱਲੀ ਅਤੇ ਭਾਈ ਮਸਤਾਨ ਸਿੰਘ ਅਤੇ ਦੋ ਹੋਰ ਮੁਖੀ ਸਿੱਖ, ਉਹਨਾਂ ਦੇ ਨਾਲ ਅਧਿਕਾਰੀਆਂ ਪਾਸ ਪੁੱਜ ਗਏ। ਕੁਝ ਸਮੇਂ ਬਾਅਦ ਬਾਕੀ ਕੂਕੇ ਇਕ ਵੇਰ ਤੇ ਕਾਫੀ ਜੋਸ਼ ਵਿਚ ਆ ਗਏ। ਉਹਨਾਂ ਕਿਹਾ ਕਿ ਉਹ ਕਿਸੇ ਸਰਕਾਰੀ ਅਫਸਰ ਦਾ ਨਹੀਂ ਸਗੋਂ ਸਿਰਫ ਭਾਈ ਮਸਤਾਨ ਸਿੰਘ ਦਾ ਹੀ ਹੁਕਮ ਮੰਨਣਗੇ। ਯੋਰਪੀਨ ਅਫਸਰਾਂ ਅਤੇ ਆਲੇ ਦੁਆਲੇ ਦੇ (ਸਰਕਾਰ-ਪ੍ਰਸਤ) ਪੇਂਡੂਆਂ ਦੇ ਹਜੂਮ ਨੂੰ ਵੇਖ ਕੇ ਭਾਈ ਮਸਤਾਨ ਸਿੰਘ ਵਿਚ ਉਹਨਾਂ ਦਾ ਭਰੋਸਾ ਤੱਗ ਨਾਂ ਸੱਕਿਆ। ਕੁਝ ਸਮੇਂ ਵਿਚ ਹੀ ਕੂਕਿਆਂ ਨੂੰ ਪੁਲੀਸ ਬਲ ਦੁਆਰਾ ਬੇ ਹਥਿਆਰੇ ਕਰਕੇ ਉਹਨਾਂ ਨੂੰ ਇਕੱਠੇ ਕਰਕੇ ਬੈਠਾ ਲਿਆ ਗਿਆ ਅਤੇ ੪੪ ਕੂਕਿਆਂ ਨੂੰ ਹਿਰਾਸਤ ਵਿਚ ਲੈਕੇ, ਜ਼ਿਲ੍ਹਾ ਸਿਰਸਾ ਦੇ ਪੁਲੀਸ ਥਾਣਾ ਮਲੋਟ ਵਿਚ ਪੁਚਾ ਦਿਤਾ ਗਿਆ।

(ਕਿਉਂਕਿ ਪੰਜਾਬ ਦੇ ਰਿਵਾਜ਼ ਮੁਤਾਬਿਕ, ਕਿਸੇ ਨਵੇਂ ਕੰਮ ਦੀ ਸ਼ੁਭ ਸ਼ੁਰੂਆਤ ਲਈ ਗੁੜ ਵੰਡਿਆ ਜਾਂਦਾ ਹੈ। ਕੂਕੇ ਨਵੀਂ ਬਗਾਵਤ ਦਾ ਮੁੱਢ ਬੰਨ੍ਹਣ ਲਈ ਹੋਲਾ ਮਹੱਲਾ ਮਨਾ ਰਹੇ ਸਨ ਸੋ ਇਸ ਲਈ) ਕੂਕਿਆਂ ਦੁਆਰਾ ਇਸ ਸਮੇਂ ਭਾਰੀ ਮਾਤਰਾ ਵਿਚ ਗੁੜ ਵੰਡਿਆ ਗਿਆ। ਬਹੁਤ ਸਾਰੇ ਕੂਕੇ ਆਪਣਾ ਜੀਆ ਜੰਤ ਵੀ ਨਾਲ ਹੀ ਲੈ ਆਏ ਸਨ ਅਤੇ ਕਾਫੀ ਸੰਖਿਆ ਵਿਚ ਸੋਨੇ ਚਾਂਦੀ ਦੇ ਗਹਿਣੇ ਇਕੱਠੇ ਕਰਕੇ, ਉਹਨਾਂ (ਕਿਸੇ ਭਲੇ ਕੰਮ ਦੇ ਲੇਖੇ ਲਾਉਣ ਲਈ) ਭਾਈ ਮਸਤਾਨ ਸਿੰਘ ਦੇ ਹਵਾਲੇ ਕਰ ਦਿੱਤੇ ਸਨ। ਮਿ. ਟਰਟਨ ਸਮਿੱਥ ਨੇ ਪੰਜ ਹਜਾਰ ਰੁਪੈ ਦੇ ਲਗਪਗ ਕੀਮਤ ਦੇ ਇਹ ਗਹਿਣੇ ਬਰਾਮਦ ਕੀਤੇ ਹਨ, ਬੇਸ਼ਕ ਕੂਕਿਆਂ ਦੁਆਰਾ ਇਕੱਠਾ ਕੀਤਾ ਸਮੁੱਚਾ ਧਨ ਪਦਾਰਥ ਲੱਭਣ ਵਿਚ ਉਹ ਸਫ਼ਲ ਨਹੀਂ ਹੋਇਆ।)

ਇਉਂ ਮਾਲੂਮ ਹੁੰਦਾ ਹੈ ਕਿ ਉੱਚ ਅਧਿਕਾਰੀਆਂ ਨੇ ਬਹੁ ਗਿਣਤੀ ਸਿੰਘਾਂ ਨੂੰ ਇਸ ਘਟਨਾ ਬਾਅਦ ਸੱਜੇ ਖੱਬੇ ਹੋ ਜਾਣ ਦਾ ਮੌਕਾ ਖ਼ੁਦ ਦੇ ਦਿਤਾ ਅਤੇ ਜ਼ਿਆਦਾ ਉਤਸ਼ਾਹੀ ੪੪ ਸਿੰਘਾਂ ਨੂੰ ਜੋ ਖ਼ੁਦ ਗਰਿਫ਼ਤਾਰੀ ਦੇਣ ਲਈ ਭਾਈ ਮਸਤਾਨ ਸਿੰਘ ਦੀ ਕਮਾਨ ਹੇਠ ਡਟੇ ਹੋਏ ਸਨ, ਉਹਨਾਂ ਨੂੰ ਹੀ ਗਰਿਫ਼ਤਾਰ ਕਰਕੇ, ਫਿਰ ਇਹਨਾਂ ਵਿਚੋਂ ਵੀ ਸਿਰਫ ਛੇਆਂ ਨੂੰ ਹੀ ਸਜ਼ਾਵਾਂ ਦੇ ਕੇ ਬਾਕੀ ੩੮ ਸਿੰਘ ਚੇਤਾਵਨੀ ਦੇ ਕੇ ਛੱਡੇ ਗਏ। ਜਿਹਾ ਕਿ ਅੱਗੇ ਚੱਲ ਕੇ ਸਰਕਾਰੀ ਰੀਕਾਰਡ ਵਿਚੋਂ ਸਪਸ਼ਟ ਹੁੰਦਾ ਹੈ ਕਿ ਸਰਕਾਰ ਇਸ ਵੱਡੀ ਘਟਨਾ ਨੂੰ ਬਹੁਤਾ ਵਿਸਥਾਰ ਦੇ ਕੇ, ਮਾਲਵੇ ਵਿਚ ਕੂਕਾ ਵਿਦਰੋਹ ਦਾ ਪਿੜ ਭਖਾਉਣਾ ਨਹੀਂ ਸੀ ਚਾਹੁੰਦੀ। ਮਾਲਵਾ ਜਿੱਥੋਂ ਦੇ ਸਿੱਖ ਰਾਜੇ, ਮਹਾਰਾਜੇ, ਜਗੀਰਦਾਰ ਸਭ ਪਹਿਲਾਂ ਹੀ ਅੰਗਰੇਜ਼ ਸਰਕਾਰ ਦੀ ਤਾਬਿਆ ਵਿਚ ਆ ਚੁੱਕੇ ਸਨ। ਸਾਡਾ ਪਹਿਲਾ ਇਤਿਹਾਸ ਲੇਖਕ ਲਿਖਦਾ ਹੈ-

"ਫਰੰਗੀ ਨੂੰ ਖ਼ਬਰ ਹੋਈ। ਗਾਰਦ ਨਾਲ ਲੈਕੇ ਆਇਆ। ਕਹਾ ਕਿ ਅਬ ਲੜਾਈ ਕਰੋ ਦੇਖੀਏ ਧੁਆਡੀ ਲੜਾਈ। ਮੁਕਬਰ

Sri Satguru Jagjit Singh Ji Elibrary NamdhariElibrary@gmail.com

ਨੇ ਕਹਿਆ ਕਈ ਸਿੰਘ ਭੱਜ ਗਏ ਹੈਨ। ਫਰੰਗੀ ਨੇ ਕਹਾ ਕਿ ਕੁਝ ਪ੍ਰਵਾਹ ਨਹੀਂ, ਨੱਸ ਜਾਣ ਦਿਓ। ਸੰਤਾਲੀ ਸਿੰਘ (ਨਹੀਂ ੪੪) ਰਹੇ ਸੋ ਫੜ ਲਏ। ਪਹਿਰੇ ਮੈਂ ਕਰ ਦੀਏ। ਪੁਲਸ ਵਾਲੇ ਫਰੰਗੀ (ਜ਼ਿਲ੍ਹਾ ਪੁਲੀਸ ਕਪਤਾਨ ਟਰਟਰ ਸਮਿੱਥ) ਨੇ ਹੁਕਮ ਉਡਾਉਣ ਦਾ ਦਿੱਤਾ। ਏਤਨੇ ਮੇਂ ਫਰੰਗੀ ਜ਼ਿਲ੍ਹੇ ਵਾਲਾ (ਅਸਿਸਟੈਂਟ ਕਮਿਸ਼ਨਰ ਵਾਕਫੀਲਡ) ਆਇ ਗਿਆ। ਕਹਿਣੇ ਲਗਾ ਤੁਮ ਇਨ ਕੋ ਉਡਾਓ ਹਮ ਤੁਮਕੋ ਉਡਾਵਾਂਗੇ। ਜੰਜੈਲ (ਭਾਰੀ ਅਤੇ ਲੰਮੀ ਬੰਦੂਕ) ਮੈਂ ਦਾਰੂ ਸਿੱਕਾ ਪਾਇ ਲਿਆ ਹੈ। ਕਹਿਣ ਲੱਗਾ ਐ ਪਾਗਲ ਜੇ ਤੂੰ ਏਨ੍ਹਾਂ ਨੂੰ ਉਡਾਏਂਗਾ ਤਾਂ ਚੌਦੇ ਵਾਲਾ (੧੮੫੭ ਈ.) ਗ਼ਦਰ ਮਚ ਜਾਹੇਗਾ। ਸਭ ਸਿੰਘ ਵਿਗੜ ਜਾਣਗੇ। ਇਤਨਾ ਕਰਕੇ ਸਿੰਘਾਂ ਨੂੰ ਗਰਿਫਤਾਰ ਕਰਕੇ ਲੈ ਗਏ ਮੁਕਤਸਰ ਮੈਂ। ਉਸ ਵਕਤ ਲੋਕ ਆਖਣ ਏਨ੍ਹਾਂ ਨੂੰ ਉਡਾਇ ਦੇਣਗੇ। ਜਿਨ੍ਹਾਂ ਨੂੰ ਥਾਨੇਦਾਰ ਨੇ ਕਹਾ ਕਿ ਏਨ੍ਹਾਂ ਮਾਰਿਆ ਸੀ ਉਨ੍ਹਾਂ ਨੂੰ ਤਾਂ ਬੇੜੀਆਂ ਪਾਈਆਂ, ਬਾਕੀ ਦਿਆਂ ਨੂੰ ਕਹਿਆ ਕਿ ਤੁਮ ਘਰ ਛੱਡ ਛੱਡ ਕੇ ਨਾ ਫਿਰੋ। ਘਰੀਂ ਜਾਇਕੇ ਖੇਤੀਆਂ ਕਰੋ ਤੇ ਖਾਵੋ, ਵੇਹਲੇ ਨਾ ਫਿਰੋ। ਸਿੰਘ ਆਪੋ ਆਪਣੀਂ ਘਰੀਂ ਜਾਇ ਵੜੇ ਤੇ ਫਰੰਗੀ ਥਾਨੇਦਾਰ ਕੋ ਕਹਾ ਕਿ ਤੁਮ ਸਜ਼ਾ ਕੀ ਲਾਇਕ ਹੋ।"੪

ਉੱਚ ਅਧਿਕਾਰੀਆਂ ਨੇ ਸਮਝਿਆ ਕਿ ਆਪਣੀ ਮੌਜ ਵਿਚ ਵਿਚਰ ਰਹੇ ਸਿੰਘਾਂ ਨੂੰ ਜੋ ਹੋਲਾ ਮਹੱਲਾ ਮਨਾਉਣ ਦੇ ਰੌਅ ਵਿਚ ਸਨ, ਥਾਨੇਦਾਰ ਨੇ ਖਰ੍ਹਵੀ ਨਿਗਰਾਨੀ ਕਰਕੇ, ਉਹਨਾਂ ਨੂੰ ਉਤੇਜਿਤ ਕੀਤਾ ਅਤੇ ਆਪਣਾ ਅਫਸਰੀ ਰੋਅਬ ਮਿੱਟੀ ਵਿਚ ਮਿਲਾ ਲਿਆ।

"੨ ਮਾਰਚ, ੧੮੬੯ ਨੂੰ ੪੪ ਕੈਦੀ (ਕੂਕੇ) ਮੁਕਤਸਰ ਪੁਚਾਏ ਗਏ। ਮਿ. ਟਰਟਨ ਸਮਿੱਥ ਨੂੰ ਪਤਾ ਚੱਲਿਆ ਕਿ ਭਾਈ ਮਸਤਾਨ ਸਿੰਘ ਨੇ ਕਾਲ ਪੈਣ ਦੀ ਭਵਿੱਖਬਾਣੀ ਕੀਤੀ ਸੀ, ਜੋ ਕਿ ਸਹੀ ਸਾਬਤ ਹੋਈ ਅਤੇ ਇਸ ਕਰਕੇ ਕੂਕੇ ਉਸ ਦੀ ਅਜ਼ਮਤ ਵਿਚ ਭਰੋਸਾ ਰੱਖਣ ਲੱਗ ਪਏ ਸਨ। ਸਿੱਖਾਂ ਵਿਚ ਆਪਣੀ ਮਾਨਤਾ ਤੋਂ, (ਅੰਗਰੇਜ਼ ਅਧਿਕਾਰੀਆਂ ਮੁਤਾਬਿਕ) ਮਸਤਾਨ ਸਿੰਘ ਹੋਰਾਂ ਨੂੰ ਕੂਕਾ ਲਹਿਰ ਦੇ ਅੰਤਿਮ ਉਦੇਸ਼, ਰਾਜ-ਖ਼ਾਲਸਾ ਦੀ ਪੁਨਰ ਸਥਾਪਨਾ ਲਈ, ਇਹ ਗੜਬੜ ਵਾਲਾ ਮੌਕਾ, ਉਪਯੁਕਤ ਨਜ਼ਰ ਆਇਆ। ਇਸੇ ਮਕਸਦ ਲਈ ਉਸਨੇ ਆਪਣੇ ਆਭਾ ਮੰਡਲ ਨੂੰ (ਸਤਿਗੁਰੂ ਜੀ ਦੁਆਰਾ ਸਥਾਪਿਤ) ਸੂਬਾ ਮਲੂਕ ਸਿੰਘ ਫੂਲੇਵਾਲ ਤੋਂ ਵੱਧ ਪ੍ਰਭਾਵਸ਼ਾਲੀ ਬਣਾ ਲਿਆ ਸੀ। (ਇਸ ਲਿਖਤ ਵਿਚ ਕੁਝ ਬੇਹੂਦਾ ਟਿੱਪਣੀਆਂ ਵੀ ਲੋਕ ਮਨਾਉਤ ਵਜੋਂ ਦਰਜ਼ ਹਨ ਜਦੋਂ ਕਿ ਹਕੀਕ਼ਤ ਵਿਚ, ਭਾਈ ਮਸਤਾਨ ਸਿੰਘ ਜਾਂ ਕੋਈ ਵੀ ਕੂਕਾ, ਕਿਸੇ ਸਮੇਂ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਇਲਾਹੀ ਜੋਤ ਤੋਂ ਉੱਪਰ, ਕਿਸੇ ਵਿਅਕਤੀ ਨੂੰ ਤਸੱਵਰ ਕਰ ਹੀ ਨਹੀਂ ਸੱਕਦਾ ਸੀ)"

ਜਦੋਂ ਇਸ ਘਟਨਾ ਦੀ ਸੂਚਨਾ ਪੰਜਾਬ ਸਰਕਾਰ ਪਾਸ ਪੁੱਜੀ ਤਾਂ ਲਾਹੌਰ ਦੇ ਕਮਿਸ਼ਨਰ ਲੈਫਟੀਨੈਂਟ ਕਰਨਲ ਕਰੈਕਰੋਫਟ ਨੇ ਮਿ. ਨੌਕਸ ਡਿਪਟੀ ਕਮਿਸ਼ਨਰ ਫੀਰੋਜ਼ਪੁਰ ਨੂੰ ਹਦਾਇਤ ਕੀਤੀ ਕਿ ਇਸ ਕੇਸ ਨੂੰ, ਸਰਕਾਰ ਵਿਰੁੱਧ ਜੰਗ ਛੇੜਨ ਦੇ ਯਤਨ ਵਜੋਂ ਦਰਜ ਕਰਨ ਦੀ ਬਜਾਏ, ਦੰਗਾ ਕਰਨ ਦਾ ਮੁਕਦਮਾ ਚਲਾਉ ਅਤੇ ਸਿਰਫ ਕੁਝਨਾਂ ਨੂੰ ਹੀ ਸਖਤ ਸਜ਼ਾਵਾਂ ਦਿੱਤੀਆਂ ਜਾਣ।

ਇਸ ਕੇਸ ਦਾ ਫੈਸਲਾ ਇਸ ਪਰਕਾਰ ਹੋਇਆ।

ਜਥੇ ਦੇ ਆਗੂ ਭਾਈ ਮਸਤਾਨ ਸਿੰਘ (ਸਮੁੰਦ ਸਿੰਘ) ਥਰਾਜਵਾਲਾ (ਸਿਰਸਾ) ਨੂੰ ੧੮ ਮਹੀਨੇ ਸਖਤ ਕੈਦ ਅਤੇ ੫੦ ਰੁਪੈ ਜੁਰਮਾਨਾ ਜਾਂ ਜੁਰਮਾਨਾ ਨਾਂ ਭਰਨ ਦੀ ਸੂਰਤ ਵਿਚ ੬ ਮਹੀਨੇ ਹੋਰ ਕੈਦ ਦੀ ਸਜ਼ਾ ਦਿੱਤੀ ਗਈ। ਹਰਨਾਮ ਸਿੰਘ ਪਿੰਡ ਔਲਖ (ਸਿਰਸਾ) ਨੂੰ ਸਰਮੁਖ ਸਿੰਘ ਨਾਲ ਮਿਲਕੇ ਸੋਭੇ ਸ਼ਾਹ ਸਿਪਾਹੀ ਤੇ ਹਮਲਾ ਕਰਨ, ਉਸਦੀ ਤਲਵਾਰ ਤੋੜਣ ਅਤੇ ਉਸਦੀ ਵਰਦੀ ਤਲਵਾਰ ਨਾਲ ਪਾੜ ਦੇਣ ਦੇ ਦੋਸ਼ ਹੇਠ, ਇੱਕ ਸਾਲ ਸਖਤ ਕੈਦ ਅਤੇ ਪੱਚੀ ਰੁਪੈ ਜੁਰਮਾਨਾ (ਜਾਂ ਤਿੰਨ ਮਹੀਨੇ ਹੋਰ ਕੈਦ) ਦੀ ਸਜ਼ਾ ਸੁਣਾਈ। ਮੰਨਾ ਸਿੰਘ, ਪਿੰਡ ਚੰਨੋ (ਸਿਰਸਾ), ਜਿਸਨੇ ਡਿਪਟੀ ਇੰਸਪੈਕਟਰ ਵੱਲ ਬਰਛਾ ਵਗਾਹ ਕੇ ਮਾਰਿਆ ਸੀ, ਉਸਨੂੰ ਇਕ ਸਾਲ ਸਖਤ ਕੈਦ ਅਤੇ ੨੫ ਰੁਪੈ ਜੁਰਮਾਨਾ (ਜਾਂ ਤਿੰਨ ਮਹੀਨੇ ਹੋਰ ਕੈਦ) ਦੀ ਸਜ਼ਾ ਮਿਲੀ। ਬਚਿੱਤਰ ਸਿੰਘ ਕੁਰਾਈਵਾਲਾ (ਇਲਾਕਾ ਮੁਕਤਸਰ) ਨੂੰ, ਡਿਪਟੀ ਇੰਸਪੈਕਟਰ ਦੇ ਘੋੜੇ ਨੂੰ ਬਰਛਾ ਮਾਰਨ ਸਦਕਾ ਛੇ ਮਹੀਨੇ ਦੀ ਸਖਤ ਕੈਦ ਬੋਲੀ ਗਈ। ਬੇਲੀ ਸਿੰਘ ਥਰਾਜਵਾਲਾ ਨੂੰ, ਜਿਸਨੇ ਡਿਪਟੀ ਕਮਿਸ਼ਨਰ ਤੇ ਡਾਂਗ ਜਾਂ ਸਫਾਜੰਗ ਨਾਲ ਹਮਲਾ ਕੀਤਾ ਸੀ, ਉਸਨੂੰ ਦਸ ਰੁਪੈ ਜੁਰਮਾਨਾ, ਜਾਂ ਨਾਂ ਭਰਨ ਸਦਕਾ ਤਿੰਨ ਮਹੀਨੇ ਸਧਾਰਨ ਕੈਦ ਹੋਈ। ਸਰਮੁੱਖ ਸਿੰਘ ਭੋਲੇਵਾਲਾ (ਮੁਕਤਸਰ) ਜਿਸਨੇ ਡਿਪਟੀ ਇੰਸਪੈਕਟਰ ਦੇ ਸਿਰ ਤੇ ਸੋਟੀ ਮਾਰੀ ਸੀ, ਨੂੰ ਦਸ ਰੁਪੈ ਜੁਰਮਾਨਾ ਜਾਂ ਨਾਂ ਭਰਨ ਸਦਕਾ ਤਿੰਨ ਮਹੀਨੇ ਦੀ ਸਧਾਰਨ ਕੈਦ ਸੁਣਾਈ ਗਈ ਸੀ। (ਸੂਬਾ) ਮਲੂਕ ਸਿੰਘ ਫੂਲੇਵਾਲ ਦਾ ਇਸ ਘਟਨਾ ਨਾਲ ਸਬੰਧ ਤਾਂ ਬਣਦਾ ਸੀ ਪਰ ਕਿਉਂਕਿ ਉਹਦਾ ਉੱਘਾ ਹਿੱਸਾ ਨਹੀਂ ਸੀ, ਤਾੜਨਾ ਕਰਕੇ ਛੱਡ ਦਿੱਤਾ ਗਿਆ।

ਹੇਠ ਲਿਖੇ ਸਿੰਘਾਂ ਨੂੰ ਬਿਨਾਂ ਮੁਕਦਮਾ ਚਲਾਏ ਹੀ ਰਿਹਾਅ ਕਰ ਦਿਤਾ ਗਿਆ- 1. ਅਨੋਖ ਸਿੰਘ ਜੰਡ ਵਾਲਾ (ਸਿਰਸਾ), ਇਹਨਾਂ ਦੇ ਵੰਸ਼ਜ ਸੰਤ ਸਰਬਜੀਤ ਸਿੰਘ, ਪਿੰਡ ਜੰਡਵਾਲਾ ਢਾਣੀ, ਹੁਣ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ, ਨਾਮਧਾਰੀ ਸੰਗਤ ਦੇ ਮੁਕਤਸਰ ਜ਼ਿਲ੍ਹੇ ਦੇ ਸੂਬੇ ਹਨ। 2. ਅਨੂਪ ਸਿੰਘ ਭੋਲੇਵਾਲਾ (ਮੁਕਤਸਰ-ਫੀਰੋਜ਼ਪੁਰ), 3. ਬਹਾਦਰ ਸਿੰਘ ਥਰਾਜਵਾਲਾ (ਸਿਰਸਾ), 4. ਬੇਲਾ ਸਿੰਘ ਥਰਾਜਵਾਲਾ

Sri Satguru Jagjit Singh Ji Elibrary NamdhariElibrary@gmail.com

(ਸਿਰਸਾ), 5. ਭੂਪ ਸਿੰਘ Thote, (ਮੁਕਤਸਰ), 6. ਭਗਵਾਨ ਸਿੰਘ ਜੰਡਵਾਲਾ (ਸਿਰਸਾ), 7. ਬੁੱਧ ਸਿੰਘ ਜੰਡਵਾਲਾ (ਸਿਰਸਾ), 8. ਭਗਵਾਨ ਸਿੰਘ ਸੌਆਂਗ (ਮੁਕਤਸਰ), 9. ਚੰਦਾ ਸਿੰਘ ਸੋਥਾ (ਮੁਕਤਸਰ), 10. ਧਿਆਨ ਸਿੰਘ ਲਬਾਰਵਾਲਾ (ਸਿਰਸਾ), 11. ਦਿਆਲ ਸਿੰਘ ਲੁੰਡੇਵਾਲਾ (ਮੁਕਤਸਰ), 12. ਹੀਰਾ ਸਿੰਘ ਫੂਲੇਵਾਲਾ (ਮੁਕਤਸਰ), 13. ਹਰਨਾਮ ਸਿੰਘ ਦੂਹੇਵਾਲ (ਸਿਰਸਾ), 14. ਜਮੀਅਤ ਸਿੰਘ ਲੁੰਡੇਵਾਲਾ, 15. ਜੀਤਾ ਸਿੰਘ ਦੂਹੇਵਾਲਾ, 16. ਜੈ ਸਿੰਘ ਸੋਥਾ (ਮੁਕਤਸਰ), 17. ਜੈਮਲ ਸਿੰਘ ਖੂਨਣ (ਮੁਕਤਸਰ), 18. ਕਾਹਨ ਸਿੰਘ ਜੋਗਾ (ਰਿ. ਪਟਿਆਲਾ), 19. ਖਜ਼ਾਨ ਸਿੰਘ ਸੋਥਾ, 20. ਖੜਕ ਸਿੰਘ ਸੋਥਾ, 21. ਲਾਲ ਸਿੰਘ ਹੁਸਨਰ (ਮੁਕਤਸਰ), 22. ਮਹਾਂ ਸਿੰਘ ਲਬਾਰਵਾਲਾ, 23. ਮਾਨ ਸਿੰਘ ਸੋਥਾ, 24. ਨਰਾਇਣ ਸਿੰਘ ਕੁਰਾਈਵਾਲਾ, 25. ਨੰਦ ਸਿੰਘ ਫੂਲੇਵਾਲਾ, 26. ਨੰਦ ਸਿੰਘ ਮਹਾਂ ਵੱਦਰ (ਮੁਕਤਸਰ), 27. ਸਾਹਿਬ ਸਿੰਘ ਕੁਰਾਈਵਾਲਾ, 28. ਸ਼ੇਰ ਸਿੰਘ ਭੋਲੇਵਾਲਾ, 29. ਸੋਭਾ ਸਿੰਘ ਸੋਥਾ, 30. ਸੁਹੇਲ ਸਿੰਘ ਔਲਖ, 31. ਸੁੱਧ ਸਿੰਘ, ਜੋਗਾ ਰੱਲਾ (ਪਟਿਆਲਾ), 32. ਤਾਰਾ ਸਿੰਘ ਫੱਕਰਸਰ (ਮੁਕਤਸਰ), 33. ਅਮਰ ਸਿੰਘ ਲੁੰਡੇਵਾਲਾ, 34. ਅਮਰ ਸਿੰਘ ਗੁਰੂਸਰ, 35. ਅਤਰ ਸਿੰਘ ਦੂਹੇਵਾਲਾ, 36. ਵੀਰ ਸਿੰਘ ਲਬਾਰਵਾਲਾ (ਸਿਰਸਾ), 37. ਵਜ਼ੀਰ ਸਿੰਘ ਰੁਪਾਣਾ (ਮੁਕਤਸਰ)।

ਸੋਢੀ ਮਾਨ ਸਿੰਘ ਨੂੰ ਉਸ ਦੀਆਂ ਸੇਵਾਵਾਂ ਬਦਲੇ ਸਰਕਾਰ ਨੇ ਆਨਰੇਰੀ ਮਜਿਸਟਰੇਟ ਬਣਾ ਦਿਤਾ ਅਤੇ ਉਸਦੀ ਮੱਦਦ ਕਰਨ ਵਾਲੇ ਪੇਂਡੂਆਂ ਨੂੰ ਨਕਦ ਇਨਾਮ ਦਿਤੇ ਗਏ। ਸਰਕਾਰੀ ਰੀਕਾਰਡ ਵਿਚ ਇਹ ਵੀ ਦਰਜ ਹੈ ਕਿ ਪੈਦਲ ਸਿਪਾਹੀਆਂ ਨੇ ੬੫ ਮੀਲ ਦਾ ਸਫਰ ੩੦ ਘੰਟਿਆਂ ਵਿਚ ਅਤੇ ਘੋੜ ਸੁਆਰ ਪੁਲੀਸ ਨੇ ੨੪ ਘੰਟਿਆਂ ਵਿਚ ਕੀਤਾ। ਆਈ.ਜੀ. ਦੀ ਰੀਪੋਰਟ ਅਨੁਸਾਰ ਪੁਲੀਸ ਵਾਲਿਆਂ ਦੀ ਇਸ ਖੱਜਲ ਖੁਆਰੀ ਬਦਲੇ, ਉਹਨਾਂ ਦਾ ਉਚਿਤ ਮਾਣ ਸਨਮਾਨ ਨਹੀਂ ਹੋਇਆ।੫

ਕੂਕੇ ਸਿੰਘਾਂ ਨੇ ਇਹ ਕੈਦ ਫੀਰੋਜ਼ਪੁਰ ਦੀ ਜਿਹਲ ਵਿਚ ਕੱਟੀ ਜਿੱਥੇ ਉਹਨਾਂ ਦੀ ਬੇਨਤੀ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੀ ਉਹਨਾਂ ਨੂੰ ਜਿਹਲ ਵਿਚ ਦਰਸ਼ਨ ਦੇਕੇ ਆਏ ਸਨ। ਸੰਨ ੧੮੭੦ ਈ. ਦੀ ਮਾਘੀ ਤੇ ਸਤਿਗੁਰੂ ਜੀ ਨੇ ਮੁਕਤਸਰ ਦਰਸ਼ਨ ਦਿਤੇ ਸਨ। ਉਸ ਤੋਂ ਕੁਝ ਮਹੀਨੇ ਪਹਿਲਾਂ ਸਤਿਗੁਰੂ ਜੀ ਕਿਸੇ ਦੌਰੇ ਸਮੇਂ, ਫੀਰੋਜ਼ਪੁਰ ਸ਼ਹਿਰ ਵਿਚ ਦਰਸ਼ਨ ਦਿੱਤੇ ਸਨ। ਆਪ ਦੇ ਦਰਸ਼ਨ ਕਰਨ ਮਿਸਤਰੀ ਨਿਹਾਲ ਸਿੰਘ (ਮਹਿਤਪੁਰ-ਜਲੰਧਰ) ਹੋਰਾਂ ਦੇ ਘਰ ਜਿੱਥੇ ਸਤਿਗੁਰੂ ਜੀ ਦਾ ਟਿਕਾਣਾ ਸੀ, ਫੀਰੋਜ਼ਪੁਰ ਜਿਹਲ ਦਾ ਦਰੋਗਾ ਵੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਇਆ ਸੀ। ਉਸ ਪਾਸੋਂ ਆਪ ਨੂੰ ਜਿਹਲ ਵਿਚ ਭਾਈ ਮੰਨਾ ਸਿੰਘ ਦੇ ਅਸੁਅਸਥ ਹੋਣ ਦਾ ਪਤਾ ਲੱਗਾ, ਜਿਸ ਕਾਰਨ ਸਤਿਗੁਰੂ ਜੀ ਨੇ ਜਿਹਲ ਵਿਚ ਜਾਕੇ, ਦਰੋਗੇ ਦੇ ਦਫ਼ਤਰ ਵਿਚ ਬੈਠ ਕੇ, ਉੱਥੇ ਆਪਣੇ ਕੈਦੀ ਸਿੰਘਾਂ ਨੂੰ ਵੀ ਤੇ ਹੋਰ ਜਿਹਲ ਵਿਚ ਰਹਿਣ ਵਾਲੇ ਪ੍ਰੇਮੀਆਂ ਨੂੰ ਵੀ ਦਰਸ਼ਨ ਦਿੱਤੇ। ਘਟਨਾ ਦਾ ਵੇਰਵਾ ਬਾਹੋਵਾਲ ਜੀ ਕਾਨੀਬੰਦ ਕਰ ਗਏ ਹਨ। "ਪਾਰ ਫੀਰੋਜ਼ਪੁਰ ਆਏ। ਦਰਸ਼ਨ ਦੀਆ। ਨਿਹਾਲ ਸਿੰਘ (ਪਿਤਾ ਦਾ ਨਾਮ ਲਾਭਾ, ਕਾਰੀਗਰ ਅਤੇ ਅਨਾਜ ਦਾ ਵਿਉਪਾਰੀ, ਪਿੰਡ ਮਹਿਤਪੁਰ-ਨਕੋਦਰ (ਜਲੰਧਰ) ਤੋਂ ੧੮੫੦ ਈ. ਤੋਂ ਬਾਅਦ ੨੫ ਕੁ ਸਾਲ ਦੀ ਉਮਰ ਵਿਚ ਫੀਰੋਜ਼ਪੁਰ ਆ ਗਿਆ ਸੀ। ਸਤਿਗੁਰੂ ਜੀ ਦਾ ਫੀਰੋਜ਼ਪੁਰ ਨਿਵਾਸ ਸਮੇਂ ਦਾ ਸੰਗੀ ਸੀ। ਗੁਰੂ ਹਰੀ ਸਿੰਘ ਜੀ ਨੇ ਭਜਨ ਦੇਣ ਦੇ ਅਧਿਕਾਰ ਤੋਂ ਬਿਨਾਂ ਸੂਬਾ ਬਣਾ ਦਿਤਾ ਸੀ।) ਕੇ ਉਤਰੇ। ਸਭ ਸਿੰਘ ਆਇ ਮਿਲੇ। ਬੜੀ ਖੁਸ਼ੀ ਹੋਈ। ਜੇਲ੍ਹਖਾਨੇ ਦਾ ਦਰੋਗਾ ਭੀ ਆਇਆ ਦਰਸ਼ਨ ਕੋ। ਪੁਛਿਆ ਗੁਰੂ ਜੀ ਏਹ ਕੌਨ ਹੈ? ਸਿੰਘਾਂ ਕਹਿਆ ਜੀ ਏਹ ਦਰੋਗਾ ਹੈ ਜੇਲ੍ਹ ਖਾਨੇ ਕਾ। ਅਗਲੇ ਦਿਨ ਦਰੋਗੇ ਥੀਂ ਪੁੱਛਿਆ, ਸਾਡੇ ਸਿੰਘ ਹੈਨ ਜੇਲ੍ਹ ਖਾਨੇ ਵਿਚ? ਉਸਨਾ ਕਹਾ ਜੀ ਮੰਨਾ ਸਿੰਘ ਤਾ ਬੀਮਾਰ ਹੈ। ਕਈ ਦੁਆਈਆਂ ਕੀਤੀਆਂ ਹੈਨ ਰਾਜੀ ਨਹੀਂ ਹੁੰਦਾ। ਸ੍ਰੀ ਸਤਿਗੁਰੂ ਜੀ ਪਤਾਸਾ ਸੀਤ ਪ੍ਰਸਾਦਿ ਕਰਕੇ ਦਿੱਤਾ। ਬਚਨ ਕੀਤਾ ਮੰਨਾ ਸਿੰਘ ਕੋ ਛਕਾਇ ਦੇ, ਰਾਜੀ ਹੋ ਜਾਵੇਗਾ। ਦਰੋਗੇ ਨੇ ਪਤਾਸਾ ਮੰਨਾ ਸਿੰਘ ਕੋ ਦੀਆ। ਛਕਦੇ ਸਾਰ ਹੀ ਰਾਜੀ ਹੋ ਗਿਆ। ਕੈਦੀ ਕੈਹਣ ਏਨਾਂ ਨੂੰ ਸਤਿਗੁਰੂ ਜੀ ਦਰਸ਼ਨ ਦੇਣਗੇ ਤਾਂ ਅਸੀਂ ਭੀ ਦਰਸ਼ਨ ਕਰਾਂਗੇ। ਸਿੰਘਾਂ ਦਾ ਭੀ ਸੰਕਲਪ ਹੋਇਆ ਕਿ ਦਰਸ਼ਨ ਹੋਵੇ ਸਤਿਗੁਰੂ ਜੀ ਕਾ। ਅਗਲੇ ਦਿਨ ਦਰੋਗਾ ਨਾਲ ਲੈ ਗਿਆ ਸਤਿਗੁਰੂ ਜੀ ਨੂੰ ਜੇਲ੍ਹਖਾਨੇ ਕੇ ਬੀਚ।"

"ਸਮੁੰਦ ਸਿੰਘ ਨੂੰ ਬਚਨ ਕੀਤਾ ਗੁਰੂ ਬਣ ਬੈਠਾ ਸਾਏਂ? ਕੇਹੜੀ ਕਲਾ ਹੈ ਤੁਸਾਂ ਦੇ ਕੋਲ? ਦਰੋਗੇ ਕੋ ਖੁਸ਼ੀਆਂ ਦਿੱਤੀਆਂ। ਸਿੰਘਾਂ ਨੇ ਚਰਨੀਂ ਹੱਥ ਲਾਇਆ, ਫਤੇ ਬੁਲਾਈ। ਅਰਜ ਕੀਤੀ ਜੀ ਤੇਰੇ ਜੰਤ ਹਾਂ, ਰੱਛਿਆ ਰੱਖੀਂ। ਸਤਿਗੁਰੂ ਜੀ ਬਚਨ ਕੀਤਾ ਨਿਹੱਕ ਜ਼ੁਲਮੀ ਕਰਨੇ ਵਾਲੇ ਜੋ ਪਾਪੀ ਹੈਂ ਉਨ੍ਹਾਂ ਨੂੰ ਬੜਾ ਦੁੱਖ ਹੋਊਗਾ, ਗਊਆਂ ਕੋ ਦੁੱਖ ਦੀਆ ਹੈ। ਸਿੰਘਾਂ ਨੂੰ ਖੁਸ਼ੀਆਂ ਦੇ ਕੇ ਚਲੇ ਆਏ। ਫਿਰੋਜ਼ਪੁਰ ਤੀਨ ਪੜਾਉ ਕੀਤੇ। ਬੜੀ ਖੁਸ਼ੀ ਹੋਈ। ਦੀਵਾਨ ਲਗਦਾ ਹੈ ਤਾਂ ਦੁਨੀਆਂ ਦੇਖਣ ਨੂੰ ਔਂਦੀ ਹੈ। ਦੂਰੋਂ ਹੀ ਦੀਦਾਰ ਹੁੰਦਾ ਹੈ ਮੋਹਣੀ ਮੂਰਤ ਦਾ। ਦਰਸ਼ਨ ਕਰਕੇ ਸ਼ਾਂਤ ਆਇ ਜਾਂਦੀ ਹੈ। ਸਰਬ ਦੁਖ ਦੂਰ ਹੁੰਦੇ ਹੈਂ।"੬

ਇਸ ਪਰਕਾਰ ਆਪਣੇ ਪਿਆਰੇ ਸਿੱਖ, ਭਾਈ ਸਮੁੰਦ ਸਿੰਘ ਉਰਫ ਮਸਤਾਨ ਸਿੰਘ ਨੂੰ ਦਰਸ਼ਨ ਦੇ ਕੇ, ਉਸ ਨੂੰ ਅਭਿਮਾਨ ਮੁਕਤ ਕਰਨ ਦਾ ਕਾਰਜ ਵੀ ਸਤਿਗੁਰੂ ਜੀ ਨੇ ਕੀਤਾ ਅਤੇ ਉਹਨਾਂ ਨੂੰ ਖੁਸ਼ੀਆਂ ਬਖਸ਼ ਕੇ, ਉਹਨਾਂ ਦੀਆਂ ਸਰਕਾਰ ਵਿਰੋਧੀ ਕਾਰਵਾਈਆਂ ਉੱਤੇ ਵੀ ਆਪ ਜੀ ਨੇ ਠੀਕ ਹੋਣ ਦੀ ਮੋਹਰ ਲਾ ਦਿੱਤੀ। ਕੂਕਿਆਂ ਦਾ ਸੰਗਠਨ, ਇਕ ਵਿਆਪਕ ਬਸਤੀਵਾਦੀ ਸਰਕਾਰ ਵਿਰੋਧੀ, ਲੋਕ-ਉਭਾਰ ਵਿਚੋਂ ਹੀ ਉੱਠਿਆ ਸੀ ਜਿਹੜਾ

Sri Satguru Jagjit Singh Ji Elibrary NamdhariElibrary@gmail.com

ਹੌਲੇ ਹੌਲੇ, ਇਕ ਵਿਆਪਕ ਵਿਦਰੋਹ ਦੀ ਰੂਪ ਰੇਖਾ ਉਲੀਕਣ ਵੱਲ ਵਧ ਰਿਹਾ ਸੀ। ਸਤਿਗੁਰੂ ਜੀ ਦਾ ਬਰਾਜਵਾਲੇ ਅਤੇ ਮਲੇਰਕੋਟਲੇ ਵਾਲੇ ਮਸਤਾਨੇ ਸਿੰਘਾਂ ਨਾਲ, ਇਸ ਕੂਕਾ ਵਿਦਰੋਹ ਦੀ ਮੁਕੰਮਲ ਤਿਆਰੀ ਨੂੰ ਲੈ ਕੇ ਹੀ ਵਕਤ ਤੋਂ ਪਹਿਲਾਂ ਛਿਟਪੁੱਟ ਕਾਰਵਾਈਆਂ ਕਰਨ ਭਾਵ ਇਸਦੇ ਸਮੇਂ ਸਥਾਨ ਨੂੰ ਲੈ ਕੇ ਹੀ ਮੱਤ ਭੇਦ ਸੀ ਉਂਜ, ਕੂਕਿਆਂ ਦੇ ਇਹ ਸਾਰੇ ਤਬਕੇ, ਪੰਜਾਬ ਵਿਚ ਸੁਤੰਤਰ ਰਾਜ ਦੀ ਪੁਨਰ ਸਥਾਪਨਾ ਵੱਲ ਹੀ ਵਧ ਰਹੇ ਸਨ। ਅਜਿਹਾ ਨਿਸ਼ਾਨਾ ਹੀ ਬਰਾਜਵਾਲੇ ਦੀ ਘਟਨਾ ਦੇ ਆਗੂ ਭਾਈ ਮਸਤਾਨ ਸਿੰਘ ਅਤੇ ਉਹਨਾਂ ਦੇ ਦਲ ਦੇ ਦੂਸਰੇ ਸਿੰਘਾਂ ਦਾ ਸੀ। ਕੁਝ ਅਤਿ ਜੋਸ਼ੀਲੇ ਸਿੰਘ, ਜਿਵੇਂ ਜਿਵੇਂ ਸਮਾਂ ਬੀਤ ਰਿਹਾ ਸੀ ਉਹ ਹੱਥਾਂ ਨੂੰ ਚੱਕ ਵੱਢਦੇ ਸਨ ਅਤੇ ਦੁਸ਼ਮਣ ਫਰੰਗੀ ਸਰਕਾਰ ਦੇ ਰੱਸੇ ਪੈੜੇ ਵੱਟਣ ਲਈ, ਤਰਲੋ ਮੱਛੀ ਹੋ ਰਹੇ ਸਨ। ਇਸੇ ਕਾਰਨ ਹੀ ਬਰਾਜਵਾਲਾ ਦੀ ਇਤਿਹਾਸਿਕ ਘਟਨਾ ਵਾਪਰੀ ਸੀ। ਇਸ ਘਟਨਾ ਤੋਂ ਦੋ ਕੁ ਸਾਲ ਮਗਰੋਂ ੧੮੭੧ ਵਿਚ ਪੈਰਿਸ ਵਿਚ ਫਰਾਂਸ ਦੇ ਮਜ਼ਦੂਰਾਂ ਨੇ, ਕਮਿਊਨਿਸਟ ਪਾਰਟੀ ਦੇ ੧੮੪੮ ਈ. ਵਿਚ ਪ੍ਰਕਾਸ਼ਿਤ ਘੋਸ਼ਣਾ ਪੱਤਰ ਤੋਂ ਅਗਵਾਈ ਲੈਂਦਿਆਂ, ਉੱਥੋਂ ਦੇ ਕਾਮਿਆਂ ਦੀ ਪਹਿਲੀ ਸਰਕਾਰ "ਪੈਰਿਸ ਕਮਿਊਨ" ਦੀ ਸਥਾਪਨਾ ਕੀਤੀ ਸੀ ਜਿਹਨਾਂ ਨੇ ੭੧ ਦਿਨਾਂ ਤੱਕ ਪੈਰਿਸ ਵਿਚ ਆਪਣਾ ਹੁਕਮ ਚਲਾਇਆ ਅਤੇ ਫਿਰ ਇਹ ਕਮਿਊਨ ਵਿਰੋਧੀਆਂ ਨੇ ਬਰਬਰ ਦਮਨ ਕਰਕੇ ਤੋੜ ਦਿੱਤੀ। ਬਰਾਜਵਾਲੇ ਦੀ ਘਟਨਾ ਨੂੰ ਇਸ ਦੇ ਬਰਅਕਸ ਰੱਖ ਕੇ "ਕੂਕਾ ਕਮਿਊਨ" ਕਿਹਾ ਜਾ ਸੱਕਦਾ ਹੈ ਜੋ ਹਫ਼ਤਾ ਦਸ ਦਿਨ ਭਾਈ ਮਸਤਾਨ ਸਿੰਘ ਦੀ ਅਗੁਆਈ ਵਿਚ ਇਕ ਥਾਂ ਲੰਗਰ ਕਰਕੇ, ਸਭ ਦੀਆਂ ਲੋੜਾਂ ਇਕੱਠੇ ਕੀਤੇ, ਸਾਂਝੇ ਕੋਸ਼ ਵਿਚੋਂ ਪੂਰੀਆਂ ਕਰਦੇ ਸਨ। ਪੈਰਿਸ ਕਮਿਊਨ ਦੇ ਨਤੀਜੇ ਵਜੋਂ ਦੁਨੀਆਂ ਦੇ ਅਨੇਕਾਂ ਦੇਸ਼ਾਂ ਅਤੇ ਸੋਵੀਅਤ ਸੰਘ ਵਿਚ ਸਮਾਜਵਾਦੀ ਸਰਕਾਰ ਹੋਂਦ ਵਿਚ ਆਈ। ਕੂਕਾ ਕਮਿਊਨ ਦੇ ਨਤੀਜੇ ਵਜੋਂ ਮਲੇਰਕੋਟਲੇ ਦਾ ਵੱਡਾ ਸਾਕਾ, ਕੂਕਾ ਨਰ ਸੰਘਾਰ ਹੋਇਆ ਅਤੇ ਦੇਸ਼ ਦੀ ਆਜ਼ਾਦੀ ਲਈ ਅਗਲੇ ਸਮੇਂ ਵਿਚ ਅਨੇਕ ਲੋਕ ਲਹਿਰਾਂ ਦੇ ਵਹਿਣ ਨੇ, ਬਸਤੀਵਾਦੀ ਰਾਜ ਸੱਤਾ ਨੂੰ ਰੋਹੜਣ ਵਿਚ ਹਿੱਸਾ ਪਾਇਆ।

ਇਹਨਾਂ ਸਿੰਘਾਂ ਦੇ ਪਰਵਾਰ ਵੀ ਦੇਸ਼ ਪ੍ਰੇਮ ਦੇ ਰੰਗ ਵਿਚ ਰੰਗੇ ਹੋਏ ਸਨ। ਭਾਈ ਬਚਿੱਤਰ ਸਿੰਘ ਕੁਰਾਈਵਾਲੇ ਦਾ ਅਨੰਦ ਕਾਰਜ ੧੮੬੫ ਈ. ਵਿਚ ਫੂਲੇਵਾਲ ਦੇ ਸ੍ਰ. ਸ਼ੇਰ ਸਿੰਘ ਦੀ ਪੁੱਤਰੀ ਬੀਬੀ ਦੇਸਾਂ ਨਾਲ ਹੋਇਆ ਸੀ। ਬੀਬੀ ਦੇਸਾਂ ਪੇਕੇ ਘਰ ਤੋਂ ਹੀ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦੀ ਪਾਠੀ ਬਣਕੇ ਆਈ ਸੀ। ਮਾਈ ਦੇਸਾਂ ਦੇ ਘਰ ਪੰਜ ਪੁੱਤਰ ਹੋਏ ਭਜਨ ਸਿੰਘ, ਚੈਨ ਸਿੰਘ, ਉਜਾਗਰ ਸਿੰਘ, ਜੰਗ ਸਿੰਘ ਅਤੇ ਇੰਦਰ ਸਿੰਘ। ਵੱਡਾ ਪੁੱਤਰ ਭਜਨ ਸਿੰਘ ਡੀਠ-ਵਰਨੀ ਕਵੀ ਸੀ। ਸਿੰਘਾਂ ਨੂੰ ਮੁਕਤਸਰ ਜਦੋਂ ਲਿਆਂਦਾ ਗਿਆ ਤਾਂ ਉਹਨਾਂ ਬੋਕੇ ਦਾ ਪਾਣੀ ਪੀਣ ਅਤੇ ਪੁਲੀਸ ਵੱਲੋਂ ਲਿਆਂਦੇ ਦਾਣੇ ਚੱਬਣ ਤੋਂ ਇਨਕਾਰ ਕਰ ਦਿੱਤਾ, ਜਿਸ ਤੇ ਲੋਕ ਗੀਤ ਬਣ ਗਏ-

"ਕੂਕੇ ਬੜੇ ਕਸੂਤੇ, ਪਾਣੀ ਨਾਂ ਪੀਂਦੇ ਬੋਕੇ ਦਾ,
ਦਾਣੇ ਨਾਂ ਚੱਬਦੇ, ਭੱਠੀ ਦੇ"

ਇਸ ਸਮੇਂ ਜੰਡ ਵਾਲੇ ਪਿੰਡ ਦੇ, ਜਿੱਥੋਂ ਦੇ ਅਨੋਖ ਸਿੰਘ, ਭਗਵਾਨ ਸਿੰਘ ਅਤੇ ਬੁੱਧ ਸਿੰਘ ਨਾਮੇ ਤਿੰਨ ਸਿੰਘ, ੪੪ ਸਿੰਘਾਂ ਵਾਲੇ ਜਥੇ ਵਿਚ ਗਰਿਫਤਾਰ ਕਰਕੇ ਫੀਰੋਜ਼ਪੁਰ ਪੁਚਾਏ ਗਏ ਸਨ, ਬਾਰੇ ਮੁਖਬਰਾਂ ਨੇ ਇਹ ਝੂਠੀ ਰੀਪੋਰਟ ਦਿਤੀ ਕਿ ਕੂਕੇ ਜੰਡਵਾਲੇ ਇਕੱਠੇ ਹੋ ਰਹੇ ਹਨ ਕਿ ਉਹ ਫੀਰੋਜ਼ਪੁਰ ਤੇ ਧਾਵਾ ਬੋਲਣਗੇ ਅਤੇ ਆਪਣੇ ਸਾਥੀਆਂ ਨੂੰ ਛੁਡਾਉਣਗੇ। ਅੰਗਰੇਜ਼ੀ ਫੌਜ ਦੇ ਚਾਰ ਦਸਤਿਆਂ ਨੇ ਜੰਡਵਾਲੇ ਨੂੰ ਘੇਰਾ ਪਾ ਕੇ ਤੋਪਾਂ ਬੀੜ ਦਿੱਤੀਆਂ। ਮਾਈ ਦੇਸਾਂ ਦਾ ਪਿੰਡ ਕਰਾਈਵਾਲਾ ਇੱਥੋਂ ੩ ਮੀਲ ਦੂਰ ਸੀ। ਮਾਈ ਦੇਸਾਂ ਨੇ ਦਹੀਂ ਦੀ ਚਾਟੀ ਭਰ ਲਈ ਅਤੇ ਸਮਦਰਸੀ ਮਾਤਾ ਨੇ ਅੰਗਰੇਜ਼ੀ ਫੌਜ ਨੂੰ ਵੀ ਦਹੀਂ ਛਕਾਇਆ ਅਤੇ ਇਹ ਵੀ ਦੱਸਿਆ ਕਿ ਇੱਥੇ ਸਿੰਘਾਂ ਦਾ ਕੋਈ ਇਕੱਠ ਨਹੀਂ ਹੋਇਆ। ਇਸ ਤਰ੍ਹਾਂ ਅੰਗਰੇਜ਼ੀ ਫੌਜ ਬਿਨਾਂ ਖੂਨ ਖਰਾਬੇ ਤੋਂ ਮਾਈ ਨੇ ਸੂਝ ਬੂਝ ਨਾਲ ਮੋੜ ਦਿਤੀ। ਮੁਕਤਸਰ ਵਿਚ ਕੈਦ ਹੋਏ ਸਿੰਘਾਂ ਨੂੰ ਵੀ ਦਹੀਂ ਖਿੱਚੜੀ ਮਾਈ ਦੇਸਾਂ ਨੇ ਹੀ ਲਿਆ ਕੇ ਛਕਾਈ ਸੀ। ਮਾਤਾ ਦੀ ਇਸ ਮਹਾਨ ਘਾਲਣਾ ਦਾ ਵਰਣਨ, ਉਸ ਦੇ ਪੁੱਤਰ ਭਜਨ ਸਿੰਘ ਨੇ ਆਪਣੀ ਸਿੱਧ ਪੱਧਰੀ ਕਵਿਤਾ ਵਿਚ ਕੀਤਾ ਸੀ ਜੋ ਕੂਕਾ ਦੀਵਾਨਾਂ ਵਿਚ ਇਹ ਕਵਿਤਾ ਗਾ ਕੇ ਉਨੀਵੀਂ ਸਦੀ ਦੇ ਆਖਰੀ ਅਤੇ ਵੀਹਵੀਂ ਦੇ ਪਹਿਲੇ ਦੋ ਤਿੰਨ ਦਹਾਕਿਆਂ ਵਿਚ ਰੰਗ ਬੰਨ੍ਹਿਆ ਕਰਦਾ ਸੀ।

"ਮਾਈ ਦੇਸਾਂ ਖਿੱਚੜ ਰਿੰਨ੍ਹ ਕੇ ਵਿਚ ਮਟੀ ਦੇ ਪਾਇਆ।
ਚਾਟੀਆਂ ਦੋ ਦਹੀਂ ਦੀਆਂ ਭਰੀਆਂ, ਕੱਛਾਂ 'ਚ ਲਟਕਾਇਆ।
ਮੁੱਠਾਂ ਭਰ ਭਰ ਵਿਚ ਬੱਲ੍ਹਣੀ ਦੇ ਮਾਤਾ ਮੱਖਣ ਪਾਇਆ।
ਭੂਠਿਆਂ ਵਿਚ ਲਪੇਟ ਦੋਗੜ੍ਹਾਂ, ਆਪਣੇ ਸੀਸ ਉਠਾਇਆ।
ਮੁਕਤਸਰ ਆ ਕੇ ਭੁੱਖੇ ਸਿੱਖਾਂ ਨੂੰ, ਖਿੱਚੜ ਪ੍ਰਸ਼ਾਦ ਛਕਾਇਆ।
ਮਾਈ ਦੇਸਾਂ ਦਾ ਜੱਸ, ਵੇਦ ਪੁਰਾਣੀਂ ਗਾਇਆ।।
ਫਰੰਗੀ ਕਹਿੰਦਾ ਮਾਈ ਦੇਸਾਂ, ਮੇਰੀ ਫੌਜ ਤਿਹਾਈ।
ਮਾਈ ਨੇ ਦਹੀਂ ਦੀ ਭਰਕੇ ਚਾਟੀ, ਫੌਜੀਆਂ ਤਾਈਂ ਪਿਲਾਈ।
ਗੋਰਾ ਆਖੇ ਧੰਨ ਤੂੰ ਮਾਤਾ, ਤੇਰੀ ਨੇਕ ਕਮਾਈ।
ਮਾਤਾ ਦੇਸਾਂ ਤੂੰ ਨਾਂ ਹੁੰਦੀ, ਮਰਦੀ ਸਭ ਲੁਕਾਈ।
ਮਾਈ ਦੇਸਾਂ ਦੀ, ਇਹ ਸੀ ਨੇਕ ਕਮਾਈ।।
ਮਾਈ ਦੇਸਾਂ ਕੱਦੋਂ ਉੱਚੀ, ਜਿਉਂ ਸਰੂ ਦਾ ਬੂਟਾ।
ਜੇ ਕੋਈ ਉਹਦੇ ਦੁਆਰੇ ਆਵੇ, ਭਰਦੀ ਦਹੀਂ ਦਾ ਠੂਠਾ।
ਮਾਈ ਦੇਸਾਂ ਬਚਨ ਬੋਲਦੀ, ਕੋਲ ਨਾਂ ਖੜ੍ਹਦਾ ਝੂਠਾ।
ਗੁਰਮਤਿ ਦੱਸਦੀ ਮਾਈ ਦੇਸਾਂ, ਕਹੇ ਭਜਨ ਸਿੰਘ ਕੂਕਾ।

Sri Satguru Jagjit Singh Ji Elibrary NamdhariElibrary@gmail.com

ਮਾਈ ਦੇਸਾਂ ਜੋ, ਸਿਰ ਤੇ ਬੰਨ੍ਹਦੀ ਮੂਕਾ।।
ਵਸਾਖ ਮਹੀਨਾ ਚੜ੍ਹਿਆ ਹੈਸੀ, ਹੁਕਮ ਅਕਾਲੋਂ ਆਇਆ।
ਅੰਮ੍ਰਿਤ ਵੇਲੇ ਦੇਸਾਂ ਨਹਾਕੇ, ਹਰਿ ਕਾ ਦਰਸ਼ਨ ਪਾਇਆ।
ਪੁੱਤਰ ਧੀਆਂ ਛੱਡ ਕੇ ਦੇਸਾਂ, ਸੱਚਖੰਡ ਡੇਰਾ ਲਾਇਆ।
ਕਾਲ ਨਾਂ ਰੱਖੇ ਕਾਨ ਕਿਸੇ ਦੀ, ਆਪਣਾ ਹੋਵੇ ਪਰਾਇਆ।
ਮਾਈ ਦੇਸਾਂ ਨੇ, ਸੱਚਖੰਡ ਡੇਰਾ ਲਾਇਆ।।

ਸੰਤ ਬਿਸ਼ਨ ਸਿੰਘ ਹਿਸਟੋਰੀਅਨ ਦੀ ਲਿਖਤ ਮੁਤਾਬਿਕ ਮਾਈ ਦੇਸਾਂ ੧੯੦੬ ਈ. ਵਿਚ ਅਤੇ ਉਸਦੇ ਪੁੱਤਰ ਕਵੀ ਭਜਨ ਸਿੰਘ ਨੇ ੧੯੨੩ ਈ. ਵਿਚ ਚੋਲਾ ਛੱਡਿਆ ਸੀ।੭ (ਭਾਈ ਮਸਤਾਨ ਸਿੰਘ ਦੇ ਜਨਮ ਮਰਨ ਅਤੇ ਹੋਰ ਪਰਵਾਰਿਕ ਵੇਰਵਿਆਂ ਤੋਂ ਸਾਡਾ ਇਤਿਹਾਸ ਖਾਮੋਸ਼ ਹੈ। ਅੰਦਾਜ਼ਨ ਉਹਨਾਂ ਦਾ ਚਲਾਣਾ ੧੮੯੦ ਈ. ਤੱਕ ਹੋ ਗਿਆ ਸੀ।)

ਬਰਾਜਵਾਲਾ ਕਾਂਡ ਵਿਚ ਪਕੜੇ ਗਏ ਕੂਕੇ ਸਿੰਘ ਸਾਰੀ ਉਮਰ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਨੂੰ ਪੂਰੀ ਤਰ੍ਹਾਂ ਸਮਰਪਿਤ ਰਹੇ। ਉਹਨਾਂ ਨੇ ਕਠਿਨ ਹਾਲਾਤ ਵਿਚ, ਕੂਕਾ ਲਹਿਰ ਦੀ ਸ਼ਮ੍ਹਾਂ ਰੋਸ਼ਨ ਰੱਖੀ। ਸ੍ਰੀ ਭੈਣੀ ਸਾਹਿਬ ਵਿਚ, ਗੁਰੂ ਹਰੀ ਸਿੰਘ ਜੀ ਅਤੇ ਉੱਘੇ ਕੂਕਿਆਂ ਨਾਲ ਅੰਦੋਲਨ ਦੀ ਰੂਪ ਰੇਖਾ ਬਾਰੇ, ਮਾਈ ਅਤਰੀ ਮਾਈਸਰ ਖਾਨੇ ਵਾਲੀ, ਨਾਲ ਲਾਟੋਂ ਦੀ ਢੱਕੀ (ਨੇੜੇ ਸ੍ਰੀ ਭੈਣੀ ਸਾਹਿਬ) ਜਿਹੜੀ ੨੦੦-੨੫੦ ਕੂਕਿਆਂ ਦੀ ਗੁਪਤ ਮੀਟਿੰਗ ਹੋਈ ਸੀ, ਉਸ ਵਿਚ ਭਾਗ ਲੈਣ ਵਾਲਿਆਂ ਵਿਚੋਂ ੩੮ ਕੂਕਿਆਂ ਨੂੰ ੨੦ ਮਾਰਚ ੧੮੮੧ ਨੂੰ ਲੁਧਿਆਣਾ ਜ਼ਿਲ੍ਹਾ ਦੇ ਪੁਲੀਸ ਕਪਤਾਨ ਜੇ.ਪੀ. ਵਾਰਬਰਟਨ ਨੇ ਗਰਿਫਤਾਰ ਕੀਤਾ ਸੀ ਅਤੇ ਲੁਧਿਆਣੇ ਲਿਆ ਕੇ ੫੦੪, ੫੦੫ ਸੀ.ਪੀ. ਕੋਡ ਦਸ, ੧੮੭੨ ਤਹਿਤ ਕਾਰਵਾਈ ਕੀਤੀ ਸੀ। ਇਹਨਾਂ ਵਿਚੋਂ ਹੇਠ ਲਿਖੇ ਸਿੰਘ ਬਰਾਜਵਾਲਾ ਘਟਨਾ ਵਿਚ ਗਰਿਫਤਾਰ ਕੀਤੇ ਗਏ ੪੪ ਸਿੰਘਾਂ ਵਿਚੋਂ ਸਨ-

(੧) ਤਾਰਾ ਸਿੰਘ ਪੁੱਤਰ ਬਹਾਲੀ, ਜੱਟ, ਪਿੰਡ ਫੱਕਰਸਰ ਥਾਣਾ ਭਾਈਕੋਟ (ਫੀਰੋਜ਼ਪੁਰ)
(੨) ਲਾਲ ਸਿੰਘ ਪੁੱਤਰ ਜਵਾਹਰ ਸਿੰਘ, ਜੱਟ, ਪਿੰਡ ਹੋਸਨਰ, ਥਾਣਾ ਭਾਈਕੋਟ
(੩) ਵਜ਼ੀਰ ਸਿੰਘ ਪੁੱਤਰ ਫਤੇਹ ਸਿੰਘ, ਜੱਟ, ਪਿੰਡ ਰੁਪਾਣਾ, ਥਾਣਾ ਮੁਕਤਸਰ (ਫੀਰੋਜ਼ਪੁਰ)
(੪) ਭਗਵਾਨ ਸਿੰਘ ਪੁੱਤਰ ਬਹਾਲ ਸਿੰਘ, ਜੱਟ, ਜੰਡਵਾਲਾ, ਥਾਣਾ ਮਲੋਟ, ਜ਼ਿਲ੍ਹਾ ਸਿਰਸਾ
(੫) ਧਿਆਨ ਸਿੰਘ ਪੁੱਤਰ ਭੂਪ ਸਿੰਘ, ਜੱਟ, ਲੱਖੇਵਾਲੀ, ਥਾਣਾ ਬੰਗਲਾ ਫਾਜ਼ਿਲਕਾ, ਜ਼ਿਲ੍ਹਾ ਫਾਜ਼ਿਲਕਾ (ਜਾਂ ਸਿਰਸਾ ?)

ਭਗਵਾਨ ਸਿੰਘ ਪਿੰਡ ਸੌਆਂਗ ਦਾ ਮਸਤਾਨੀ ਬਿਰਤੀ ਵਿਚ ਨਾਮ ਰਿਖੀ ਸਿੰਘ ਸੀ ਅਤੇ ਉਸ ਦੇ ਵੀ ਬਹੁਤ ਸਾਰੇ ਪਰਸੰਗ ਨਾਮਧਾਰੀ ਇਤਿਹਾਸ ਵਿਚ ਦਰਜ਼ ਹਨ। ਇਸ ਘਟਨਾ ਤੋਂ ਬਾਅਦ ਸੂਬਾ ਗਿਆਨੀ ਰਤਨ ਸਿੰਘ ਅਤੇ ਸੂਬਾ ਲੱਖਾ ਸਿੰਘ ਹੋਰਾਂ ਨੂੰ ਸਤਿਗੁਰੂ ਜੀ ਨੇ ਸਾਰਾ ਵਾਕਿਆਤ ਮਾਲੂਮ ਕਰਨ ਲਈ ਇਲਾਕਾ ਮੁਕਤਸਰ ਵਿਚ ਭੇਜਿਆ। ਧਨ ਪਦਾਰਥ ਜਿਤਨਾ ਜਿਤਨਾ ਜਿਸ ਸਿੰਘ ਦਾ ਸੀ ਉਹਨਾਂ ਨੂੰ ਵਾਪਿਸ ਕਰ ਦਿੱਤਾ। ਸਤਿਗੁਰੂ ਜੀ ਦੇ ਸੱਦੇ ਤੇ ਭਗਵਾਨ ਸਿੰਘ ਸੌਆਂਗ ਸਮੇਤ ਬਹੁਤ ਸਾਰੇ ਮੁਕਤਸਰੀਏ ਸਿੰਘ, ਸ੍ਰੀ ਭੈਣੀ ਸਾਹਿਬ ਆ ਕੇ ਗੁਰੂ ਕੇ ਲੰਗਰ ਦੀ ਸੇਵਾ ਕਰਕੇ ਇੱਥੋਂ ਹੀ ਪਰਸ਼ਾਦ ਛਕਣ ਲੱਗੇ। ਗੁਰੂ ਕੇ ਤਬੇਲੇ ਵਿਚ ਭਰਤ ਪਾਉਣ ਦੀ ਸੇਵਾ ਇਹਨਾਂ ਨਿਬਾਹੀ ਸੀ। ਫਿਰ ਸਰਹਿੰਦ ਨਹਿਰ ਦੀ ਖੁਦਾਈ ਵੇਲੇ ੧੮੭੦-੭੧ ਈ. ਵਿਚ ਉੱਥੇ ਕੰਮ ਕਰਨ ਲੱਗ ਪਏ। ਸੂਬਾ ਮਲੂਕ ਸਿੰਘ ਫੂਲੇਵਾਲ ਨੂੰ ਇਸੇ ਨਹਿਰ ਤੋਂ ਹੀ ਜਨਵਰੀ ੧੮੭੨ ਵਿਚ ਗਰਿਫਤਾਰ ਕਰਕੇ, ਜਲਾਵਤਨ ਕੀਤਾ ਸੀ। ਮਾਲਵੇ ਦੇ ਇਲਾਕੇ ਦੇ ਸਿੰਘਾਂ ਦੇ ਨਾਮ ਆਪਣੇ ਹੁਕਮਨਾਮੇ ਵਿਚ ਸਤਿਗੁਰੂ ਜੀ ਇਹ ਲਿਖ ਕੇ ਕਿ "ਨਾਉ ਗਾਉ ਲਿਖਣੇ ਤੇ ਕਾਗਤੁ ਬਧ ਜਾਂਦਾ ਹੈ। ਹੋਰ ਸਰਬ ਮੁਕਤਸਰੀਆਂ ਕੋ ਭੀ"੮ ਜੋ ਬਰਾਜਵਾਲੇ ਦੀ ਘਟਨਾ ਵਿਚ ਵੀ ਸ਼ਾਮਲ ਰਹੇ ਯਾਦ ਕਰਦੇ ਹਨ ਅਤੇ ਉਹਨਾਂ ਪ੍ਰਥਾਇ ਆਪਣਾ ਪ੍ਰੇਮ ਪਰਗਟ ਕਰਦੇ ਹਨ।

-ਹਵਾਲੇ ਤੇ ਟਿੱਪਣੀਆਂ-

(੧) ਸੰਤ ਇੰਦਰ ਸਿੰਘ ਚੱਕਰਵਰਤੀ, ਮਾਲਵੇਂਦ੍ਰ (ਮਹਾਂ ਕਾਵਿ), ਸਫਾ ੨੬੯
(੨) ਸੰਤ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਪਹਿਲਾ (ਸੰ. ਜਸਵਿੰਦਰ ਸਿੰਘ) ਸਫਾ ੩੨੧-੨੨
(੩) ਜਸਵਿੰਦਰ ਸਿੰਘ (ਸੰਪਾਦਕ), ਕੂਕਾ ਮੂਵਮੈਂਟ ਐਂਡ ਦਾ ਮੈਕਨੇਬ ਰੀਪੋਰਟ, ਆਈ.ਜੀ. ਪੰਜਾਬ ਪੁਲੀਸ, ਲੈਫਟੀਨੈਂਟ ਕਰਨਲ ਲੀ. ਹਚਿਨਸਨ ਦੀ ੧੮੬੯ ਦੇ ਸਾਲ ਦੀ ਕੂਕਾ ਮੱਤ ਦੇ ੧੮੬੯ ਈ. ਵਿਚਲੇ ਚਲਣ ਦੀ ਰੀਪੋਰਟ, ਸਫਾ ੧੩੨-੩੫
(੪) ਬਾਹੋਵਾਲ, ਉਪਰੋਕਤ, ਸਫਾ ੩੨੨-੨੩
(੫) ਜਸਵਿੰਦਰ ਸਿੰਘ, ਉਪਰੋਕਤ, ਸਫਾ ੧੩੫-੩੮
(੬) ਬਾਹੋਵਾਲ, ਉਪਰੋਕਤ, ਸਫਾ ੩੭੧-੭੨
(੭) ਸੰਤ ਬਿਸ਼ਨ ਸਿੰਘ ਹਿਸਟੋਰੀਅਨ, ਆਜ਼ਾਦੀ ਦੀ ਲਹਿਰ ਅਤੇ ਨਾਮਧਾਰੀ ਦੇਵੀਆਂ, ਸਫਾ ੫੫-੫੮
(੮) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ (ਜਸਵਿੰਦਰ ਸਿੰਘ ਸੰ.) ਪਹਿਲੀ ਛਾਪ, ਹੁਕਮਨਾਮਾ ਨੰ: ੫, ਸਫਾ ੧੩੭। ਇਹ ਹੁਕਮਨਾਮਾ ਸਤਿਗੁਰੂ ਜੀ "ਲਿਖਤੋ ਗੰਗਾ ਵਾਲਾ ਮਸਤਾਨਾ ਸਿੰਘ" ਵਾਕ ਨਾਲ ਆਰੰਭ ਕਰਦੇ ਹਨ।

ਪਿੰਡ ਤੇ ਡਾਕ: ਕਰੀਵਾਲਾ,
ਜ਼ਿਲ੍ਹਾ: ਸਿਰਸਾ (ਹਰਿਆਣਾ)
ਸੰਪਰਕ: 99963-71716

Sri Satguru Jagjit Singh Ji Elibrary NamdhariElibrary@gmail.com

ਨਿੰਦਾ ਭਲੀ ਕਿਸੈ ਕੀ ਨਾਹੀ

- ਤਾਰਾ ਸਿੰਘ ਅਨਜਾਣ

ਮਨੁੱਖ ਕਈ ਵਾਰ ਬਿਨਾ ਕਿਸੇ ਲੋੜ ਤੋਂ, ਬਿਨਾ ਕਿਸੇ ਗੱਲ ਤੋਂ ਕਿਸੇ ਦੇ ਨੁਕਸ ਕੱਢਣ ਵਲ ਝੁਕਾਅ ਬਣਾ ਲੈਂਦਾ ਹੈ। ਉਸ ਨੂੰ ਕਿਸੇ ਦੀਆਂ ਗ਼ਲਤੀਆਂ ਲੱਭਣ ਜਾਂ ਕੱਢਣ ਜਾਂ ਸੁਣਨ ਵਿਚ ਸਵਾਦ ਆਉਂਦਾ ਹੈ। ਐਸਾ ਮਨੁੱਖ ਆਪ ਨਿੰਦਿਆ ਕਰਦਾ ਹੈ ਜਾਂ ਸੁਣਦਾ ਹੈ।

ਨਿੰਦਿਆ ਦਾ ਮਤਲਬ ਤਾਂ ਕਿਸੇ 'ਤੇ ਦੋਸ਼ ਲਾਉਣਾ, ਕਿਸੇ ਦੀ ਬਦਨਾਮੀ ਕਰਨਾ ਹੈ। ਅਸਲ ਵਿਚ ਅਸੀਂ ਜਦੋਂ ਕਿਸੇ ਪ੍ਰਤੀ ਵੈਰ ਭਾਵ ਰੱਖਦੇ ਹਾਂ, ਈਰਖਾ ਰੱਖਦੇ ਹਾਂ, ਉਸ ਨੂੰ ਛੋਟਾ ਕਰਨਾ ਚਾਹੁੰਦੇ ਹਾਂ ਤਾਂ ਦੂਜਿਆਂ ਵਿੱਚ ਉਸ ਨੂੰ ਬਦਨਾਮ ਕਰਨ ਲਈ ਉਸ ਦੀ ਨਿੰਦਿਆ ਕਰਦੇ ਹਾਂ। ਪਹਿਲਾਂ ਪਹਿਲ ਤਾਂ ਐਵੇਂ ਸਵਾਦ ਵਾਸਤੇ ਇੰਜ ਕਰੀਦਾ ਹੈ, ਹੌਲੀ-ਹੌਲੀ ਇੰਜ ਕਰਨ ਦੀ ਆਦਤ ਪੈ ਜਾਂਦੀ ਹੈ। ਸਾਨੂੰ ਨਿੰਦਿਆ ਕਰਨੀ ਚੰਗੀ ਲੱਗਦੀ ਹੈ। ਇਸ ਦਾ ਸਵਾਦ ਪੈ ਜਾਂਦਾ ਹੈ ਪਰ ਗੁਰਬਾਣੀ ਨੇ ਇਸ ਨੂੰ ਵਡਿਆਇਆ ਨਹੀਂ, ਸਗੋਂ ਇਸ ਤੋਂ ਵਰਜਿਆ ਹੈ, ਰੋਕਿਆ ਹੈ। ਏਸੇ ਕਰਕੇ ਤੀਜੇ ਪਾਤਸ਼ਾਹ ਨੇ ਬਾਣੀ ਵਿਚ ਲਿਖਿਆ ਹੈ!

ਨਿੰਦਾ ਭਲੀ ਕਿਸੈ ਕੀ ਨਾਹੀ।।

ਕਿਸੇ ਕੀ ਨਾਹੀ ਵਿਚ ਚੰਗੇ ਮਾੜੇ ਦੀ ਵੰਡ ਨਹੀਂ ਕੀਤੀ। ਜੇ ਸਾਡੀਆਂ ਨਜ਼ਰਾਂ ਵਿਚ ਕੋਈ ਸੱਚ-ਮੁੱਚ ਮੰਦਾ ਕਰਮ ਕਰਦਾ ਹੈ, ਮਾੜਾ ਕਰਦਾ ਹੈ, ਖੋਟਾ ਬੀਜ ਬੀਜਦਾ ਹੈ ਤਾਂ ਵੀ ਉਸ ਦੀ ਨਿੰਦਿਆ ਕਰਨਾ ਸਾਡੇ ਲਈ ਸੋਭਦਾ ਨਹੀਂ।

ਜਦੋਂ ਨਿੰਦਿਆ ਕਰਨਾ ਸਾਡੀ ਆਦਤ ਬਣ ਜਾਂਦੀ ਹੈ, ਤਾਂ ਇਸ ਨੂੰ ਅਸੀਂ ਛੱਡ ਨਹੀਂ ਸਕਦੇ। ਭਾਈ ਗੁਰਦਾਸ ਨੇ ਇਕ ਪਉੜੀ ਵਿਚ ਲਿਖਿਆ ਹੈ, ਜਿਵੇਂ ਕਿਸੇ ਕੁੱਤੇ ਨੂੰ ਜੇ ਬਾਦਸ਼ਾਹ ਬਣਾ ਦਿੱਤਾ ਜਾਵੇ ਤਾਂ ਫਿਰ ਵੀ ਉਸ ਦੀ ਚੱਕੀ ਨੂੰ ਚੱਟਣ ਦੀ ਆਦਤ ਨਹੀਂ ਜਾਂਦੀ। ਜੇ ਅਸੀਂ ਬੜੇ ਪਿਆਰ ਨਾਲ ਪੁਚਕਾਰ ਕੇ ਕਿਸੇ ਸੱਪ ਨੂੰ ਅੰਮ੍ਰਿਤ ਰੂਪੀ ਦੁੱਧ ਪਿਆਈਏ ਤਾਂ ਉਸ ਅੰਦਰ ਦਾ ਜ਼ਹਿਰੀਲਾ ਸੁਭਾਅ ਖ਼ਤਮ ਨਹੀਂ ਹੁੰਦਾ। ਉਹ ਆਪਣੇ ਮੁੱਖ ਤੋਂ ਜ਼ਹਿਰ ਹੀ ਸੁੱਟੇਗਾ। ਪੱਥਰ ਦਾ ਸੁਭਾਅ ਹੈ ਸਖ਼ਤੀ। ਜੇ ਪੱਥਰ ਨੂੰ ਪਾਣੀ ਵਿਚ ਵੀ ਰੱਖਿਆ ਜਾਵੇ ਤਾਂ ਉਸ ਦੇ ਸੁਭਾਅ ਵਿਚ ਕੋਈ ਤਬਦੀਲੀ ਨਹੀਂ ਆਉਂਦੀ, ਜੇ ਉਸ ਨੂੰ ਕੋਈ ਸਖ਼ਤ ਚੀਜ਼ ਮਾਰੋਗੇ ਤਾਂ ਉਸ ਅੰਦਰੋਂ ਚੰਗਿਆੜੇ ਹੀ ਨਿਕਲਣਗੇ। ਏਸੇ ਤਰ੍ਹਾਂ ਨਿੰਦਿਆ ਕਰਨ ਵਾਲਾ ਬਦਲ ਨਹੀਂ ਸਕਦਾ। ਉਸ ਨੂੰ ਨਿੰਦਿਆ ਕਰਨ ਤੋਂ ਰੋਕਿਆ ਨਹੀਂ ਜਾ ਸਕਦਾ!

ਤਿਉ ਨਿੰਦਕ ਪਰ ਨਿੰਦ
ਹੂੰ ਹਟ ਮੂਲ ਨ ਹਟੇ।।

ਪਰ ਇਸ ਨਿੰਦਿਆ ਕਰਨ ਦੇ ਨਸ਼ੇ ਦਾ ਲਾਹਾ ਕੀ ਹੁੰਦਾ ਹੈ, ਅਸੀਂ ਸੋਚਦੇ ਨਹੀਂ, ਪਰ ਇੱਕ ਗੱਲ ਤਾਂ ਸਾਫ਼ ਹੈ, ਸਾਡਾ ਮਨ ਜੋ ਚਿਤਵਦਾ ਹੈ, ਉਸ ਦਾ ਕੁਝ ਹਿੱਸਾ ਹੀ ਜ਼ੁਬਾਨ ਰਾਹੀਂ ਪ੍ਰਗਟ ਹੁੰਦਾ ਹੈ। ਜੇ ਅਸੀਂ ਕਿਸੇ ਦੀ ਕੁਝ ਸ਼ਬਦਾਂ ਵਿੱਚ ਨਿੰਦਿਆ ਕਰਦੇ ਹਾਂ ਤਾਂ ਸਾਡੇ ਅੰਦਰ ਪਤਾ ਨਹੀਂ ਨਿੰਦਿਆ ਦੀਆਂ ਕਿੰਨੀਆਂ ਕੰਡਿਆਲੀਆਂ ਬੋਹਰਾਂ ਉੱਗੀਆਂ ਹੁੰਦੀਆਂ ਹਨ। ਸਾਡੇ ਅੰਦਰ ਕਿਸੇ ਦੂਜੇ ਬਾਰੇ ਕਿੰਨਾ ਜ਼ਹਿਰ ਭਰਿਆ ਹੁੰਦਾ ਹੈ। ਕੀ ਜ਼ਹਿਰ ਕਦੀ ਸੁੱਖ ਦਿੰਦਾ ਹੈ? ਕਿਉਂਕਿ ਉਹ ਤਾਂ ਭਾਵੇਂ ਉਸ ਭਾਂਡੇ ਨੂੰ ਨਾ ਗਾਲਦਾ ਹੋਵੇ ਜਿਸ ਵਿੱਚ ਉਹ ਰੱਖਿਆ ਹੋਇਆ ਹੈ ਪਰ ਮਨੁੱਖ ਦੇ ਅੰਦਰ ਕਿਸੇ ਨਮਿਤ ਈਰਖਾ, ਦਵੈਸ਼, ਸਾੜਾ, ਵੈਰ-ਵਿਰੋਧ ਦਾ ਜ਼ਹਿਰ ਅੰਦਰ ਨੂੰ ਪ੍ਰੇਸ਼ਾਨ ਕਰ ਦਿੰਦਾ ਹੈ ਅਤੇ ਇਸ ਤਰ੍ਹਾਂ ਨਿੰਦਕ ਆਪਣੀ ਜੜ੍ਹ ਆਪ ਪੁੱਟਦਾ ਹੈ। ਮਹਾਨ ਨੀਤੀਵਾਨ ਚਾਣਕਯ ਨੇ ਕੁਝ ਮਿਸਾਲਾਂ ਦੇ ਕੇ ਨਿੰਦਕ ਨੂੰ ਨੀਚ ਆਖਿਆ ਹੈ। ਚਾਨਕਯ ਨੀਤੀ ਵਿਚ ਲਿਖਿਆ ਹੈ:

"ਪੰਛੀਆਂ ਵਿੱਚ ਕਾਂ, ਪਸ਼ੂਆਂ ਵਿੱਚ ਕੁੱਤਾ, ਆਦਮੀਆਂ ਵਿੱਚ ਨਿੰਦਕ ਅਤੇ ਰਿਸ਼ੀਆਂ ਵਿੱਚ ਬੁਰੇ ਆਚਰਨ ਵਾਲਾ ਨੀਚ ਕਹਾਉਂਦਾ ਹੈ। ਜੇ ਫਿਰ ਵੀ ਅਸੀਂ ਇਸ ਬਾਰੇ ਨਾ ਸੋਚੀਏ ਤਾਂ ਵਧੀਆ ਗੱਲ ਨਹੀਂ।"

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਇਸ ਨੂੰ ਸਭ ਤੋਂ ਮਾੜਾ ਕਰਮ ਸਮਝਦੇ ਹਨ। ਸ਼ਾਇਦ ਇਸੇ ਕਰਕੇ ਹੀ ਉਹਨਾਂ ਲਿਖਿਆ ਹੈ:

ਪ੍ਰਥਮੇ ਛੋਡੀ ਪਰਾਈ ਨਿੰਦਾ।।
ਉਤਰਿ ਗਈ ਸਭ ਮਨ ਕੀ ਚਿੰਦਾ।।

ਅਸੀਂ ਏਸੇ ਕਰਕੇ ਹੀ ਨਿੰਦਾ ਕਰਦੇ ਹਾਂ ਕਿ ਦੂਜਿਆਂ ਨੂੰ ਔਗੁਣਹਾਰੇ ਸਮਝਦੇ ਹਾਂ, ਗੁਨਾਹਗਾਰ ਸਮਝਦੇ ਹਾਂ ਤੇ ਦੂਜੇ ਪਾਸੇ ਆਪਣੇ ਆਪ ਨੂੰ ਆਦਰਸ਼ ਸਮਝਦੇ ਹਾਂ, ਉੱਚੇ, ਸੁੱਚੇ, ਵੱਡੇ, ਚੰਗੇਰੇ, ਪਰਉਪਕਾਰੀ ਪਰ ਜੇ ਨਿੰਦਿਆ ਦੀ ਗੱਲ ਨੂੰ ਪਾਸੇ ਵੀ ਰੱਖ ਲਈਏ, ਤਾਂ ਕੀ ਆਪਣੇ ਆਪ ਨੂੰ ਫੰਨੇ ਖਾਂ ਸਮਝਣਾ ਹਉਮੈ-ਹੰਕਾਰ ਨੂੰ ਜਨਮ ਨਹੀਂ ਦਿੰਦਾ? ਕੀ ਇਹ ਹੰਕਾਰ ਸਾਡੇ ਗੁਣਾਂ ਉੱਤੇ ਜੇ ਕੋਈ ਹਨ ਤਾਂ ਪਾਣੀ ਨਹੀਂ ਫੇਰ ਦਿੰਦਾ? ਜੇ ਇੰਜ ਹੈ ਤਾਂ ਸਾਡੇ ਪੱਲੇ ਕੀ ਰਹਿ ਜਾਂਦਾ ਹੈ?

Sri Satguru Jagjit Singh Ji Elibrary NamdhariElibrary@gmail.com

ਜੇ ਅਧਿਆਤਮਿਕ ਦ੍ਰਿਸ਼ਟੀ ਤੋਂ ਦੇਖੀਏ ਤਾਂ ਹਰੀ ਨੂੰ ਨਾ ਹੰਕਾਰ ਕਰਨ ਵਾਲਾ ਚੰਗਾ ਲੱਗਦਾ ਹੈ, ਨਾ ਨਿੰਦਿਆ ਕਰਨ ਵਾਲਾ। ਅਸੀਂ ਰੋਜ਼ ਆਸਾ ਦੀ ਵਾਰ ਦਾ ਕੀਰਤਨ ਸੁਣਦੇ ਹਾਂ। ਜੇ ਕੋਈ ਦੇਰ ਨਾਲ ਵੀ ਕਿਸੇ ਗੁਰਦੁਆਰੇ ਵਿੱਚ ਆਉਂਦਾ ਹੈ, ਤਾਂ ਚੌਥੇ ਪਾਤਸ਼ਾਹ ਦਾ ਆਖ਼ਰੀ ਛੱਕਾ ਪੜ੍ਹਨ ਤੱਕ ਤਾਂ ਆ ਹੀ ਜਾਂਦਾ ਹੋਏਗਾ। ਉਸ ਛੱਕੇ ਵਿੱਚ ਕੇਵਲ ਏਨਾਂ ਹੀ ਨਹੀਂ ਲਿਖਿਆ:

ਹਰਿ ਜੁਗੁ ਜੁਗੁ ਭਗਤ ਉਪਾਇਆ
ਪੈਜ ਰਖਦਾ ਆਇਆ ਰਾਮ ਰਾਜੇ।।
ਹਰਣਾਖਸੁ ਦੁਸਟੁ ਹਰਿ ਮਾਰਿਆ
ਪ੍ਰਹਲਾਦੁ ਤਰਾਇਆ।।

ਇਸ ਤੋਂ ਅੱਗੇ ਵੀ ਲਿਖਿਆ ਹੈ-

ਹਰਨਾਖਸ਼ ਨੂੰ ਏਸੇ ਕਰਕੇ ਮਾਰਿਆ ਸੀ ਕਿ ਉਸ ਦੇ ਹੰਕਾਰ ਨੇ ਉਸ ਨੂੰ ਆਪਾ ਭੁਲਾ ਦਿੱਤਾ ਸੀ। ਔਰ ਹੰਕਾਰੀਆਂ ਨਾਲ ਤਾਂ ਅਕਾਲ ਪੁਰਖ ਹੀ ਨਹੀਂ ਅਤੇ ਨਾ ਹੀ ਨਿੰਦਕਾਂ ਨਾਲ ਹੁੰਦਾ ਹੈ। ਏਸੇ ਕਰਕੇ ਇਸ ਛੱਕੇ ਦੀ ਅਗਲੀ ਤੁਕ ਵਿੱਚ ਲਿਖਿਆ ਹੈ:

ਅਹੰਕਾਰੀਆ ਨਿੰਦਕਾ ਪਿਠਿ ਦੇਇ
ਨਾਮਦੇਉ ਮੁਖਿ ਲਾਇਆ।।

ਨਿੰਦਿਆ ਕਰਨ ਵਾਲੇ ਕਿਸੇ ਆਗੂ, ਕਿਸੇ ਸਾਧ-ਸੰਤ ਦੀ ਨਿੰਦਿਆ ਕਰਨ ਤੋਂ ਪ੍ਰਹੇਜ਼ ਕਰਦੇ ਹੀ ਨਹੀਂ, ਉਹ ਤਾਂ ਸਤਿਗੁਰੂ ਦੀ ਨਿੰਦਿਆ ਕਰਨ ਤੋਂ ਵੀ ਆਪਣੇ ਆਪ ਨੂੰ ਨਹੀਂ ਬਚਾਉਂਦੇ।

ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ
ਸੁ ਅਉਖਾ ਜਗ ਮਹਿ ਹੋਇਆ।।
ਨਰਕ ਘੋਰੁ ਦੁਖ ਖੂਹੁ ਹੈ ਓਥੈ
ਪਕੜਿ ਓਹੁ ਢੋਇਆ।।
ਕੂਕ ਪੁਕਾਰ ਕੋ ਨ ਸੁਣੈ
ਓਹੁ ਅਉਖਾ ਹੋਇ ਹੋਇ ਰੋਇਆ।।
ਓਨਿ ਹਲਤੁ ਪਲਤੁ ਸਭੁ ਗਵਾਇਆ
ਲਾਹਾ ਮੂਲੁ ਸਭੁ ਖੋਇਆ।।
ਓਹੁ ਤੇਲੀ ਸੰਦਾ ਬਲਦੁ ਕਰਿ
ਨਿਤ ਭਲਕੇ ਉਠਿ ਪ੍ਰਭਿ ਜੋਇਆ।।
ਹਰਿ ਵੇਖੈ ਸੁਣੈ ਨਿਤ ਸਭੁ ਕਿਛੁ
ਤਿਦੂ ਕਿਛੁ ਗੁਝਾ ਨ ਹੋਇਆ।।
ਜੈਸਾ ਬੀਜੈ ਸੋ ਲੁਣੈ
ਜੇਹਾ ਪੁਰਬਿ ਕਿਨੈ ਬੋਇਆ।। -ਮਹਲਾ - ੪

ਸਤਿਗੁਰੂ ਦੀ ਨਿੰਦਾ ਕਰਨ ਵਾਲਾ ਆਪਣਾ ਲੋਕ-ਪ੍ਰਲੋਕ ਗਵਾ ਬੈਠਦਾ ਹੈ ਪਰ ਉਹ ਇਸ ਤੋਂ ਆਪਣੇ ਆਪ ਨੂੰ ਬਚਾਉਂਦਾ ਨਹੀਂ। ਤੇਲੀ ਦੇ ਬਲ਼ਦ ਵਰਗਾ ਉਸ ਦਾ ਸੁਭਾਅ ਹੁੰਦਾ ਹੈ। ਉਹ ਆਪਣੇ ਉਸ ਚੱਕਰ ਵਿੱਚ ਹੀ ਪਿਆ ਰਹਿੰਦਾ ਹੈ।

ਭਾਈ ਗੁਰਦਾਸ ਨੇ ੩੫ਵੀਂ ਵਾਰ ਵਿੱਚ ਕੁਝ ਪਉੜੀਆਂ ਨਿੰਦਕ ਨਾਲ ਸੰਬੰਧਿਤ ਹੀ ਲਿਖੀਆਂ ਹਨ। ਇੱਕ ਪਉੜੀ ਵਿੱਚ ਉਹ ਲਿਖਦੇ ਹਨ-

ਲਸਣੁ ਲੁਕਾਇਆ ਨਾ ਲੁਕੈ
ਬਹਿ ਖਾਜੈ ਕੂਣੈ।
ਕਾਲਾ ਕੰਬਲੁ ਉਜਲਾ
ਕਿਉਂ ਹੋਏ ਸਬੂਣੈ।।
ਡੇਮੂ ਖਖਰ ਜੋ ਛੁਹੈ
ਦਿਸੈ ਮੁਹਿ ਸੂਣੈ।
ਕਿਤੈ ਕੰਮ ਨ ਆਵਈ
ਲਾਵਣੁ ਬਿਨੁ ਲੂਣੈ।
ਨਿੰਦਕਿ ਨਾਮ ਵਿਸਾਰਿਆ
ਗੁਰ ਗਿਆਨੁ ਵਿਹੂਣੈ।
ਹਲਤਿ ਪਲਤਿ ਸੁਖੁ ਨਾ ਲਹੈ
ਦੁਖੀਆ ਸਿਰੁ ਝੂਣੈ।।

ਅਸਲ ਵਿੱਚ ਜਿਸ ਰਾਹ 'ਤੇ ਚੱਲਾਂਗੇ, ਉਹ ਕੁਝ ਹੀ ਸਾਨੂੰ ਦਿਸੇਗਾ। ਜਦੋਂ ਨਿੰਦਿਆ ਕਰਨ ਵੱਲ ਤੁਰਾਂਗੇ ਤਾਂ ਨਾ ਹੀ ਸਾਨੂੰ ਨਾਮ ਵੱਲ ਚਿੱਤ ਲਾਉਣ ਦਾ ਧਿਆਨ ਰਹੇਗਾ, ਨਾ ਹੀ ਗੁਰੂ ਦੇ ਗਿਆਨ ਨਾਲ ਜੁੜਨ ਦੀ ਭਾਵਨਾ ਬਣੇਗੀ। ਸਗੋਂ ਪੰਜਵੇਂ ਪਾਤਸ਼ਾਹ ਦੇ ਕਹਿਣ ਅਨੁਸਾਰ ਅਸੀਂ ਦੂਜਿਆਂ ਦੀਆਂ ਗ਼ਲਤੀਆਂ ਲੱਭਾਂਗੇ। ਜੇ ਕੋਈ ਗ਼ਲਤੀ ਲੱਭ ਗਈ ਤਾਂ ਅਸੀਂ ਬੜੇ ਖੁਸ਼ ਹੋਵਾਂਗੇ। ਇਸ ਦੇ ਉਲਟ ਜੇ ਸਾਨੂੰ ਕਿਸੇ ਦੇ ਗੁਣ ਪਤਾ ਲੱਗਣਗੇ ਤਾਂ ਸਾਡੇ ਮੂੰਹ ਦਾ ਸਵਾਦ ਇੰਜ ਹੋ ਜਾਵੇਗਾ ਜਿਵੇਂ ਕੁਨੀਨ ਖਾਧੀ ਹੋਵੇ। ਸਾਡਾ ਚਿਹਰਾ ਹੀ ਉਤਰ ਜਾਏਗਾ-

ਜਉ ਦੇਖੈ ਛਿਦ੍ਰੁ ਤਉ ਨਿੰਦਕੁ ਉਮਾਰੈ
ਭਲੋ ਦੇਖਿ ਦੁਖ ਭਰੀਐ।।
ਆਠ ਪਹਰ ਚਿਤਵੈ ਨਹੀਪਹੁਚੈ
ਬੁਰਾ ਚਿਤਵਤ ਚਿਤਵਤ ਮਰੀਐ।।

ਅਸੀਂ ਕਿਸੇ ਵੱਡੇ ਆਦਮੀ ਦਾ ਸੋਚਦੇ-ਸੋਚਦੇ ਆਪਣੇ ਆਪ ਨੂੰ ਦੁਖੀ ਕਰ ਲੈਂਦੇ ਹਾਂ।

ਮਹਾਭਾਰਤ ਵਿੱਚ ਇਸ ਦੇ ਉਲਟ ਨਿੰਦਾ ਸਹਿਣ ਕਰਨ ਵਾਲੇ ਦੇ ਸੁਭਾਅ ਬਾਰੇ ਵੀ ਲਿਖਿਆ ਹੈ ਕਿ ਉਹ ਕਿਸ ਤਰ੍ਹਾਂ ਦਾ ਸੁਭਾਅ ਰਖਦਾ ਹੈ। ਆਪਣੇ ਆਪ ਨੂੰ ਸੁਖੀ ਤੇ ਸੌਖਾ ਰੱਖਣ ਦਾ ਇਹ ਵੀ ਇੱਕ ਗੁਣ ਹੈ।

"ਆਪਣੀ ਨਿੰਦਾ ਸਹਿਣ ਕਰਨ ਦੀ ਸ਼ਕਤੀ ਰੱਖਣ ਵਾਲਾ ਵਿਅਕਤੀ ਵਿਸ਼ਵ 'ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ।"

ਦੂਜੇ ਪਾਸੇ ਹਜ਼ਰਤ ਮੁਹੰਮਦ ਨੇ ਇਹ ਵੀ ਲਿਖਿਆ ਹੈ ਕਿ ਨਿੰਦਕ ਲਈ ਬਹਿਸ਼ਤ ਦੇ ਦਰਵਾਜ਼ੇ ਬੰਦ ਹਨ।

Sri Satguru Jagjit Singh Ji Elibrary NamdhariElibrary@gmail.com

ਨਿੰਦਿਆ ਕਰਨ ਵਾਲੇ ਨੇ ਤਾਂ ਆਪਣਾ ਸੁਭਾਅ ਛੱਡਣਾ ਨਹੀਂ, ਉਸ ਨੇ ਕਿਸੇ ਦੇ ਸਮਝਾਇਆਂ ਵੀ ਸਮਝਣਾ ਨਹੀਂ ਕਿਉਂਕਿ ਉਹ ਮਨ ਵਿੱਚ ਧਾਰੀ ਬੈਠਾ ਹੈ ਕਿ ਉਹ ਇਸ ਸੰਸਾਰ ਵਿੱਚ ਸ਼੍ਰੇਸ਼ਠਤਮ ਕਾਰਜ ਕਰ ਰਿਹਾ ਹੈ। ਇਸ ਕਾਰਜ ਨਾਲ ਉਸ ਨੇ ਦੁਨੀਆ ਬਦਲ ਕੇ ਰੱਖ ਦੇਣੀ ਹੈ ਭਾਵੇਂ ਉਸ ਦੇ ਆਪਣੇ ਘਰ ਵਿੱਚ ਹੀ ਉਸ ਦੇ ਮਾਪੇ, ਉਸ ਦੇ ਭੈਣ ਭਰਾ, ਉਸ ਦੇ ਬੱਚੇ ਉਸ ਦੇ ਸੁਭਾਅ ਤੋਂ ਦੁਖੀ ਹੋਣ। ਕਈ ਵਾਰੀ ਉਹ ਉਸ ਨੂੰ ਰੋਕਣ ਟੋਕਣਗੇ ਵੀ ਪਰ ਉਹ ਕੀ ਕਰੇ ਆਦਤੋਂ ਮਜਬੂਰ ਜੁ ਹੋਇਆ।

ਨਿੰਦਿਆ ਕੇਵਲ ਸਾਡੇ ਮਨ ਦੀ ਅਵਸਥਾ ਨਹੀਂ। ਇਹ ਨਹੀਂ ਕਿ ਅਸੀਂ ਕੋਈ ਗੱਲ ਸੋਚ ਲਈਏ, ਉਸ ਬਾਰੇ ਚਿੰਤਨ ਕਰਦੇ ਰਹੇ ਅਤੇ ਫਿਰ ਇਹ ਨਿਰਨਾ ਕਰ ਲਿਆ ਕਿ ਇਹ ਮਾੜੀ ਗੱਲ ਹੈ ਅਸੀਂ ਇਸ ਨੂੰ ਛੱਡ ਦਿਆਂਗੇ। ਨਿੰਦਿਆ ਤਾਂ ਕਿਸੇ ਇਕ ਦੀ ਕਿਸੇ ਦੂਜੇ ਅੱਗੇ ਕੀਤੀ ਜਾਂਦੀ ਹੈ ਬਿਨਾਂ ਇਹ ਸੋਚੇ ਸਮਝੇ ਕਿ ਜਿਸ ਅੱਗੇ ਕਿਸੇ ਦੂਸਰੇ ਦੀ ਨਿੰਦਾ ਕੀਤੀ ਜਾ ਰਹੀ ਹੈ, ਉਹ ਉਸ ਦਾ ਮਿੱਤਰ ਵੀ ਹੋ ਸਕਦਾ ਹੈ। ਜੇ ਕਿਸੇ ਕਾਰਨ ਮਿੱਤਰ ਨਹੀਂ ਤਾਂ ਸਾਡੇ ਬਾਰੇ ਉਹ ਜ਼ਰੂਰ ਸੋਚੇਗਾ ਕਿ ਨਿੰਦਿਆ ਕਰਨ ਵਾਲਾ ਵੀ ਦੁੱਧ ਦਾ ਧੋਤਾ ਨਹੀਂ।

ਜੇ ਅਸੀਂ ਦੋ ਚਾਰ ਬੰਦਿਆਂ ਵਿੱਚ ਖਲੋ ਕੇ ਨਿੰਦਿਆ-ਚੁਗਲੀ ਕਰਨ ਦੀ ਥਾਂ ਕਿਸੇ ਇਕੱਠ ਵਿੱਚ, ਜਲਸੇ ਵਿੱਚ ਆਪਣਾ ਇਹ ਸੁਭਾਅ ਵਰਤਦੇ ਹਾਂ ਤਾਂ ਆਪਣਾ ਜਲੂਸ ਕਢਾ ਲੈਂਦੇ ਹਾਂ। ਜਿਸ ਬਾਰੇ ਅਸੀਂ ਸੋਚਦੇ ਨਹੀਂ। ਤਾਮਿਲ ਵਿੱਚ ਇਕ ਕਹਾਵਤ ਹੈ:

ਨਿੰਦਕ ਅਤੇ ਜ਼ਹਿਰੀਲੇ ਸੱਪ ਦੀਆਂ ਦੋ-ਦੋ ਜੀਭਾਂ ਹੁੰਦੀਆਂ ਹਨ ਬਾਕੀਆਂ ਦੀ ਇੱਕ-ਇੱਕ ਹੁੰਦੀ ਹੈ। ਸੋ ਐਸੇ ਵਿਅਕਤੀਆਂ ਤੋਂ ਕਿਨਾਰਾ ਕਰਨ ਵਿੱਚ ਹੀ ਸੁੱਖ ਹੈ। ਉਸ ਦੀ ਗੱਲ ਵੱਲ ਧਿਆਨ ਨਾ ਦਿੱਤਾ ਜਾਵੇ।

ਸੁਆਮੀ ਵਿਵੇਕਾਨੰਦ ਨੇ ਲਿਖਿਆ ਹੈ:

"ਜੇਕਰ ਕੋਈ ਤੁਹਾਡੇ ਨਜ਼ਦੀਕ ਕਿਸੇ ਹੋਰ ਸਾਥੀ ਦੀ ਨਿੰਦਿਆ ਕਰਨਾ ਚਾਹੁੰਦਾ ਹੈ ਤੇ ਤੁਸੀਂ ਉਸ ਦੀ ਤਰਫ਼ ਬਿਲਕੁਲ ਧਿਆਨ ਨਾ ਦੇਵੋ। ਇਹਨਾਂ ਗੱਲਾਂ ਨੂੰ ਸੁਣਨਾ ਵੀ ਪਾਪ ਹੈ, ਉਸ ਨਾਲ ਭਵਿੱਖ ਵਿੱਚ ਵਿਵਾਦ ਦਾ ਸੂਤਰ ਬਣਨਾ ਪੈਂਦਾ ਹੈ।"

ਸੋ ਆਪਣੇ ਆਪ ਨੂੰ ਬਚਾਉਣ ਵਾਸਤੇ ਅਸੀਂ ਨਿੰਦਕ ਤੋਂ ਕਿਨਾਰਾ ਕਰ ਸਕਦੇ ਹਾਂ ਪਰ ਨਿੰਦਕ ਆਪਣੀ ਆਈ 'ਤੇ ਆਇਆ ਰਹਿੰਦਾ ਹੈ। ਬਿਲਕੁਲ ਸਮਝ ਕੇ ਰਾਜ਼ੀ ਨਹੀਂ। ਇਸ ਦਾ ਸਿੱਟਾ ਕੀ ਨਿਕਲਦਾ ਹੈ, ਆਪਾਂ ਆਪ ਕਿਸੇ ਨੂੰ ਬੁਰਾ ਕਿਉਂ ਕਹੀਏ? ਨਿਰਨਾ ਤਾਂ ਤੀਜੇ ਪਾਤਸ਼ਾਹ ਨੇ ਬਾਣੀ ਵਿੱਚ ਕਰ ਦਿੱਤਾ ਹੈ-

ਮੁਹ ਕਾਲੇ ਤਿਨ ਨਿੰਦਕਾ
ਨਰਕੇ ਘੋਰਿ ਪਵੰਨਿ॥

ਸੋ ਆਪਾਂ ਇਸ ਗੱਲ ਨੂੰ ਏਥੇ ਮੁਕਾਉਣ ਵਿੱਚ ਸੁੱਖ ਅਨੁਭਵ ਕਰੀਏ ਕਿ ਕਿਸੇ ਵੀ ਚੰਗੇ ਕੀ ਬੁਰੇ ਆਦਮੀ ਦੀ ਵੀ ਨਿੰਦਿਆ ਨਹੀਂ ਕਰਨੀ ਚਾਹੀਦੀ ਕਿਉਂਕਿ ਅਕਾਲ ਪੁਰਖ ਨੇ ਉਸ ਦਾ ਸੁਭਾਅ ਹੀ ਐਸਾ ਬਣਾਇਆ ਹੈ। ਜੇ ਅਸੀਂ ਨਿੰਦਿਆ ਨਾਂ ਕਰਾਂਗੇ ਤਾਂ ਅਸੀਂ ਸੁੱਖ ਵੱਲ ਆਪਣੇ ਕਦਮ ਵਧਾਵਾਂਗੇ।

ਸਰਦਾਰੀ ਕੇਸਾਂ ਨਾਲ

- ਸ. ਸਾਧੂ ਸਿੰਘ ਕਿਸਾਨ

ਮੇਰੇ ਸਵਾ ਛੇ ਫੁੱਟੇ ਪੋਤਰੇ, ਸ਼ਾਹਬਾਜ਼ ਦੇ ਸਾਢੇ ਪੰਜ ਫੁੱਟੇ ਮਾਸੜ ਜੀ, ਰੇਸ਼ਮ ਸਿੰਘ ਜੀ, ਪਰਵਾਰ ਸਣੇ ਸਾਨੂੰ ਮਿਲਣ ਆਏ।

ਮੇਰੇ ਕੋਲ ਬੈਠਿਆਂ ਉਹਨਾਂ ਬੜੀਆਂ ਵਧੀਆ ਦੋ ਗੱਲਾਂ ਦੱਸੀਆਂ। ਤੁਸੀਂ ਵੀ ਸੁਣੋ। ਰੇਸ਼ਮ ਸਿੰਘ ਜੀ ਆਪ ਤਾਂ ਨਿਰਕੇਸ ਹਨ, ਪਰ ਨਾਲ ਆਏ ਦਸ ਬਾਰਾਂ ਸਾਲ ਦੇ ਬੱਚੇ ਨਿਸ਼ਾਨ ਸਿੰਘ ਦੇ ਸੀਸ ਤੇ ਕੇਸਾਂ ਦਾ ਭਾਰਾ ਜੂੜਾ ਵੇਖ, ਖੁਸ਼ ਹੋ ਕਾਰਨ ਪੁੱਛਿਆ ਤਾਂ ਕਹਿੰਦੇ "ਸਾਡੇ ਪਿੰਡ ਸਾਰੇ ਨਿਰਕੇਸੀ ਨੇ, ਬੱਚੇ ਕੇਸਾਧਾਰੀ ਕਰ ਦਿੱਤੇ ਹਨ, ਕਿਉਂ, ਜੋ ਮੋਨੇ ਨੂੰ ਕੋਈ 'ਸਰਦਾਰ ਜੀ' ਨਹੀਂ ਕਹਿੰਦਾ।

ਸਾਰੇ ਸਿੱਖਾਂ ਨੇ ਫੈਸਲਾ ਕੀਤਾ ਹੈ ਕਿ ਜੇ ਅਸੀਂ ਆਦਤ ਦੀ ਕੋਝੀ ਮਜਬੂਰੀ ਤੋਂ ਕੇਸ ਨਹੀਂ ਰੱਖ ਸਕਦੇ ਤਾਂ ਬੱਚਿਆਂ ਨੂੰ ਮੋਨੇ ਹੋਣ ਦੀ ਆਦਤ ਨਾਂ ਪੈਣ ਦੇਈਏ।

ਦੂਸਰੀ ਵਧੀਆ ਗੱਲ ਇਹ ਸੁਣਾਈ। ਸਾਡਾ ਵੱਡਾ ਸਾਂਢੂ ਸੁਭੇਗ ਸਿੰਘ ਮੋਨਾ ਹੀ ਸੀ, ਉਹਨੇ ਇੱਥੋਂ ਜਮੀਨ ਵੇਚ ਕੇ ਐਮ.ਪੀ. ਲੈ ਲਈ। ਉਹ ਛੇ ਫੁੱਟਾ ਉੱਚਾ ਲੰਮਾਂ ਤੇ ਸੁਭਾਅ ਦਾ ਵੀ ਕਰੜਾ ਹੈ।

ਇਕ ਦਿਨ ਉਹਦੀ ਕਿਸੇ ਹਿੰਦੂ ਨਾਲ ਖਰ੍ਹਵੀ ਗੱਲ ਹੋ ਗਈ ਤਾਂ ਕਹਿੰਦੇ, "ਓਏ ਅਸੀਂ ਸਰਦਾਰ ਹੁੰਨੇ ਆਂ।" ਅਗੋਂ ਹਿੰਦੂ ਵੀ ਬੜਾ ਕਰਾਰਾ ਸੀ। ਕਹਿੰਦੇ, "ਸਰਦਾਰੀ ਤਾਂ ਵੇਖ, ਨਾ ਦਾਹੜੀ, ਨਾ ਜੂੜਾ।"

ਜਿਹੜਾ ਝਗੜਾ ਸੀ, ਉਹ ਤਾਂ ਪਾਸੇ ਰਹਿ ਗਿਆ। ਆਂਹਦਾ, "ਕੇਸ ਦਾਹੜੀ ਰੱਖ ਕੇ ਹੀ ਤੇਰੇ ਨਾਲ ਗੱਲ ਕਰਾਂਗਾ।" ਹੁਣ ਉਹਦੇ ਸੀਸ ਤੇ ਕੇਸਾਂ ਦਾ ਭਾਰੀ ਜੂੜਾ ਹੈ, ਮੁਖੜੇ ਤੇ ਸੁੰਦਰ ਦਾਹੜਾ ਸ਼ੋਭਾ ਪਾ ਰਿਹਾ ਹੈ, ਸੀਸ ਤੇ ਦਸਤਾਰਾ। ਹੁਣ ਸਾਢੇ ਛੇ ਫੁੱਟਾ ਸਰਦਾਰ ਨਜ਼ਰੀਂ ਪੈਂਦਾ ਹੈ।

ਮੈਂ ਕਿਹਾ, "ਤੁਹਾਡੇ ਤੇ ਕੋਈ ਅਸਰ?" ਆਂਹਦਾ, "ਤਾਂ ਹੀ ਤੇ ਬੱਚੇ ਕੇਸਾਧਾਰੀ ਕੀਤੇ ਹਨ।" ਮੈਂ ਕਿਹਾ, "ਆਪ?" ਕਹਿੰਦਾ, "ਆਦਤ ਦੀ ਔਖ ਹੈ, ਕਈ ਵਾਰੀ ਜੀਅ ਤੇ ਕਰਦਾ ਹੈ, ਕੇਸਾਂ ਦਾਹੜੀਆਂ ਬਿਨਾਂ ਸਰਦਾਰ ਜੀ ਤੇ ਕੋਈ ਨਹੀਂ ਆਂਹਦਾ।"

Sri Satguru Jagjit Singh Ji Elibrary NamdhariElibrary@gmail.com

ਸ. ਸੋਹਣ ਸਿੰਘ ਸੀਤਲ ਜੀ ਦੀਆਂ ਦੋ ਕਵਿਤਾਵਾਂ

ਨਮਸਕਾਰ ਸੋਹਣ ਸਿੰਘ ਸੀਤਲ ਜੀ

ਗਿਆਨੀ ਸੋਹਣ ਸਿੰਘ ਸੀਤਲ ਜੀ ਦੀਆਂ ਹੇਠਾਂ ਦਿੱਤੀਆਂ ਦੋ ਕਵਿਤਾਵਾਂ, (1956-59 ਵਿੱਚ ਲਿਖੀਆਂ ਗਈਆਂ,..) ਸੀਤਲ ਜੀ ਇਹਨਾਂ ਨੂੰ ਧਾਰਮਕ ਸਟੇਜਾਂ ਉਪਰ ਗਾਇਆ ਕਰਦੇ ਸਨ। ਵਿਚਾਰਾਂ ਦਾ ਨਵਾਂ-ਪਨ ਵੇਖੋ !ਅੱਜ ਵੀ ਕਿੰਨੀਆਂ ਅਰਥਵਾਨ ਨੇ।
ਮੈਨੂੰ ਇਹ ਦੋਵੇਂ ਕਵਿਤਾਵਾਂ ਹੁਣ ਵੀ ਜ਼ਬਾਨੀ ਯਾਦ ਹੀ ਨਹੀਂ ਸਗੋਂ ਕਈ ਵਾਰ ਛੋਟੇ ਹੁੰਦੇ ਉਹਨਾਂ ਕੋਲੋਂ ਦੀਵਾਨਾਂ ਵਿਚ ਸੁਣੀਆਂ ਸਨ। ਮੈਂ ਉਹਨਾਂ ਦੀ ਲੇਖਣੀ ਦਾ ਆਸ਼ਕ ਹਾਂ। ਸਿੱਖ ਇਤਹਾਸ ਬਾਰੇ ਉਹਨਾਂ ਦੀਆਂ ਲਿਖੀਆਂ ਕਿਤਾਬਾਂ ਪੜ੍ਹ-ਸੁਣ ਕੇ ਮੁਢਲੀ ਜਾਣਕਾਰੀ ਮਿਲੀ ਸੀ। ਉਹਨਾਂ ਦੀ ਬੋਲ-ਕਲਾ ਨੇ ਕਰੋੜਾਂ ਲੋਕਾਂ ਦੇ ਦਿਲ ਮੋਹੇ ਤੇ ਗਿਆਨ ਅਤੇ ਸੰਵੇਦਨਾ ਦੇ ਚਿਰਾਗ਼ ਬਾਲੇ। ਭਾਵੇਂ ਪੰਜਾਬੀ ਨਾਵਲ ਵਿਚ ਯਥਾਰਥਵਾਦੀ ਨਾਵਲ ਦੀ ਸ਼ੁਰੂਆਤ ਟੇਢੀ ਨਜ਼ਰ ਵਾਲੇ ਆਲੋਚਕ ਗੁਰਦਿਆਲ ਸਿੰਘ ਦੇ ਨਾਵਲ 'ਮੜ੍ਹੀ ਦੇ ਦੀਵਾ' ਨਾਲ ਹੋਈ ਮੰਨਦੇ ਨੇ ਪਰ ਸੀਤਲ ਹੁਰੀਂ ਉਸਤੋਂ ਵੀ ਕਈ ਸਾਲ ਪਹਿਲਾਂ 'ਜੰਗ ਜਾਂ ਅਮਨ' ਵਰਗਾ ਸ਼ਾਹਕਾਰ ਰਚ ਕੇ ਯਥਾਰਥਵਾਦੀ ਨਾਵਲ ਦਾ ਮੁੱਢ ਬੰਨ੍ਹ ਚੁੱਕੇ ਸਨ। 'ਤੂਤਾਂ ਵਾਲਾ ਖੂਹ', 'ਤੇ ਜੁਗ ਬਦਲ ਗਿਆ', 'ਈਚੋਗਿੱਲ ਨਹਿਰ ਤੱਕ' ਤੇ ਹੋਰ ਨਾਵਲ ਪੰਜਾਬੀ ਨਾਵਲ ਦਾ ਹਾਸਲ ਹਨ। 1947 ਤੋਂ ਪਹਿਲਾਂ ਦਾ ਪੰਜਾਬ ਜਿਵੇਂ ਉਹਨਾਂ ਦੀਆਂ ਲਿਖਤਾਂ ਵਿਚ ਧੜਕਦਾ ਹੈ, ਅਜਿਹਾ ਕਮਾਲ ਕੋਈ ਹੋਰ ਨਾਵਲਕਾਰ ਨਹੀਂ ਕਰ ਸਕਿਆ।

-ਵਰਿਆਮ ਸਿੰਘ ਸੰਧੂ

ਸੀਤਲ ਜੀ ਦੀਆਂ ਕਵਿਤਾਵਾਂ ਹਾਜ਼ਰ ਨੇ:

1. ਇਹ ਦੁਨੀਆਂ ਤੇ ਅਗਲੀ ਦੁਨੀਆਂ

ਆਹ ਲੈ ਸਾਧਾ !ਅਪਣੀ ਅਗਲੀ ਦੁਨੀਆਂ ਸਾਂਭ ਲੈ
ਮੇਰੀ ਦੁਨੀਆਂ ਮੈਨੂੰ ਮੇਰੀ ਮਰਜ਼ੀ ਨਾਲ ਸਜਾਣ ਦੇ।
ਤਪੀਆ !ਹੋਵਣ ਤੈਨੂੰ ਤੇਰੇ ਸੁਰਗ ਸੁਹੰਢਣੇ
ਏਸੇ ਧਰਤੀ ਉੱਤੇ ਮੈਨੂੰ ਸੁਰਗ ਬਨਾਣ ਦੇ।

ਤੇਰੇ ਕਲਪ-ਬਿਰਛ ਦੀ ਛਾਂ ਵੱਲ ਮੈਂ ਨਹੀਂ ਝਾਕਦਾ,
ਬੰਜਰ ਪੁੱਟ ਪੁੱਟ ਮੈਨੂੰ ਏਥੇ ਬਾਗ਼ ਲਗਾਣ ਦੇ।

ਧ੍ਰਿੱਗ ਉਸ ਬੰਦੇ ਨੂੰ, ਜੋ ਖ਼ਾਹਬ ਕਰੇ ਉਸ ਜੰਨਤ ਦੀ,
ਜਿੱਥੋਂ ਕੱਢਿਆ ਬਾਬਾ ਆਦਮ ਨਾਲ ਅਪਮਾਨ ਦੇ।

ਮਾਲਾ ਫੇਰੇਂ, ਉੱਚੀ ਕੂਕੇਂ, ਨਜ਼ਰਾਂ ਹੂਰਾਂ 'ਤੇ,
ਤੈਨੂੰ ਆਉਂਦੇ ਨੇ ਢੰਗ ਅੱਲਾਹ ਨੂੰ ਭਰਮਾਣ ਦੇ।

ਪਰੀਆਂ ਸੁਰਗ ਦੀਆਂ ਦੀ ਝਾਕ ਤੁਸਾਂ ਨੂੰ ਸੰਤ ਜੀ !
ਮੇਰੀ ਇਕ ਸਲੋਨੀ, ਉਹਦੀਆਂ ਰੀਝਾਂ ਲਾਹਣ ਦੇ।

ਤੇਰੇ ਠਾਕਰ ਨੂੰ ਵੀ ਭੋਗ ਲੁਆ ਲਉਂ ਮਿਸ਼ਰ ਜੀ !
ਰੋਂਦੇ ਭੁਹਲੇ ਦਾ ਤਾਂ ਪਹਿਲਾਂ ਮੂੰਹ ਜੁਠਾਣ ਦੇ।

ਵਿਹਲਾ ਹੋ ਕੇ ਬਾਬਾ !ਮਾਲਾ ਵੀ ਮੈਂ ਫੇਰ ਲਉਂ,
ਸਭ ਨੇ ਖਾਣਾ ਜਿੱਥੋਂ, ਪੈਲੀ ਨੂੰ ਸੀ ਲਾਣ ਦੇ।

ਕਰ ਲਉਂ ਪੂਜਾ ਤੇਰੇ ਅਰਸ਼ੀਂ ਵੱਸਣ ਵਾਲੇ ਦੀ,
ਪਹਿਲਾਂ ਬੰਦੇ ਦੀ ਤਾਂ ਮੈਨੂੰ ਟਹਿਲ ਕਮਾਣ ਦੇ।

'ਸੀਤਲ' ਚੰਗਾ ਬਣ ਇਨਸਾਨ, ਜੋ ਤੇਰਾ ਧਰਮ ਹੈ,
ਕਾਹਨੂੰ ਫਿਰਦੈਂ ਪਿੱਛੇ ਪੰਡਤ ਦੇ ਭਗਵਾਨ ਦੇ।
(11-8-57)

ਕਲਿਜੁਗ, ਕਿ ਸਤਜੁਗ

ਭੁੱਲੀ ਦੁਨੀਆਂ ਐਵੇਂ ਕਲਜੁਗ ਕਲਜੁਗ ਕੂਕਦੀ,
ਮੈਨੂੰ ਸਤਜੁਗ ਆਉਂਦਾ ਦੀਹਦਾ ਵਿਚ ਜਹਾਨ ਦੇ।

ਜਿਹੜਾ ਆਦਮ ਇਕ ਦਿਨ ਖੱਡਾਂ ਦੇ ਵਿਚ ਰਹਿੰਦਾ ਸੀ,
ਉਹਦੇ ਪੁੱਤਰ ਉਡਦੇ ਫਿਰਦੇ ਵਿਚ ਅਸਮਾਨ ਦੇ।

ਨਜ਼ਰਾਂ ਲੈਂਦੇ ਸੀ ਜੋ ਕਰਾਮਾਤ ਦੇ ਮਾਣ 'ਤੇ,
ਹੱਥ ਬੰਨ੍ਹ ਖਲੇ ਦੇਵਤੇ ਅੱਗੇ ਸਾਇੰਸਦਾਨ ਦੇ।

ਭੁੱਲੇ ਲੋਕੀਂ ਇਕ ਦਿਨ ਵਿਹਲੜ ਨੂੰ ਸੀ ਪੂਜਦੇ,
ਚੰਗੇ ਕਾਮੇ ਨੂੰ ਅਜ ਸਮਝਦਾਰ ਸਨਮਾਨ ਦੇ।

ਦੁਨੀਆਂ ਭੇਖਾਂ ਦੀ ਥਾਂ ਅਮਲਾਂ ਵੱਲੇ ਵਿੰਹਦੀ ਏ,
ਜਾਂਦੇ ਅਰਥ ਬਦਲਦੇ ਦਿਨ ਦਿਨ ਧਰਮ ਈਮਾਨ ਦੇ।

ਮਾਲਾ ਵਾਲੇ ਦੀ ਥਾਂ ਇੱਜ਼ਤ ਅੱਜ ਮਜ਼ਦੂਰ ਦੀ,
ਚੱਲੇ ਬਦਲ ਨਜ਼ਰੀਏ ਆਦਮ ਦੀ ਸੰਤਾਨ ਦੇ।

ਇਕ ਦਿਨ ਪੇਸ਼ ਹੋਣਗੇ ਫਟੀਆਂ ਲੀਰਾਂ ਸਾਮ੍ਹਣੇ,
ਫਿਰਦੇ ਰੇਸ਼ਮ ਵਿਚ ਜੋ ਚੇਲੇ ਲੁਕੇ ਸ਼ੈਤਾਨ ਦੇ।

ਜਿੰਨ੍ਹਾਂ ਕੁੱਲੀਆਂ ਵਿਚ ਨਾ ਸੂਰਜ ਡਰਦਾ ਝਾਕਦਾ,
ਇਕ ਦਿਨ ਮਹਿਲ ਹੋਣਗੇ ਓਥੇ ਸ਼ਾਹੀ ਸ਼ਾਨ ਦੇ।

ਇਕ ਦਿਨ ਲਾਲੋ ਘਰ ਵੀ ਭੋਗ ਪਦਾਰਥ ਹੋਣਗੇ,
ਹੋਸਣ ਦੂਰ ਭੁਲੇਖੇ ਭਾਗੋ ਦੇ ਪੁੰਨ ਦਾਨ ਦੇ।

ਰੱਬ ਦਾ ਰੂਪ ਸਮਝ ਇਨਸਾਨ ਮਿਲੂ ਇਨਸਾਨ ਨੂੰ,
ਦਰਸ਼ਨ ਬੰਦੇ ਵਿਚੋਂ ਹੋਵਣਗੇ ਭਗਵਾਨ ਦੇ।

ਪੂਰੇ ਬੋਲ ਹੋਣਗੇ ਆਖ਼ਰ ਬਾਬੇ ਨਾਨਕ ਦੇ,
ਦੁਨੀਆਂ ਸੁਰਗ ਬਣੇਗੀ ਵੱਸਣ ਯੋਗ ਇਨਸਾਨ ਦੇ।

ਚਾਨਣ ਹੋ ਜੂ 'ਸੀਤਲ' ਫੈਲੂ ਧਰਮ ਅਕਾਲ ਦਾ,
ਪਰਦੇ ਦੂਰ ਹੋਣਗੇ ਭਰਮ ਅਤੇ ਅਗਿਆਨ ਦੇ।

ਨਵੀਂ ਦਿੱਲੀ ਚ ਆਜ਼ਾਦੀ ਦਿਵਸ ਨੂੰ ਸਮਰਪਿਤ ਕੌਮੀ ਕਵੀ ਦਰਬਾਰ

ਪੰਜਾਬੀ ਅਕਾਦਮੀ ਦਿੱਲੀ ਵੱਲੋਂ ਸ਼੍ਰੀ ਰਾਮ ਸੈਂਟਰ ਮੰਡੀ ਹਾਊਸ ਨਵੀਂ ਦਿੱਲੀ ਵਿਖੇ ਆਜ਼ਾਦੀ ਦਿਵਸ ਨੂੰ ਸਮਰਪਿਤ ਪੰਜਾਬੀ ਕੌਮੀ ਕਵੀ ਦਰਬਾਰ ਕਰਵਾਇਆ ਗਿਆ ਜਿਸ ਚ ਪੰਜਾਬੀ ਕਵੀ ਗੁਰਭਜਨ ਗਿੱਲ ਤੇ ਮਨਜਿੰਦਰ ਧਨੋਆ ਲੁਧਿਆਣਾ ਡਾ: ਵਨੀਤਾ ਦਿੱਲੀ , ਡਾ: ਮਨਮੋਹਨ ਚੰਡੀਗੜ੍ਹ, ਵਿਜੈ ਵਿਵੇਕ ਫ਼ਰੀਦਕੋਟ , ਦਰਸ਼ਨ ਬੁੱਟਰ ਨਾਭਾ, ਡਾ: ਬਰਜਿੰਦਰ ਚੌਹਾਨ ਦਿੱਲੀ, ਪ੍ਰੋ: ਅਨੂਪ ਵਿਰਕ ਤੇ ਸੰਦੀਪ ਕੌਰ ਜਸਵਾਲ ਪਟਿਆਲਾ, ਡਾ: ਸੁਹਿੰਦਰਬੀਰ ਅੰਮ੍ਰਿਤਸਰ, ਜਗਸੀਰ ਜੀਦਾ ਬਠਿੰਡਾ, ਬੂਟਾ ਸਿੰਘ ਚੌਹਾਨ ਬਰਨਾਲਾ, ਜਰਨੈਲ ਸਿੰਘ ਸਾਬਕਾ ਵਿਧਾਇਕ, ਡਾ: ਗਗਨਦੀਪ ਸ਼ਰਮਾ, ਸੁਖਦੀਪ ਕੌਰ ਨਾਭਾ, ਗੁਰਚਰਨ ਦਿੱਲੀ,ਰੇਣੂੰ ਨੱਯਰ ਜਲੰਧਰ,ਛਿੰਦਰ ਕੌਰ ਸਿਰਸਾ, ਕਸ਼ਮੀਰ ਸਿੰਘ ਨੀਰ ਰੁਦਰਪੁਰ ਉਤਰਾਂਚਲ,ਡਾ: ਜਸਵਿੰਦਰ ਸਿੰਘ ਪੰਜਾਬੀ ਯੂਨੀ: ਪਟਿਆਲਾ, ਦੀਪਕ ਸ਼ਰਮਾ ਚੰਡੀਗੜ੍ਹ, ਅਮਰਿੰਦਰ ਸੋਹਲ ਪਟਿਆਲਾ, ਤੇ ਗੁਰਪ੍ਰੀਤ ਕੌਰ ਅੰਬਾਲਾ ਨੇ ਭਾਗ ਲਿਆ।

ਗੁਰਭਜਨ ਗਿੱਲ ਨੇ ਆਪਣੇ ਕਲਾਮ ਦਾ ਅਰੰਭ ਇਨ੍ਹਾਂ ਬੋਲਾਂ ਨਾਲ ਕੀਤਾ

ਰਾਤੀਂ ਅੱਥਰੂ ਰਲ ਕੇ ਧਾਏ, ਆਏ ਘੱਤ ਵਹੀਰਾਂ।
ਬਾਂਦਰ ਹੱਥ ਬਨਾਤ ਦੀ ਟੋਪੀ, ਹੋ ਗਈ ਲੀਰਾਂ ਲੀਰਾਂ।
ਨਾ ਕੋਈ ਅੱਲਾ, ਰਾਮ ਬਹੁੜਿਆ ਅਦਲ ਸਿਖਾਵਣ ਵਾਲਾ,
ਅੱਖੀਂ ਡਿੱਠਾ ਵਕਤ ਕੁਲਹਿਣਾ, ਗਧਿਆਂ ਦੇ ਮੂੰਹ ਖੀਰਾਂ।

ਉਪਰੰਤ ਆਪਣੀ ਬਹੁਤਰਚਿਤ ਕਵਿਤਾ ਲਾਲਟੈਣ ਸੁਣਾਈ।

ਕਵੀ ਦਰਬਾਰ ਚ ਮੁੱਖ ਮਹਿਮਾਨ ਸ਼੍ਰੀ ਰਾਮ ਨਿਵਾਸ ਗੋਇਲ ਸਪੀਕਰ ਦਿੱਲੀ ਵਿਧਾਨ ਸਭਾ,ਵਿਸ਼ੇਸ਼ ਮਹਿਮਾਨ ਸ਼੍ਰੀ ਰਾਜਿੰਦਰਪਾਲ ਗੌਤਮ ਸਮਾਜ ਕਲਿਆਣ ਮੰਤਰੀ ਦਿੱਲੀ ਸਰਕਾਰ ਤੇ ਵਿਧਾਇਕ ਸ: ਅਵਤਾਰ ਸਿੰਘ ਕਾਲਕਾ ਪੁੱਜੇ। ਪ੍ਰਧਾਨਗੀ ਪੰਜਾਬੀ ਅਕਾਦਮੀ ਦੇ ਵਾਈਸ ਚੇਅਰਮੈਨ ਸ: ਜਰਨੈਲ ਸਿੰਘ ਸਾਬਕਾ ਵਿਧਾਇਕ ਨੇ ਕੀਤੀ।

ਪੰਜਾਬ ਤੋਂ ਵਿਸ਼ੇਸ਼ ਤੌਰ ਕੇ ਸ਼੍ਰੀ ਕ੍ਰਿਸ਼ਨ ਕੁਮਾਰ ਬਾਵਾ ਚੇਅਰਮੈਨ ਪੀ ਐੱਸ ਆਈ ਡੀ ਸੀ ਤੇ ਅਗਰਵਾਲ ਸਭਾ ਲੁਧਿਆਣਾ ਦੇ ਪ੍ਰਧਾਨ ਸ਼੍ਰੀ ਪਵਨ ਗਰਗ ਉਚੇਚੇ ਤੌਰ ਤੇ ਸ਼ਾਮਿਲ ਹੋਏ। ਮੰਚ ਸੰਚਾਲਨ ਡਾ: ਬਰਜਿੰਦਰ ਚੌਹਾਨ ਨੇ ਬੜੇ ਜੀਵੰਤ ਅੰਦਾਜ਼ ਚ ਕੀਤਾ।

ਅਕਾਦਮੀ ਦੇ ਸਕੱਤਰ ਸ: ਗੁਰਭੇਜ ਸਿੰਘ ਗੋਰਾਇਆ ਨੇ ਇਸ ਕਵੀ ਦਰਬਾਰ ਵਿੱਚ ਸ਼ਾਮਿਲ ਮਹਿਮਾਨਾਂ ਤੇ ਕਵੀਆਂ ਦਾ ਧੰਨਵਾਦ ਕੀਤਾ।

(ਤਸਵੀਰ ਆਖਰੀ ਰੰਗੀਨ ਸਫੇ ਤੇ ਦੇਖੋ)

Sri Satguru Jagjit Singh Ji Elibrary NamdhariElibrary@gmail.com

ਸਾਜ਼ਿਸ਼

-ਗੌਹਰ ਰਜ਼ਾ, ਦਿੱਲੀ

(ਉਨਾਵ ਦੀ ਧੀ ਦੇ ਨਾਮ)
ਜਦ ਸਾਜ਼ਿਸ਼ ਹਾਦਸਾ ਬਣ ਜਾਵੇ।
ਤੇ ਸਾਜ਼ਿਸ਼ ਕਰਦੇ ਲੋਕਾਂ ਨੂੰ,
ਗੱਦੀ ਤੇ ਵਤਨ ਬਿਠਾਉਂਦਾ ਹੈ।
ਤੇ ਲੋਕਤੰਤਰੀ ਪੈੜਾਂ ਨੂੰ,
ਲਾ ਠੋਕਰਾਂ ਕੋਈ ਮਿਟਾਉਂਦਾ ਹੈ।

ਜਦ ਖ਼ੂਨ ਚ ਲਿੱਬੜੇ ਹੱਥਾਂ ਵਿੱਚ,
ਵਤਨਾਂ ਦੇ ਝੰਡੇ ਆ ਜਾਂਦੇ।
ਅੱਗ ਲਾਉਂਦੇ ਕੋੜੇ ਹੱਥ ਜਦੋਂ,
ਫੁੱਲ ਮਾਲਾ ਗਲ ਵਿੱਚ ਪਾ ਜਾਂਦੇ।

ਲਿੱਸਿਆਂ ਦੇ ਹਾਰੇ ਜਿਸਮਾਂ ਤੇ,
ਜਦ ਨਫ਼ਰਤ ਨੰਗਾ ਨਾਚ ਕਰੇ।
ਇੱਜ਼ਤਾਂ ਨੂੰ ਲੁੱਟਣ ਵਾਲਿਆਂ ਤੇ,
ਜਦ ਕੁਰਸੀਧਾਰੀ ਮਾਣ ਕਰੇ।

ਜਦ ਜੇਲ੍ਹ ਚ ਬੈਠਾ ਕਾਤਲ ਵੀ,
ਹਰ ਮਾਣ ਸਹੂਲਤ ਖਾਂਦਾ ਹੈ।
ਤੇ ਇੱਜ਼ਤ ਵਾਲੇ ਵਤਨੀ ਨੂੰ,
ਸੂਲੀ ਤੇ ਟੰਗਿਆ ਜਾਂਦਾ ਹੈ।

ਜਦ ਨਫ਼ਰਤ ਕਾਫ਼ਲਾ ਬੰਨ੍ਹ ਤੁਰੇ,
ਹਰ ਚੌਕ ਚੌਰਾਹੇ ਸੜਕਾਂ ਤੇ,
ਕਾਨੂੰਨ ਨਾਲ ਖਿਲਵਾੜ ਕਰੇ।
ਜਦ ਅਦਲ ਕਚਹਿਰੀ ਡਰ ਜਾਵੇ,
ਤੇ ਮੰਗੇ ਭਿੱਖਿਆ ਰਾਖੀ ਦੀ।

ਜਦ ਸੰਸਦ ਅੰਦਰ ਜਣਾ ਖਣਾ,
ਧਰਮਾਂ ਦੇ ਨਾਅਰੇ ਲਾਉਂਦਾ ਹੈ।
ਜਦ ਮੰਦਰ ਮਸਜਿਦ ਗਿਰਜੇ ਵਿੱਚ,
ਹਰ ਇੱਕ ਦਾ ਚਿਹਰਾ ਲੁਕ ਜਾਵੇ।

ਜਿੱਥੇ ਲੋਟੂ ਸੁਖ ਦੀ ਨੀਂਦ ਲਵੇ,
ਤੇ ਬਸਤੀ ਬਸਤੀ ਭੁੱਖ ਉੱਗੇ।
ਕੰਮ ਲੱਭਦੇ ਸੁੰਨੇ ਹੱਥਾਂ ਦੇ ,
ਹੱਥ ਪੱਲੇ ਜਦ ਕੁਝ ਪੈਂਦਾ ਨਹੀਂ।
ਜਦ ਖਾਲੀ ਵਿਹਲੇ ਹੱਥਾਂ ਵਿੱਚ,
ਤਲਵਾਰ ਫੜਾਈ ਜਾਣ ਲੱਗੇ।
ਤਾਂ ਸਮਝੋ ਘਾਲ਼ੇ ਮਾਲ਼ੇ ਨੂੰ।
ਹਰ ਇੱਕ ਘਟਨਾ ਦਾ,
ਦੂਜੀ ਦੇ ਸੰਗ,
ਆਪਸ ਵਿੱਚ ਗੂੜ੍ਹਾ ਰਿਸ਼ਤਾ ਹੈ।

ਇਹ ਧਰਮ ਦੇ ਨਾਂ ਤੇ ਸਾਜ਼ਿਸ਼ ਹੈ,
ਤੇ ਸਾਜ਼ਿਸ਼ ਬੇਹੱਦ ਡੂੰਘੀ ਹੈ।
ਤਾਂ ਸਮਝੋ,
ਧਰਮ ਇਹ ਧਰਮ ਨਹੀਂ।
ਤਹਿਜ਼ੀਬ ਤੁਹਾਡੀ ਦਾਅ ਉੱਤੇ।
ਇਸ ਰੰਗ ਬਰੰਗ ਬਗੀਚੀ ਦੀ,
ਤਕਦੀਰ ਲੱਗੀ ਹੈ ਦਾਅ ਉੱਤੇ।

ਉੱਠੋ ਜੀ,
ਰਾਖੀ ਵਾਜਬ ਹੈ,
ਤਹਿਜ਼ੀਬ ਦੇ ਹਰ ਮੈਖ਼ਾਨੇ ਦੀ।
ਉੱਠੋ ਜੀ,
ਰਾਖੀ ਕਰ ਲਉ ਹੁਣ,
ਹਰ ਜਾਮ ਦੀ ਹਰ ਪੈਮਾਨੇ ਦੀ।
ਪੰਜਾਬੀ ਰੂਪ: ਗੁਰਭਜਨ ਗਿੱਲ

ਇਹ ਸੂਰਜ ਹਾਕਮਾਂ ਦਾ ਏ, ਇਸ ਤੇ ਨਾ ਇਤਬਾਰ ਰੱਖ।
ਕਹਿਣ ਨੂੰ ਦਿਨ ਹੈ ਬੇਸ਼ਕ, ਫਿਰ ਵੀ ਦੀਵੇ ਬਾਲ ਰੱਖ।
ਇਹਨੇ ਉਹੀ ਦਿਖਾਉਣਾ ਏ, ਉਹ ਚਾਹੁੰਦੇ ਜੋ ਦਿਖਾਣਾ।
ਤੂੰ ਨਾ ਭਟਕ ਰਹਿ ਸਿਆਣਾ, ਹੋਸ਼ ਆਪਣੇ ਸੰਭਾਲ ਰੱਖ।
ਮਨਿੰਦਰ ਕੌਰ ਮਨ

Sri Satguru Jagjit Singh Ji Elibrary NamdhariElibrary@gmail.com

ਕੁੜੀਆਂ ਵਿਚ ਵੱਧ ਰਿਹਾ ਨਸ਼ੇ ਦਾ ਰੁਝਾਨ

ਡਾ: ਹਰਬਿੰਦਰ ਕੌਰ, ਐਮ.ਡੀ.

ਬੀ.ਬੀ.ਸੀ. ਨੇ 23 ਨਵੰਬਰ 2018 ਨੂੰ ਉਸ ਸਮੇਂ ਦੇ ਸਿਹਤ ਮੰਤਰੀ ਸ੍ਰੀ ਬ੍ਰਹਮ ਮਹਿੰਦਰਾ ਦਾ ਬਿਆਨ ਜਾਰੀ ਕੀਤਾ ਸੀ, "ਪੰਜਾਬ ਵਿਚ ਨਸ਼ਾ ਬਹੁਤ ਘੱਟ ਰਹਿ ਗਿਆ ਹੈ।" ਜਦੋਂ ਪੱਤਰਕਾਰ ਨੇ ਅਗਲਾ ਸਵਾਲ ਪੁੱਛਿਆ ਕਿ ਕਿਉਂ ਸੰਨ 2018 ਵਿਚ ਪਿਛਲੇ ਸਾਲਾਂ ਨਾਲੋਂ ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਮੌਤਾਂ ਵਿਚ ਵਾਧਾ ਹੋਇਆ ਹੈ ਤੇ ਕਿਉਂ ਕੁੜੀਆਂ ਵਿਚ ਵੀ ਨਸ਼ੇ ਦਾ ਰੁਝਾਨ ਵਧਣ ਲੱਗ ਪਿਆ ਹੈ, ਤਾਂ ਉਹ ਜਵਾਬ ਦੇਣ ਤੋਂ ਇਨਕਾਰੀ ਹੋ ਗਏ।

ਆਲ ਇੰਡੀਆ ਇੰਸਟੀਚਿਊਟ ਦਿੱਲੀ ਵੱਲੋਂ ਸੰਨ 2015 ਵਿਚ ਜਾਰੀ ਕੀਤੀ ਰਿਪੋਰਟ ਅਨੁਸਾਰ ਉਸ ਸਮੇਂ ਪੰਜਾਬ ਵਿਚ 2 ਲੱਖ ਤੋਂ ਵੱਧ ਨਸ਼ੇੜੀ ਸਨ ਜਿਨ੍ਹਾਂ ਵਿੱਚੋਂ ਬਹੁਤ ਜਣਿਆਂ ਦੇ ਟੱਬਰ ਬੇਬਸੀ ਵਿਚ ਉਨ੍ਹਾਂ ਦੀ ਮਰਨ ਦੀ ਉਡੀਕ ਕਰ ਰਹੇ ਸਨ।

ਲੁਧਿਆਣਾ ਦੇ ਪੁਲਿਸ ਕਮਿਸ਼ਨਰ ਸੁਖਚੈਨ ਸਿੰਘ ਜੀ ਨੇ ਉਦੋਂ ਮੰਨਿਆ ਸੀ, ਸ਼ਹਿਰਾਂ ਵਿਚ ਦਵਾਈਆਂ ਦੀਆਂ ਦੁਕਾਨਾਂ ਉੱਤੇ ਨਸ਼ੇ ਦੀਆਂ ਸ਼ੀਸੀਆਂ ਵਿਕ ਰਹੀਆਂ ਹਨ ਤੇ ਪਿੰਡਾਂ ਵਿਚ ਅਫੀਮ, ਭੰਗ ਤੇ ਹੈਰੋਇਨ ਵਿਕ ਰਹੇ ਹਨ।

ਇੱਕ ਭਾਰਤੀ ਇੰਟੈਲੀਜੈਂਸ ਅਫ਼ਸਰ ਨੇ ਮੰਨਿਆ ਕਿ ਬਾਰਡਰ ਪਾਰ ਤੋਂ ਖੇਤਾਂ ਵਿਚ ਪੈਕਟ ਸੁੱਟ ਦਿੱਤੇ ਜਾਂਦੇ ਹਨ ਜਿੱਥੋਂ ਕਿਸਾਨ ਇਨ੍ਹਾਂ ਨੂੰ ਚੁੱਕ ਕੇ ਆਪਣੇ ਘਰ ਲੈ ਆਉਂਦੇ ਹਨ। ਘਰ ਲਿਆਉਣ ਲਈ ਆਪਣੇ ਸੰਦਾਂ ਨੂੰ ਖੋਖਲੇ ਕਰ ਕੇ ਨਸ਼ੇ ਦੇ ਪੈਕਟ ਭਰ ਲਏ ਜਾਂਦੇ ਹਨ ਤੇ ਅੱਗੋਂ ਵਪਾਰੀ ਆਪਣੇ ਕੋਰੀਅਰ ਰਾਹੀਂ ਇਨ੍ਹਾਂ ਨੂੰ ਅਗਾਂਹ ਤੋਰ ਦਿੰਦੇ ਹਨ।

ਇਸ ਸਾਰੇ ਵਰਤਾਰੇ ਵਿਚ ਕਿਸੇ ਨੂੰ ਇੱਕ ਦੂਜੇ ਦਾ ਨਾਂ ਪਤਾ ਨਹੀਂ ਹੁੰਦਾ। ਸਿਰਫ਼ ਕਿਸੇ ਨੰਬਰ ਜਾਂ ਕਿਸੇ ਸੁਣੇਹੇ ਨੂੰ ਹੀ ਆਧਾਰ ਬਣਾ ਕੇ ਕੰਮ ਕੀਤਾ ਜਾਂਦਾ ਹੈ।

ਜੂਨ 2016 ਵਿਚ ਪਾਰਲੀਮੈਂਟ ਵਿਚ ਕਿਰਨ ਰਿਜੀਜੂ ਨੇ ਮੰਨਿਆ ਸੀ ਕਿ ਬਹੁਤ ਸਾਰੇ ਪੁਲਿਸ ਕਰਮੀ ਤੇ ਕੁੱਝ ਫੌਜ ਵਿਚਲੇ ਬੰਦੇ ਵੀ ਇਸ ਨਸ਼ੇ ਦੇ ਕਾਰੋਬਾਰ ਵਿਚ ਸ਼ਾਮਲ ਹਨ ਤੇ 68 ਜਣੇ ਫੜੇ ਵੀ ਜਾ ਚੁੱਕੇ ਹਨ।

ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਈਂਸਿਸ ਦਿੱਲੀ ਨੇ ਆਪਣੀ ਖੋਜ ਰਾਹੀਂ ਪੁਸ਼ਟੀ ਕੀਤੀ ਹੈ ਕਿ ਵੱਡੀ ਗਿਣਤੀ ਕੁੜੀਆਂ ਵੀ ਨਸ਼ੇ ਦੀ ਲੱਤ ਪਾਲ ਚੁੱਕੀਆਂ ਹਨ। ਬਹੁਤੀਆਂ ਆਪਣੇ ਆਪ ਨੂੰ ਅਗਾਂਹ ਵਧੂ ਸਾਬਤ ਕਰਨ ਦੇ ਚੱਕਰ ਵਿਚ, ਹਾਣੀਆਂ ਵੱਲੋਂ ਪਏ ਦਬਾਓ ਜਾਂ ਵੈਸੇ ਹੀ ਸ਼ੌਕੀਆ ਇਸ ਪਾਸੇ ਵੱਲ ਧੱਕੀਆਂ ਜਾਂਦੀਆਂ ਹਨ ਤੇ ਫੇਰ ਉਨ੍ਹਾਂ ਕੋਲੋਂ ਇਹ ਲੱਤ ਛੁਟਦੀ ਨਹੀਂ। ਲੋਕ ਮੁੰਡਿਆਂ ਦੇ ਇਲਾਜ ਲਈ ਤਾਂ ਫਿਰ ਵੀ ਅਗਾਂਹ ਆ ਜਾਂਦੇ ਹਨ ਪਰ ਕੁੜੀਆਂ ਨੂੰ ਸਮਾਜਿਕ ਸ਼ਰਮ ਸਦਕਾ ਬਹੁਤੀ ਵਾਰ ਇਲਾਜ ਕਰਵਾਉਣ ਲਈ ਵੀ ਨਹੀਂ ਲਿਜਾਇਆ ਜਾਂਦਾ।

ਸ਼ਰਾਬ ਨੂੰ ਤਾਂ ਅੱਜ ਕੱਲ ਫੈਸ਼ਨ ਮੰਨ ਕੇ ਜਾਂ ਰਿਵਾਜ਼ ਦੀ ਤੌਰ 'ਤੇ ਹੀ ਬਹੁਤ ਘਰਾਂ ਵਿਚ ਜਾਂ ਹੋਟਲਾਂ ਵਿਚ ਔਰਤਾਂ ਤੇ ਬੱਚੀਆਂ ਨੂੰ ਆਮ ਹੀ ਪੀਂਦੇ ਵੇਖਿਆ ਜਾ ਸਕਦਾ ਹੈ, ਇਹ ਜਾਣੇ ਬਗ਼ੈਰ ਕਿ ਸ਼ਰਾਬ ਔਰਤਾਂ ਦੇ ਜਿਗਰ ਉੱਤੇ ਛੇਤੀ ਤੇ ਵੱਧ ਨੁਕਸਾਨ ਕਰਦੀ ਹੈ ਕਿਉਂਕਿ ਉਨ੍ਹਾਂ ਦੇ ਸਰੀਰ ਵਿਚ "ਐਲਕੋਹਲ ਡੀਹਾਈਡਰੋਜੀਨੇਜ਼" ਰਸ ਘੱਟ ਹੁੰਦਾ ਹੈ।

ਜਲੰਧਰ ਦੀ ਜਸਮੀਤ, ਜੋ ਘਰਾਂ ਵਿਚ ਕੰਮ ਕਰਦੀ ਹੈ, ਨੇ ਮੰਨਿਆ ਹੈ ਕਿ ਸੰਨ 2014 ਤੋਂ ਉਹ ਕਪੂਰਥਲੇ ਦੇ ਡੀਅਡਿਕਸ਼ਨ ਸੈਂਟਰ ਵਿਚ ਆਪਣੇ ਪਤੀ ਤੇ ਨਾਬਾਲਗ ਬੇਟੀ ਨੂੰ ਲੈ ਕੇ ਜਾ ਰਹੀ ਹੈ ਕਿਉਂਕਿ ਉਨ੍ਹਾਂ ਤੋਂ ਹੁਣ ਨਸ਼ਾ ਛੱਡਿਆ ਹੀ ਨਹੀਂ ਜਾ ਰਿਹਾ। ਉਸ ਨੂੰ ਸਭ ਤੋਂ ਪਹਿਲਾਂ ਉਸ ਦੀ ਧੀ ਨੇ ਹੀ ਥੱਕੀ ਰਹਿੰਦੀ ਨੂੰ ਵੇਖ ਕੇ ਉਸ ਨੂੰ ਹੈਰੋਇਨ ਦਾ ਟੀਕਾ ਲਵਾਉਣ ਦੀ ਸਲਾਹ ਦਿੱਤੀ ਸੀ। ਉਸ ਟੀਕੇ ਨਾਲ ਉਸ ਦੀ ਥਕਾਵਟ ਝਟਪਟ ਲਹਿ ਗਈ ਤੇ ਉਸ ਨੇ ਅਗਲੇ ਦਿਨ ਕੰਮ ਵੀ ਝਟਪਟ ਮੁਕਾ ਲਿਆ। ਚੌਥੇ ਦਿਨ ਜਦ ਟੀਕਾ ਨਹੀਂ ਲਾਇਆ ਤਾਂ ਉਸ ਨੂੰ ਸਰੀਰ ਟੁੱਟਿਆ ਭੱਜਿਆ ਜਾਪਿਆ। ਮਜਬੂਰੀ ਵਿਚ ਫਿਰ ਟੀਕਾ ਲਵਾਇਆ। ਹੌਲੀ-ਹੌਲੀ ਪਤੀ ਵੀ ਇਸੇ ਪਾਸੇ ਪੈ ਗਿਆ। ਨਸ਼ੇ ਵਾਲੇ ਪਾਸੇ ਸਾਰੇ ਟੱਬਰ ਨੂੰ ਧੱਕਣ ਵਾਲੀ ਨਾਬਾਲਗ ਧੀ ਸੀ।

ਉਸ ਦੀ ਧੀ ਪਹਿਲਾਂ ਤੋਂ ਹੀ ਆਪਣੀਆਂ ਕਈ ਸਹੇਲੀਆਂ ਨਾਲ ਬਹਿ ਕੇ ਟੀਕਾ ਲਾਉਂਦੀ ਹੁੰਦੀ ਸੀ। ਉਸ ਦੀਆਂ ਸਹੇਲੀਆਂ ਨੂੰ ਇੱਕ ਏਜੰਟ ਹੈਰੋਇਨ ਮੁਹੱਈਆ ਕਰਵਾ ਰਿਹਾ ਸੀ। ਉੱਥੋਂ ਹੀ ਪਤਾ ਲੱਗਿਆ ਕਿ ਅਜਿਹੀਆਂ ਕੁੜੀਆਂ ਦੇ ਢੇਰਾਂ ਦੇ ਢੇਰ

Sri Satguru Jagjit Singh Ji Elibrary NamdhariElibrary@gmail.com

ਗਰੁੱਪ ਹਨ ਜੋ ਕਾਕਟੇਲ ਤੇ ਹੋਰ ਕਈ ਤਰ੍ਹਾਂ ਦੇ ਵੱਖੋ-ਵੱਖ ਨਸ਼ਿਆਂ ਨੂੰ ਅਜ਼ਮਾ ਰਹੀਆਂ ਸਨ ਤੇ ਆਦੀ ਵੀ ਬਣ ਚੁੱਕੀਆਂ ਸਨ। ਕਈ ਘਰਾਂ ਵਿਚ ਭਰਾਵਾਂ ਨੇ ਆਪਣੀਆਂ ਭੈਣਾਂ ਨੂੰ ਲਤ ਲਾਈ ਸੀ ਤੇ ਕਈ ਥਾਈਂ ਮਾਵਾਂ ਨੂੰ ਵੇਖ ਕੇ ਨੌਜਵਾਨ ਬੱਚੀਆਂ ਇਸ ਪਾਸੇ ਧੱਕੀਆਂ ਗਈਆਂ ਸਨ।

ਜਸਮੀਤ ਮੰਨੀ ਕਿ ਪਹਿਲਾਂ ਉਸ ਨੇ ਘਰ ਦੀਆਂ ਚੀਜ਼ਾਂ ਵੇਚੀਆਂ, ਫੇਰ ਸੋਨੇ ਦੀਆਂ ਵਾਲੀਆਂ ਵੇਚੀਆਂ ਤੇ ਫੇਰ ਮਜਬੂਰੀ ਵਿਚ ਉਨ੍ਹਾਂ ਘਰਾਂ ਵਿਚ ਚੋਰੀ ਕਰਨ ਲੱਗੀ ਜਿੱਥੇ ਉਹ ਕੰਮ ਕਰਦੀ ਸੀ।

ਫੇਰ ਉਸ ਦੀ ਧੀ ਦਾ ਵਿਆਹ ਹੋ ਗਿਆ ਪਰ ਰੀਹੈਬਿਲੀਟੇਸ਼ਨ ਸੈਂਟਰ ਵਿੱਚੋਂ ਲਈ ਮੈਥਾਡੋਨ ਵੀ ਉਸ ਦੀ ਆਦਤ ਛੁਡਾ ਨਾ ਸਕੀ। ਅਖ਼ੀਰ ਅੱਗੋਂ ਉਸ ਦਾ ਬੇਟਾ ਵੀ ਜੰਮ ਪਿਆ। ਫੇਰ ਪਤੀ ਨੂੰ ਵੀ ਲਤ ਲਾ ਦਿੱਤੀ ਤੇ ਉਹ ਦੋਵੇਂ ਵੀ ਆਪਣੇ 18 ਮਹੀਨੇ ਦੇ ਬੱਚੇ ਨੂੰ ਲੈ ਕੇ ਹਸਪਤਾਲ ਨਸ਼ਾ ਛੁਡਾਉਣ ਆਉਣ ਲੱਗ ਪਏ।

ਯਾਨੀ ਨਾਨਾ ਨਾਨੀ ਦੀ ਆਪਣੇ ਦੋਹਤਰੇ ਨਾਲ ਮੁਲਾਕਾਤ ਨਸ਼ਾ ਛੁਡਾਊ ਕੇਂਦਰ ਵਿਚ ਹੀ ਹੋਣ ਲੱਗ ਪਈ।

ਇਸ ਤਰ੍ਹਾਂ ਦੀ ਕੋਈ ਇੱਕ ਟੱਬਰ ਦੀ ਕਹਾਣੀ ਨਹੀਂ ਹੈ। ਕੁੜੀਆਂ ਦੀ ਵਧਦੀ ਜਾਂਦੀ ਗਿਣਤੀ ਸਦਕਾ ਹੀ ਕਪੂਰਥਲੇ ਕੁੜੀਆਂ ਲਈ ਵੱਖ ਨਸ਼ਾ ਛੁਡਾਊ ਕੇਂਦਰ ਖੋਲ੍ਹਣਾ ਪਿਆ ਹੈ। ਇਸ ਤੋਂ ਇਲਾਵਾ 31 ਹੋਰ ਸਰਕਾਰੀ ਕੇਂਦਰਾਂ ਵਿਚ ਨਸ਼ਾ ਛੁਡਾਉਣ ਦਾ ਕੰਮ ਜਾਰੀ ਹੈ।

ਡਾ. ਸੰਦੀਪ ਭੋਲਾ, ਜੋ ਕਪੂਰਥਲੇ ਸੈਂਟਰ ਦੇ ਇੰਚਾਰਜ ਸਨ, ਨੇ ਮੰਨਿਆ ਕਿ ਕੁੱਝ ਸਰਕਾਰੀ ਸਕੂਲਾਂ ਦੀਆਂ ਅਧਿਆਪਿਕਾਵਾਂ ਵੀ ਨਸ਼ਿਆਂ ਦੀ ਆਦੀ ਹੋ ਚੁੱਕੀਆਂ ਹਨ ਤੇ ਅੱਗੋਂ ਉਨ੍ਹਾਂ ਦੀਆਂ ਕਈ ਸਹੇਲੀਆਂ ਵੀ ਇਸ ਪਾਸੇ ਪੈ ਚੁੱਕੀਆਂ ਹਨ। ਇਨ੍ਹਾਂ ਵਿੱਚੋਂ ਹੀ ਕਈ ਪੈਸੇ ਕਮਾਉਣ ਦੇ ਚੱਕਰ ਵਿਚ ਆਪ ਵੀ ਨਸ਼ਾ ਵੰਡਣ ਦੇ ਕਾਰੋਬਾਰ ਵਿੱਚ ਲੱਗ ਗਈਆਂ ਹਨ।

ਨਸ਼ਾ ਤਸਕਰਾਂ ਨੂੰ ਵੀ ਨਾਬਾਲਗ ਬੱਚੀਆਂ ਰਾਹੀਂ ਨਸ਼ਾ ਅਗਾਂਹ ਤੋਰਨਾ ਆਸਾਨ ਲੱਗਦਾ ਹੈ। ਇਸੇ ਲਈ ਉਨ੍ਹਾਂ ਨੂੰ ਰਤਾ ਕੁ ਚਟਾ ਕੇ ਬਿਨਾਂ ਕੋਈ ਪੈਸਾ ਧੇਲਾ ਦਿੱਤਿਆਂ ਆਪਣੇ ਕੰਮ ਨੂੰ ਵਧੀਆ ਤਰੀਕੇ ਤੋਰੀ ਜਾ ਰਹੇ ਹਨ। ਆਦੀ ਹੋਈਆਂ ਬੱਚੀਆਂ, ਆਪਣੀ 'ਡੋਜ਼' ਵਾਸਤੇ ਸਭ ਕੁੱਝ ਕਰਨ ਨੂੰ ਤਿਆਰ ਹੋ ਜਾਂਦੀਆਂ ਹਨ।

ਇਸ ਵੇਲੇ ਡਾਕਟਰਾਂ, ਪੁਲਿਸ ਕਰਮੀਆਂ ਤੇ ਸਰਕਾਰ ਲਈ ਸਿਰਦਰਦੀ ਬਣਿਆ ਨਸ਼ੇ ਦਾ ਵਪਾਰ ਨਾਬਾਲਗ ਬੱਚੀਆਂ ਰਾਹੀਂ ਪ੍ਰਫੁੱਲਿਤ ਹੋ ਰਿਹਾ ਹੈ ਜਿਨ੍ਹਾਂ ਦੀ ਗਿਣਤੀ ਦਾ ਅੰਦਾਜ਼ਾ ਹੀ ਨਹੀਂ ਲੱਗ ਰਿਹਾ ਕਿਉਂਕਿ ਵੱਡੀ ਗਿਣਤੀ ਮਾਪੇ ਸਮਾਜਿਕ ਸ਼ਰਮ ਸਦਕਾ ਇਹ ਗੱਲ ਬਾਹਰ ਕੱਢਦੇ ਹੀ ਨਹੀਂ ਤੇ ਨਾ ਹੀ ਇਲਾਜ ਕਰਵਾਉਣ ਲਈ ਬਾਹਰ ਨਿਕਲਦੇ ਹਨ।

ਕੁੱਝ ਔਰਤਾਂ, ਜੋ ਖਾਣਾ ਬਣਾਉਣ ਦਾ ਕੰਮ ਕਰਦੀਆਂ ਹਨ ਤੇ ਆਪ ਆਦੀ ਵੀ ਹੋ ਚੁੱਕੀਆਂ ਹਨ, ਉਨ੍ਹਾਂ ਰਾਹੀਂ ਖਾਣ ਦੇ ਸਮਾਨ ਵਿਚ ਰਤਾ ਕੁ ਨਸ਼ਾ ਪੁਆ ਕੇ ਅਨੇਕ ਟੱਬਰਾਂ ਦੇ ਟੱਬਰ ਨਸ਼ੇ ਦੇ ਅਸਰ ਹੇਠ ਲਿਆਏ ਜਾ ਰਹੇ ਹਨ।

ਸੰਗੀਤਾ, ਜਿਸ ਦਾ ਪਤੀ ਟਰੱਕ ਡਰਾਈਵਰ ਹੈ, ਨੇ ਮੰਨਿਆ ਕਿ ਕਈ ਘਰਾਂ ਵਿਚ ਕੰਮ ਕਰਦਿਆਂ ਉਹ ਬਹੁਤ ਥੱਕ ਜਾਂਦੀ ਸੀ। ਫੇਰ ਉਸ ਦੀ ਧੀ ਨੇ ਹੀ ਉਸ ਨੂੰ ਇਕ ਦਿਨ ਹੈਰੋਇਨ ਦਾ ਟੀਕਾ ਲਾਇਆ ਤਾਂ ਉਸ ਨੂੰ ਚੰਗਾ ਮਹਿਸੂਸ ਹੋਇਆ। ਉਸ ਤੋਂ ਬਾਅਦ ਆਦਤ ਹੀ ਹੋ ਗਈ। ਘਰ ਜਦ ਕੁੱਝ ਨਾ ਬਚਿਆ ਤਾਂ ਨਸ਼ੇ ਦੇ ਵਪਾਰੀਆਂ ਵੱਲੋਂ ਜਬਰੀ ਜਿਸਮਾਨੀ ਸੰਬੰਧ ਬਣਾਉਣ 'ਤੇ ਜ਼ੋਰ ਪਾਇਆ ਗਿਆ। ਤਿੰਨ ਕੁੜੀਆਂ ਤੇ ਇੱਕ ਮੁੰਡੇ ਦੀ ਮਾਂ ਸੰਗੀਤਾ ਹੁਣ ਨਸ਼ਾ ਛੁਡਾਊ ਕੇਂਦਰ ਦੇ ਗੇੜੇ ਕੱਢ ਰਹੀ ਹੈ।

ਉਸ ਮੰਨਿਆ ਕਿ ਵੱਡੇ ਘਰਾਂ ਦੀਆਂ ਢੇਰਾਂ ਦੀਆਂ ਢੇਰ ਕੁੜੀਆਂ ਇਸ ਪਾਸੇ ਵੱਲ ਧੱਕੀਆਂ ਜਾ ਚੁੱਕੀਆਂ ਹਨ ਪਰ ਉਹ ਰੈਗੂਲਰ ਇਲਾਜ ਵਾਸਤੇ ਆ ਨਹੀਂ ਰਹੀਆਂ ਕਿਉਂਕਿ ਉਨ੍ਹਾਂ ਦੇ ਟੱਬਰਾਂ ਦੀ ਸਾਖ ਖ਼ਰਾਬ ਹੋਣ ਦਾ ਡਰ ਹੈ। ਇੰਜ ਹੀ ਮੱਧ ਵਰਗੀ ਟੱਬਰਾਂ ਦੀਆਂ ਬਥੇਰੀਆਂ ਧੀਆਂ ਸ਼ੌਕੀਆ ਇਸ ਪਾਸੇ ਵੱਲ ਤੁਰੀਆਂ ਹੁਣ ਪੱਕੀ ਲੱਤ ਲਾ ਚੁੱਕੀਆਂ ਹਨ।

ਕਈ ਤਾਂ ਏਨੇ ਵੱਖੋ-ਵੱਖ ਤਰ੍ਹਾਂ ਦੇ ਨਸ਼ੇ ਵਰਤ ਰਹੀਆਂ ਹਨ ਕਿ ਉਨ੍ਹਾਂ ਨੂੰ ਦਾਖ਼ਲ ਵੀ ਕਰਵਾਉਣਾ ਪਿਆ ਹੈ। ਇਹ ਸਾਰੀ ਜਾਣਕਾਰੀ ਗੁਪਤ ਰੱਖੀ ਗਈ ਹੈ ਕਿਉਂਕਿ ਮਾਪੇ ਇਸ ਬਾਰੇ ਚੁੱਪ ਧਾਰੀ ਬੈਠੇ ਹਨ ਕਿ ਜੇ ਰਤਾ ਵੀ ਬਾਹਰ ਖ਼ਬਰ ਨਿਕਲੀ ਤਾਂ ਉਹ ਇਲਾਜ ਕਰਵਾਉਣੋਂ ਹਟ ਜਾਣਗੇ।

ਮਨਪ੍ਰੀਤ, ਜੋ ਕਾਲਜ ਦੀ ਵਿਦਿਆਰਥਣ ਹੈ ਨੇ ਵੀ ਸਪਸ਼ਟ ਕਰ ਦਿੱਤਾ ਹੈ ਕਿ ਸਕੂਲਾਂ ਕਾਲਜਾਂ ਦੀਆਂ ਅਨੇਕ ਵਿਦਿਆਰਥਣਾਂ ਜੋ ਵੱਡੇ ਛੋਟੇ ਘਰਾਂ ਵਿੱਚੋਂ ਹਨ, ਛੋਟੇ ਮੋਟੇ ਨਸ਼ੇ ਤੋਂ ਸ਼ੁਰੂ ਹੋ ਕੇ ਹੁਣ ਹੈਰੋਇਨ ਦੀਆਂ ਆਦੀ ਬਣ ਚੁੱਕੀਆਂ ਹਨ। ਅਫ਼ਸੋਸ ਇਹ ਹੈ ਕਿ ਉਸ ਨਾਲ ਦੀਆਂ ਬਹੁਤ ਥੋੜੀਆਂ ਬੱਚੀਆਂ ਨਸ਼ਾ ਛਡਾਉਣ ਲਈ ਲਿਆਈਆਂ ਗਈਆਂ ਹਨ। ਬਾਕੀਆਂ ਦਾ ਇਲਾਜ ਵੀ ਨਹੀਂ ਕਰਵਾਇਆ ਜਾ ਰਿਹਾ। ਜਦੋਂ ਜਿਸਮਾਨੀ ਸ਼ੋਸ਼ਣ ਬਾਰੇ ਪੁੱਛਿਆ ਗਿਆ ਤਾਂ ਅੱਖਾਂ ਨੀਵੀਆਂ ਪਾ ਕੇ ਉਹ ਬੋਲੀ, "ਜਦੋਂ ਪੈਸਾ ਕਿਤੋਂ ਮਿਲਣਾ ਹੀ ਨਹੀਂ ਤਾਂ ਹੋਰ ਰਾਹ ਕਿਹੜਾ ਬਚਦਾ ਹੈ?" ਮਨਪ੍ਰੀਤ ਨੂੰ ਇਸ ਪਾਸੇ ਉਸ ਦੇ ਕਾਲਜ ਦੇ ਦੋਸਤ ਨੇ

Sri Satguru Jagjit Singh Ji Elibrary NamdhariElibrary@gmail.com

ਤੋਰਿਆ ਸੀ, ਜੋ ਆਪਣੇ ਹਾਣੀਆਂ ਨਾਲ ਪਹਿਲਾਂ ਤੋਂ ਹੀ ਨਸ਼ੇ ਦਾ ਵਪਾਰ ਵੀ ਕਰ ਰਿਹਾ ਸੀ ਤੇ ਆਪ ਵੀ ਵਰਤ ਰਿਹਾ ਸੀ।

ਨਸ਼ਾ ਲੈਣਾ ਕਿੰਨਾ ਸੌਖਾ ਹੈ, ਇਹ ਵੀ ਉਸ ਦੱਸਿਆ ਕਿ ਸਿਰਫ਼ ਇੱਕ 'ਮਿੱਸਡ ਕਾਲ' ਮਾਰਨ ਨਾਲ ਹੀ ਅੱਧੇ ਘੰਟੇ ਦੇ ਅੰਦਰ-ਅੰਦਰ ਉਸ ਦੇ ਘਰ ਦੇ ਦਰਵਾਜ਼ੇ ਬਾਹਰ ਕੋਈ ਕੁੜੀ ਜਾਂ ਕੋਰੀਅਰ ਦੀ ਸ਼ਕਲ ਵਿਚ ਮੁੰਡਾ 'ਡੋਜ਼' ਪਹੁੰਚਾ ਜਾਂਦਾ ਹੈ।

ਪੀ.ਜੀ.ਆਈ. ਚੰਡੀਗੜ੍ਹ ਨੇ ਸੰਨ 2018 ਮਾਰਚ ਵਿਚ 'ਏਸ਼ੀਅਨ ਜਰਨਲ ਔਫ਼ ਸਾਈਕੈਟਰੀ' ਵਿਚ ਛਾਪਿਆ ਸੀ ਕਿ ਪੰਜਾਬ ਅੰਦਰ 4.1 ਮਿਲੀਅਨ ਤੋਂ ਵੱਧ ਲੋਕਾਂ ਨੇ ਨਸ਼ਾ ਵਰਤਿਆ ਹੈ। ਇਨ੍ਹਾਂ ਵਿੱਚੋਂ 4 ਮਿਲੀਅਨ ਮੁੰਡੇ ਹਨ ਤੇ 0.1 ਮਿਲੀਅਨ ਕੁੜੀਆਂ। ਇਨ੍ਹਾਂ ਵਿੱਚੋਂ 3.1 ਮਿਲੀਅਨ ਮਰਦ ਤੇ 0.1 ਮਿਲੀਅਨ ਔਰਤਾਂ ਨਸ਼ੇ ਦੇ ਪੱਕੇ ਆਦੀ ਬਣ ਚੁੱਕੇ ਹੋਏ ਹਨ। ਸ਼ਰਾਬ, ਸਿਗਰਟ ਤੋਂ ਲੈ ਕੇ ਭੰਗ, ਅਫ਼ੀਮ, ਹੈਰੋਇਨ, ਸਮੈਕ, ਕੋਕੀਨ, ਆਦਿ ਸਭ ਕੁੱਝ ਵਰਤਿਆ ਜਾ ਰਿਹਾ ਹੈ।

ਖੋਜ ਪੱਤਰ ਵਿਚ ਸ਼ਾਮਲ 2 ਲੱਖ 2 ਹਜ਼ਾਰ ਅੱਠ ਸੌ ਸਤਾਰਾਂ ਬੰਦੇ ਤੇ 10,658 ਔਰਤਾਂ ਉਮਰ ਭਰ ਲਈ ਆਦੀ ਬਣ ਚੁੱਕੇ ਹੋਏ ਸਨ ਜਿਨ੍ਹਾਂ ਦਾ ਇਲਾਜ ਸੰਭਵ ਹੀ ਨਹੀਂ ਸੀ।

ਉਸ ਖੋਜ ਪੱਤਰ ਵਿਚ ਜੋ ਚੇਤਾਵਨੀ ਲਿਖੀ ਸੀ, ਉਹ ਸੀ :- 1,56,942 (ਇੱਕ ਲੱਖ ਛਪੰਜਾ ਹਜ਼ਾਰ ਨੌਂ ਸੌ ਬਤਾਲੀ) ਮੁੰਡੇ ਬਿਨਾਂ ਨਸ਼ੇ ਦੇ ਇਕ ਦਿਨ ਵੀ ਨਹੀਂ ਕੱਢ ਰਹੇ ਜਦਕਿ ਬਾਕੀ ਨਸ਼ਾ ਛਡਾਉਣ ਲਈ ਤਿਆਰ ਹਨ। ਪਰ ਕੁੜੀਆਂ, ਵਿੱਚੋਂ ਇਕ ਵੀ ਨਸ਼ਾ ਛੱਡਣ ਨੂੰ ਤਿਆਰ ਨਹੀਂ ਤੇ ਸਾਰੀਆਂ 10,658 ਹੀ ਰੋਜ਼ ਦੀ 'ਡੋਜ਼' ਲੈਣ ਤੋਂ ਬਗ਼ੈਰ ਇੱਕ ਦਿਨ ਵੀ ਨਹੀਂ ਲੰਘਾ ਸਕ ਰਹੀਆਂ।"

ਇਸ ਦਾ ਮਤਲਬ ਇਹ ਹੋਇਆ ਕਿ 'ਆਦੀ' ਹੋਣ ਵਿਚ ਕੁੜੀਆਂ ਦੀ ਗਿਣਤੀ ਵੱਧ ਹੈ ਜਿਨ੍ਹਾਂ ਨੇ ਇਹ ਆਦਤ ਕਦੇ ਵੀ ਨਹੀਂ ਛੱਡਣੀ। "ਸਮਾਜ ਨੂੰ ਭਿਆਨਕ ਨਤੀਜਿਆਂ ਲਈ ਤਿਆਰੀ ਕੱਸ ਲੈਣੀ ਚਾਹੀਦੀ ਹੈ," ਪੀ.ਜੀ.ਆਈ. ਚੰਡੀਗੜ੍ਹ ਦੇ ਸਾਈਕੈਟਰੀ ਵਿਭਾਗ ਦੇ ਡਾ. ਸੁਬੋਧ ਨੇ ਸਪਸ਼ਟ ਕਰ ਦਿੱਤਾ ਹੈ। ਡਾ. ਸੁਬੋਧ ਨੇ ਇਹ ਵੀ ਕਿਹਾ ਹੈ ਕਿ ਅਸਲ ਗਿਣਤੀ ਤਾਂ ਇਸ ਤੋਂ ਸ਼ਾਇਦ ਦੁਗਣੀ, ਤਿਗਣੀ ਜਾਂ ਚੌਗੁਣੀ ਵੀ ਹੋ ਸਕਦੀ ਹੈ ਕਿਉਂਕਿ ਮਾਪੇ ਆਪਣੀਆਂ ਕੁੜੀਆਂ ਬਾਰੇ ਗੱਲ ਵੀ ਕਰਨ ਨੂੰ ਤਿਆਰ ਨਹੀਂ, ਇਲਾਜ ਤਾਂ ਦੂਰ ਦੀ ਗੱਲ ਹੈ।

ਪੀ.ਜੀ.ਆਈ. ਵੱਲੋਂ ਇਹ ਵੀ ਸਪਸ਼ਟ ਕਰ ਦਿੱਤਾ ਗਿਆ ਹੈ ਕਿ ਅਨੇਕ ਬੱਚੀਆਂ ਤੇ ਔਰਤਾਂ ਇਸ ਕਰਕੇ ਅੱਧਾ ਇਲਾਜ ਛੱਡ ਕੇ ਤੁਰ ਜਾਂਦੀਆਂ ਹਨ ਕਿਉਂਕਿ ਪਿੰਡਾਂ ਵਿਚ ਤੇ ਮੁਹੱਲਿਆਂ ਵਿਚ ਉਨ੍ਹਾਂ ਦੀ ਮਦਦ ਕਰਨ ਦੀ ਥਾਂ ਉਨ੍ਹਾਂ ਨੂੰ ਮਜ਼ਾਕ ਦਾ ਪਾਤਰ ਬਣਾ ਦਿੱਤਾ ਜਾਂਦਾ ਹੈ। ਪੂਰੇ ਟੱਬਰ ਨੂੰ ਹੀ ਮਿਹਣੇ ਸੁਣਨੇ ਪੈਂਦੇ ਹਨ।

ਖ਼ਤਰੇ ਦੀ ਘੰਟੀ :- (ਅਮਰੀਕਨ ਅਕੈਡਮੀ ਵੱਲੋਂ ਜਾਰੀ ਕੀਤੀ ਹੋਈ)

1. ਨਸ਼ੇ ਦੇ ਆਦੀ ਮਾਪਿਆਂ ਦੇ ਬੱਚੇ ਮਾਰ ਕੁਟਾਈ, ਗਾਲ੍ਹਾਂ ਦੇ ਸ਼ਿਕਾਰ ਤਾਂ ਹੁੰਦੇ ਹੀ ਹਨ ਪਰ ਮਾਨਸਿਕ ਪਰੇਸ਼ਾਨੀ ਸਹੇੜ ਕੇ ਆਪ ਵੀ ਹੌਲੀ-ਹੌਲੀ ਸ਼ਾਂਤ ਹੋਣ ਲਈ ਨਸ਼ੇ ਦਾ ਸਹਾਰਾ ਲੈਣ ਲੱਗ ਪੈਂਦੇ ਹਨ। ਇਹ ਬੱਚੇ ਵੱਡੇ ਹੋ ਕੇ ਅੱਗੋਂ ਕਤਲ, ਖ਼ੁਦਕੁਸ਼ੀ, ਚੋਰੀ, ਡਾਕੇ ਆਦਿ ਦੇ ਨਾਲ-ਨਾਲ ਆਪ ਵੀ ਘਰੇਲੂ ਹਿੰਸਾ ਕਰਨ ਲੱਗ ਪੈਂਦੇ ਹਨ ਤੇ ਵਧੀਆ ਵਿਆਹੁਤਾ ਰਿਸ਼ਤੇ ਨਹੀਂ ਗੰਢ ਸਕਦੇ।
2. ਨਸ਼ੇ ਦੇ ਆਦੀ ਮਾਪਿਆਂ ਦੇ ਬੱਚਿਆਂ ਵਿੱਚੋਂ ਵੱਡੇ ਹੋ ਕੇ ਬਹੁਤ ਸਾਰੇ ਨੌਜਵਾਨ ਬੱਚੇ ਨਾਬਾਲਗ ਬੱਚੀਆਂ ਦਾ ਬਲਾਤਕਾਰ ਕਰ ਕੇ ਤਸੱਲੀ ਮਹਿਸੂਸ ਕਰਦੇ ਹਨ।
3. ਅਜਿਹੇ ਘਰਾਂ ਦੇ ਬੱਚੇ ਵੱਖੋ-ਵੱਖ ਤਰ੍ਹਾਂ ਦੇ ਮਾਨਸਿਕ ਰੋਗਾਂ ਦਾ ਸ਼ਿਕਾਰ ਬਣ ਜਾਂਦੇ ਹਨ ਜਿਨ੍ਹਾਂ ਵਿੱਚ ਢਹਿੰਦੀ ਕਲਾ, ਘਬਰਾਹਟ, ਨੀਂਦਰ ਠੀਕ ਨਾ ਆਉਣੀ, ਖ਼ੁਦਕੁਸ਼ੀ ਤੋਂ ਲੈ ਕੇ ਖਾਣ ਪੀਣ ਵਿਚ ਦਿੱਕਤ ਆਉਣੀ ਵੇਖੇ ਗਏ ਹਨ।
4. ਕਈ 'ਸੀਰੀਅਲ ਕਿੱਲਰ' ਵੀ ਅਜਿਹੇ ਘਰਾਂ ਵਿੱਚੋਂ ਹੀ ਨਿਕਲਦੇ ਹਨ।
5. ਮਾਈਗਰੇਨ, ਅੰਤੜੀਆਂ ਦੇ ਰੋਗ, ਦੱਬੂ, ਧਿਆਨ ਨਾ ਲਾ ਸਕਣਾ, ਪੜ੍ਹਾਈ ਵਿਚ ਪੱਛੜਨਾ, ਯਾਦਦਾਸ਼ਤ ਘਟਣੀ, ਆਦਿ ਵਰਗੇ ਰੋਗ ਵੀ ਇਨ੍ਹਾਂ ਘਰਾਂ ਦੇ ਬੱਚਿਆਂ ਵਿਚ ਵੇਖੇ ਗਏ ਹਨ।
6. ਕਿਸੇ 'ਤੇ ਯਕੀਨ ਨਾ ਕਰ ਸਕਣਾ, ਦੂਜੇ ਦੀ ਇੱਜ਼ਤ ਨਾ ਕਰਨੀ, ਡਰਨਾ, ਤ੍ਰਭਕਣਾ ਆਦਿ ਵੀ ਹੋ ਸਕਦੇ ਹਨ।
7. ਸਭ ਤੋਂ ਖ਼ਤਰਨਾਕ ਗੱਲ ਇਹ ਹੈ ਕਿ ਅਜਿਹੇ ਘਰਾਂ ਦੇ ਬੱਚਿਆਂ ਵਿਚ ਨਸ਼ੇ ਵਲ ਜਾਣ ਦਾ ਰੁਝਾਨ ਬਾਕੀਆਂ ਨਾਲੋਂ ਤਿੰਨ ਗੁਣਾ ਵੱਧ ਹੁੰਦਾ ਹੈ।
8. ਅਮਰੀਕਨ ਅਕੈਡਮੀ ਔਫ ਪੀਡੀਐਟਰਿਕਸ ਨੇ ਸਪਸ਼ਟ ਕਰ ਦਿੱਤਾ ਹੈ ਕਿ ਜਿਹੜੀਆਂ ਮਾਵਾਂ ਨਸ਼ੇ ਕਰਦੀਆਂ ਹੋਣ, ਉਨ੍ਹਾਂ ਦੇ ਬੱਚਿਆਂ ਵਿਚ :-

* ਓਟਿਜ਼ਮ
* ਦਿਮਾਗੀ ਨੁਕਸ
* ਭਾਰ ਘੱਟ ਰਹਿ ਜਾਣਾ
* ਧਿਆਨ ਨਾ ਲਾ ਸਕਣਾ
* ਜਮਾਂਦਰੂ ਨੁਕਸ ਹੋਣੇ
* ਭਰੂਣ ਦੀ ਮੌਤ ਹੋ ਜਾਣੀ, ਆਦਿ ਹੋਣ ਦਾ ਖ਼ਤਰਾ

Sri Satguru Jagjit Singh Ji Elibrary NamdhariElibrary@gmail.com

ਬਹੁਤ ਵੱਧ ਹੁੰਦਾ ਹੈ।

ਕੀ ਇਹ ਸਭ ਜਾਣ ਲੈਣ ਬਾਅਦ ਹੁਣ ਕੋਈ ਜਾਗਣ ਨੂੰ ਤਿਆਰ ਹੈ? ਪੰਜਾਬ ਨੂੰ ਪਿਆਰ ਕਰਨ ਵਾਲੇ ਸੌਖਿਆਂ ਸਮਝ ਸਕਦੇ ਹਨ ਕਿ ਨਸ਼ਿਆਂ ਦੀ ਦਲਦਲ ਵਿਚ ਫਸ ਚੁੱਕੇ ਨੌਜਵਾਨ ਮੁੰਡੇ ਕੁੜੀਆਂ ਪੰਜਾਬ ਨੂੰ ਮੋਇੰਜੋਦੜੋ ਵਿਚ ਤਬਦੀਲ ਕਰਨ ਲਈ ਤਿਆਰ-ਬਰ-ਤਿਆਰ ਹੋ ਚੁੱਕੇ ਹਨ।

ਹਾਲੇ ਵੀ ਵੇਲਾ ਹੈ। ਪਹਿਲਾਂ ਮੰਨੀਏ ਕਿ "ਨਸ਼ਾ ਹੈ"! ਫੇਰ ਹੀ ਰੋਕਣ ਲਈ ਕਦਮ ਪੁੱਟੇ ਜਾ ਸਕਦੇ ਹਨ। ਜਾਗ੍ਰਿਤੀ ਦੀ ਤਗੜੀ ਲਹਿਰ, ਖੇਡਾਂ ਵੱਲ ਰੁਝਾਨ ਤੇ ਵਧੀਆ ਨਸ਼ਾ ਛਡਾਊ ਕੇਂਦਰਾਂ ਬਾਰੇ ਅੱਜ ਤੋਂ ਹੀ ਕੰਮ ਕਰਨ ਦੀ ਲੋੜ ਹੈ।

ਜੇ ਸਰਕਾਰਾਂ ਫੇਲ੍ਹ ਹੋ ਰਹੀਆਂ ਹਨ ਤਾਂ ਲੋਕ ਹੀ ਆਪੋ ਆਪਣੇ ਪਿੰਡਾਂ ਅੰਦਰ ਅਜਿਹੇ ਜਵਾਨੀ ਨੂੰ ਚੱਬ ਜਾਣ ਵਾਲੇ ਡਾਕੂਆਂ ਤੋਂ ਬਚਾਉਣ ਲਈ ਪਿੰਡਾਂ ਵਿਚ ਨਸ਼ਾ ਛੁਡਾਊ ਕਲੱਬ ਬਣਾ ਕੇ ਪਹਿਰਾ ਦੇਣ ਦੀ ਡਿਊਟੀ ਸੰਭਾਲ ਲੈਣ ਤਾਂ ਯਕੀਨਨ ਕੁੱਝ ਵਧੀਆ ਨਤੀਜਿਆਂ ਦੀ ਉਮੀਦ ਰੱਖੀ ਜਾ ਸਕਦੀ ਹੈ।

ਆਮ ਲੋਕਾਂ ਅੱਗੇ ਬੇਨਤੀ ਹੈ ਕਿ ਨਸ਼ੇ ਦੇ ਆਦੀ ਨੂੰ ਤਮਾਸ਼ਾ ਬਣਾਉਣ ਦੀ ਥਾਂ ਰੋਗੀ ਮੰਨ ਕੇ, ਸਹਿਨਸ਼ੀਲਤਾ ਨਾਲ ਪੇਸ਼ ਆ ਕੇ ਉਸ ਦਾ ਇਲਾਜ ਕਰਵਾਉਣ ਲਈ ਹਸਪਤਾਲ ਦਾਖ਼ਲ ਕਰਵਾਇਆ ਜਾਵੇ ਤਾਂ ਚੰਗੇ ਸ਼ਹਿਰੀ ਹੋਣ ਦਾ ਸਬੂਤ ਦਿੱਤਾ ਜਾ ਸਕਦਾ ਹੈ ਤੇ ਪੰਜਾਬ ਨੂੰ ਵੀ ਸਿਹਤਮੰਦ ਰੱਖਿਆ ਜਾ ਸਕਦਾ ਹੈ!

ਚਲੋ ਰਲ ਮਿਲ ਹੰਭਲਾ ਮਾਰੀਏ ਤੇ ਘਰਾਂ ਵਿਚ ਹੋਰ ਸੱਥਰ ਵਿਛ ਜਾਣ ਤੋਂ ਬਚਾਓ ਕਰ ਲਈਏ! ਆਮੀਨ!!

ਬੱਚਿਆਂ ਦੀ ਮਾਹਰ, 28, ਪ੍ਰੀਤ ਨਗਰ,
ਲੋਅਰ ਮਾਲ ਪਟਿਆਲਾ।
ਫੋਨ ਨੰ: 0175-2216783

ਸੰਪਾਦਕ ਦੇ ਨਾਂ ਚਿੱਠੀ

ਵਰਿਆਮ ਦਾ ਅਗਸਤ ਅੰਕ ਮਿਲਿਆ। ਪਤਾ ਲਗਦਾ ਹੈ ਕਿ ਅੱਜ ਕਲ੍ਹ ਪਾਠਕਾਂ ਦੇ ਪੱਤਰ ਨਹੀਂ ਛੱਪਦੇ, ਕਿਉਂਕਿ ਪਾਠਕ ਵੀ ਚੁੱਪ ਹਨ, ਬਸ ਮੈਗਜ਼ੀਨ ਪੜ੍ਹਿਆ ਤੇ ਰੱਖ ਦਿੱਤਾ ਮੇਜ਼ ਤੇ, ਹੋਰ ਨਾਂ ਹੋਰ ਸਾਹਿਤ ਨਾਲ ਪਿਆਰ ਕਰਨ ਵਾਲੇ ਵੀ ਪ੍ਰਤੀਕਿਰਿਆ ਨਹੀਂ ਭੇਜਦੇ। ਏਨਾਂ ਕੁਝ ਹੋਣ ਦੇ ਬਾਵਜੂਦ ਵੀ ਪ੍ਰੀਤਿਰਿਆ ਭੇਜਣ ਦੀ ਗੁਸਤਾਖੀ ਕਰ ਰਿਹਾਂ-

ਬੜੀ ਖੁਸ਼ੀ ਵਾਲੀ ਗੱਲ ਹੈ ਵਰਿਆਮ ਵਿੱਚ ਸਿਰਮੌਰ ਲੇਖਕ ਤਾਂ ਛਪਦੇ ਹੀ ਹਨ, ਹੁਣ ਨਵੇਂ ਲੇਖਕ ਵੀ ਆਪਣੇ ਲੇਖ ਭੇਜਣ ਲੱਗ ਪਏ ਹਨ। ਉਨ੍ਹਾਂ ਦੀ ਲੇਖਣੀ ਵੀ ਵਧੀਆ ਹੈ। ਇਸ ਵਾਰ ਦੇ ਅਗਸਤ ਅੰਕ ਵਿਚ ਆਪ ਜੀ ਦਾ ਪਾਣੀ ਬਚਾਉਣ ਬਾਰੇ ਆਰਟੀਕਲ ਵਧੀਆ ਲੱਗਾ। ਵੈਸੇ ਵੀ ਇਸ ਅੰਕ ਵਿੱਚ ਦੋ ਵਿਸ਼ੇ ਭਾਰੂ ਹਨ— ਇਕ ਪਾਣੀ ਤੇ ਇਕ ਧੀਆਂ। ਜਸਵੰਤ ਸਿੰਘ ਕੰਵਲ ਦਾ ਸੌ ਸਾਲਾ ਜਨਮ ਦਿਨ ਮਨਾਉਣ ਬਾਰੇ ਸੰਧੂ ਸਾਹਿਬ ਦਾ ਲੇਖ ਬਹੁਤ ਹੀ ਅੱਛਾ ਹੈ ਤੇ ਗੁਰਭਜਨ ਗਿੱਲ ਜੀ ਦਾ ਸੁਰਜੀਤ ਪਾਤਰ ਨਾਲ ਪੁਰਾਣੀ ਸਾਂਝ ਤੇ ਮੁਲਾਕਾਤ ਚੰਗੀ ਲੱਗੀ। ਕਵੀਸ਼ਰ ਢਿੱਲੋਂ ਸਾਹਿਬ ਦੀ ਸੱਚੀ ਕਹਾਣੀ 'ਦਲੇਰ ਪ੍ਰੀਤ' ਦਿਲ ਨੂੰ ਟੁੰਬਦੀ ਹੈ, ਨਾਰੀ ਨੂੰ ਜ਼ਿੰਦਗੀ ਜਿਊਣ ਲਈ ਕਿੰਨ੍ਹਾਂ-ਕਿਨ੍ਹਾਂ ਹਾਲਾਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਆਖਰ ਵਿਚ ਆਪਣੀ ਜਿੱਤ ਯਕੀਨੀ ਬਣਾਉਣੀ ਹੀ ਬਣਦੀ ਹੈ।

ਭਾਜੀ ਜਗਦੀਸ਼ ਸਿੰਘ ਵਰਿਆਮ ਨੂੰ ਅਸੀਂ ਭੁੱਲ ਨਹੀਂ ਸਕਦੇ, ਉਨ੍ਹਾਂ ਦੇ ਆਰਟੀਕਲ ਸਾਨੂੰ ਸੇਧ ਦਿੰਦੇ ਹਨ ਅਤੇ ਇਕ ਮੀਲ-ਪੱਥਰ ਹਨ, ਜੋ ਕਿ ਵਰਿਆਮ ਦੀ ਸ਼ੋਭਾ ਨੂੰ ਵਧਾਉਂਦੇ ਹਨ। ਦੇਸ਼ ਦੀ ਆਜ਼ਾਦੀ ਵਿਚ ਕੂਕਿਆਂ ਦਾ ਯੋਗਦਾਨ ਨੂੰ ਮੁੱਖ ਰੱਖਕੇ ਜੋ ਲੇਖ ਛਾਪਿਆ ਹੈ, ਅਤਿਅੰਤ ਸਲਾਹੁਣਯੋਗ ਹੈ।

ਸਾਡੇ ਹਰਮਨ-ਪਿਆਰੇ ਲੇਖਕ ਕਾ. ਸੁਵਰਨ ਸਿੰਘ ਵਿਰਕ, ਕੂਕਾ ਲਹਿਰ ਦੇ ਕਿਸੇ ਵੀ ਨਾਇਕ ਨੂੰ ਛੱਡਣਾ ਨਹੀਂ ਚਾਹੁੰਦੇ, ਉਸਨੂੰ ਉਜਾਗਰ ਕਰਨਾ ਚਾਹੁੰਦੇ ਹਨ, ਜਿਨ੍ਹਾਂ ਨੇ ਧਰਮ ਬਦਲੇ ਜਾਂ ਆਜ਼ਾਦੀ ਦੀ ਲੜਾਈ ਵਿੱਚ ਹਿੱਸਾ ਲਿਆ ਹੈ। ਰਹਿਤ ਮਰਿਆਦਾ ਵਿੱਚ ਰਹਿੰਦੇ ਹੋਏ ਵੀ ਬਲੀ ਦੇ ਬੱਕਰੇ ਬਣਦੇ ਰਹੇ। ਮੈਂ ਵਿਰਕ ਸਾਹਿਬ ਦਾ ਧੰਨਵਾਦੀ ਹਾਂ ਜਿਹੜੇ ਕਿ ਹਰ ਮਹੀਨੇ ਕਿਸੇ ਨਵੇਂ ਨਾਇਕ ਨੂੰ ਵਰਿਆਮ ਵਿੱਚ ਪੇਸ਼ ਕਰਦੇ ਹਨ। ਇਸ ਵਾਰ ਭੁਪਿੰਦਰ ਉਸਤਾਦ ਨਹੀਂ ਛਪਿਆ, ਲਗਦਾ ਕਿਸੇ ਮਜ਼ਬੂਰੀ ਵਿਚ ਹੋਣ। ਪ੍ਰਮਾਤਮਾ ਸਭ ਨੂੰ ਤੰਦਰੁਸਤ ਰੱਖੇ। ਇਸ ਤਰ੍ਹਾਂ ਹੀ ਵਰਿਆਮ ਦੀ ਕਿਆਰੀ ਵਿੱਚ ਲੇਖਕਾਂ ਦੇ ਫੁੱਲ ਖਿੜਦੇ ਰਹਿਣ।

ਸਾਡੇ ਪ੍ਰੋਫ਼ ਲੇਖਕ ਸਾਧੂ ਸਿੰਘ ਕਿਸਾਨ ਦੀ ਛੋਟੀ ਜਿਹੀ ਕਹਾਣੀ 'ਧੀ ਹੋਵੇ ਤਾਂ ਐਹੋ ਜਿਹੀ' ਨਾਰੀ ਜਾਤੀ ਨੂੰ ਕੁੱਝ ਸਿਖਾਉਂਦੀ ਹੈ। ਉਨ੍ਹਾਂ ਨੂੰ ਮਿਲਣ ਦੀ ਬੜੀ ਚਾਹ ਹੈ, ਜੇ ਕਿਤੇ ਫੋਨ ਨੰਬਰ ਮਿਲ ਜਾਏ। ਕੁਲ ਮਿਲਾਕੇ ਸਮੇਤ ਟਾਇਟਲ ਫੋਟੋ ਦੇ ਪਰਚਾ ਵਧੀਆ ਹੈ.... ਬਸ [illegible]!!

-ਬਲਦੇਵ ਮਾਧੋਪੁਰੀ

ਸੰਪਰਕ - 98153-04011

Sri Satguru Jagjit Singh Ji Elibrary NamdhariElibrary@gmail.com

ਮਿੱਤਰਾਂ ਦੇ ਮਿੱਤਰ ਗਿ: ਜ਼ੈਲ ਸਿੰਘ ਜੀ

—ਭੂਪਿੰਦਰ ਉਸਤਾਦ

ਮੇਰੇ ਨਾਲ ਇਕ ਮੁੰਡਾ ਪੜ੍ਹਦਾ ਹੁੰਦਾ ਸੀ। ਉਸਦਾ ਨਾਮ ਸੀ ਗੁਰਦਿਆਲ ਸਿੰਘ। ਉਸਦਾ ਪਿਤਾ ਦੰਦਸਾਜ਼ ਸੀ, ਉਨ੍ਹਾਂ ਦੀ ਦੁਕਾਨ ਮੰਡੀ ਦੀ ਨੁੱਕਰ 'ਤੇ ਹੁੰਦੀ ਸੀ। ਡਾਕਟਰ ਸਾਹਿਬ ਦਾ ਸਬੰਧ ਕਾਂਗਰਸ ਪਾਰਟੀ ਨਾਲ ਸੀ। ਪਾਰਟੀ ਦੇ ਕੰਮ ਵਾਸਤੇ ਉਹ ਹਰ ਵੇਲੇ ਤਿਆਰ ਰਹਿੰਦੇ ਸਨ। ਪਾਰਟੀ ਦਾ ਕੰਮ ਕਰਦਿਆਂ ਕਰਦਿਆਂ ਉਨ੍ਹਾਂ ਨੂੰ ਆਸ਼ਕੀ ਦੀ ਲਾਗ ਵੀ ਲੱਗ ਗਈ। ਪਾਰਟੀ ਤੇ ਆਸ਼ਕੀ ਵਿਚ ਫਸਿਆਂ ਉਨ੍ਹਾਂ ਦੀ ਗੈਰ ਹਾਜ਼ਰੀ ਵਿਚ ਦੁਕਾਨ ਦਾ ਝੁੱਗਾ ਚੌੜ ਹੋਣ ਲਗ ਪਿਆ। ਭਾਵੇਂ ਗੁਰਦਿਆਲ ਦੁਕਾਨ ਤੇ ਬੈਠਣ ਲੱਗਾ, ਪਰ ਇਕ ਵਾਰ ਦੇ ਗਏ ਗਾਹਕ ਮੁੜ ਕੇ ਨਾ ਬਹੁੜਦੇ।

ਇਕ ਦਿਨ ਮੈਂ ਗੁਰਦਿਆਲ ਨੂੰ ਮਿਲਣ ਦੁਕਾਨ 'ਤੇ ਗਿਆ। ਉੱਥੇ ਇਕ ਸਰਦਾਰ ਜੀ ਬੈਠੇ ਹੋਏ ਸਨ। ਉਨ੍ਹਾਂ ਦੇ ਲਿਬਾਸ ਤੋਂ ਲੱਗਦਾ ਸੀ ਕਿ ਉਹ ਵੀ ਕਾਂਗਰਸ ਵਾਦੀ ਹਨ। ਖੱਦਰ ਦਾ ਚਿੱਟਾ ਚੂੜੀਦਾਰ ਪਜ਼ਾਮਾ, ਚਿੱਟਾ ਹੀ ਕੁੜਤਾ ਨਾਲ ਖੱਦਰ ਦੀ ਹੀ ਚਿੱਟੀ ਪੱਗ। ਦਸ ਕੁ ਮਿੰਟ ਗੱਲਾਂ ਕਰਨ ਤੋਂ ਬਾਅਦ ਉਹ ਉੱਠ ਖੜ੍ਹੇ ਹੋਏ, "ਭਾਈ ਸਾਬ੍ਹ ਔਣ ਤਾਂ ਉਨ੍ਹਾਂ ਨੂੰ ਮਸੀਤੇ ਭੇਜ ਦੇਣਾ"। ਉਨ੍ਹਾਂ ਨੇ ਗੁਰਦਿਆਲ ਨੂੰ ਕਿਹਾ ਤੇ ਚਲੇ ਗਏ। ਮੈਨੂੰ ਬਾਅਦ ਵਿਚ ਗੁਰਦਿਆਲ ਨੇ ਦੱਸਿਆ ਕਿ ਉਹ ਗਿਆਨੀ ਜ਼ੈਲ ਸਿੰਘ ਸਨ। ਗਿਆਨੀ ਜੀ ਕੋਲ ਉਦੋਂ ਕੋਈ ਔਹਦਾ ਨਹੀਂ ਸੀ ਸ਼ਾਇਦ। ਮੈਨੂੰ ਵੀ ਰਾਜਨੀਤੀ ਵਿਚ ਕੋਈ ਦਿਲਚਸਪੀ ਨਹੀਂ ਸੀ, ਹੁਣ ਵੀ ਨਹੀਂ ਹੈ।

ਗੁਰਦੁਆਰਾ ਦੀਵਾਨ ਅਸਥਾਨ ਦੀ ਥਾਂ ਤੇ ਪਹਿਲਾਂ ਮਸੀਤ ਹੁੰਦੀ ਸੀ। ਮਸੀਤ ਅਜੇ ਵੀ ਹੈ। ਜਿਸ ਨੂੰ ਘੁਮਾਰਾਂ ਦੀ ਮਸੀਤ ਕਹਿੰਦੇ ਸਨ। ਉਸ ਥਾਂ ਦਾ ਕੁਝ ਝਗੜਾ ਚੱਲਦਾ ਸੀ। ਉਸ ਦਿਨ ਓਥੇ ਕੋਈ ਮੀਟਿੰਗ ਸੀ।

ਉਸ ਤੋਂ ਬਾਅਦ ਗਿਆਨੀ ਜੀ ਨਾਲ ਕਈ ਵਾਰ ਮੇਲ ਹੋਇਆ, ਪਰ ਸਾਸਰੀ 'ਕਾਲ ਤੋਂ ਗਾਂਹ ਕਦੇ ਗੱਲ ਨਾ ਹੋਈ। ਫਿਰ ਡਾਕਟਰ ਹੁਰਾਂ ਦੀ ਮੌਤ ਹੋ ਗਈ। ਗਿਆਨੀ ਜੀ ਦਾ ਆਵਜਾਣਾ ਵੀ ਸ਼ਾਇਦ ਘੱਟ ਗਿਆ। ਗੁਰਦਿਆਲ ਦੁਕਾਨ ਉੱਤੇ ਬੈਠਣ ਲੱਗ ਪਿਆ, ਤੇ ਪੜ੍ਹਨੋਂ ਹਟ ਗਿਆ। ਪਰ ਦੁਕਾਨ ਦਾ ਕੰਮ ਉਸ ਕੋਲੋਂ ਚੱਲ ਨਾ ਸਕਿਆ। ਹੌਲੀ ਹੌਲੀ ਦੁਕਾਨ ਬੰਦ ਹੋ ਗਈ। ਗੁਰਦਿਆਲ ਕੋਈ ਹੋਰ ਕੰਮ ਕਰਨ ਲੱਗ ਪਿਆ।

ਗਿਆਨੀ ਜੀ ਸ਼ਾਇਦ ਉਦੋਂ ਜਿਲ੍ਹਾ ਪ੍ਰਧਾਨ ਬਣ ਗਏ ਸਨ। ਇਕ ਦਿਨ ਉਹ ਇਕ ਹੋਰ ਸੱਜਣ ਨੂੰ ਨਾਲ ਲੈ ਕੇ ਗੁਰਦਿਆਲ ਕੋਲ ਆਏ, ਉਨ੍ਹਾਂ ਕੁਝ ਫਾਰਮ ਭਰੇ ਤੇ ਗੁਰਦਿਆਲ ਦੇ ਦਸਾਖਤ ਕਰਾ ਲਏ। ਬਾਅਦ ਵਿਚ ਗੁਰਦਿਆਲ ਨੇ ਦੱਸਿਆ ਕਿ ਉਸਨੂੰ ਸਪਿਰਿਟ, ਪੱਥਰ ਦਾ ਕੋਇਲਾ, ਅਤੇ ਦੋ ਹੋਰ ਪਰਮਿਟ ਮਿਲ ਗਏ ਹਨ। ਉਸਨੇ ਕੋਲੇ ਦਾ ਟਾਲ ਪਾ ਲਿਆ ਤੇ ਬਾਕੀ ਸਾਮਾਨ ਵੀ ਰੱਖ ਲਿਆ। ਜਿਸ ਨਾਲ ਉਨ੍ਹਾਂ ਦੇ ਘਰ ਦਾ ਖ਼ਰਚਾਂ ਤੁਰ ਪਿਆ।

ਗਿਆਨੀ ਜੀ ਆਪ ਕੋਈ ਵੱਡੇ ਘਰੋਂ ਨਹੀਂ ਸਨ। ਉਹ ਇਕ ਰਾਮਗੜ੍ਹੀਆ ਕਿਰਤੀ ਪਰਿਵਾਰ ਦੇ ਬੇਟੇ ਸਨ। ਉਨ੍ਹਾਂ ਦਾ ਜਨਮ 5 ਮਈ 1916 ਨੂੰ ਪਿੰਡ ਸੱਧਵਾਂ ਕੋਟਕਪੂਰਾ ਵਿਚ ਇਕ ਕਿਰਤੀ ਦੇ ਘਰ ਹੋਇਆ ਸੀ।

ਪਿਤਾ ਕਿਸ਼ਨ ਸਿੰਘ ਖੇਤੀ ਦੇ ਨਾਲ ਨਾਲ ਸੇਪੀ ਦਾ ਕੰਮ ਵੀ ਕਰਦੇ ਸਨ। ਗਿਆਨੀ ਜੀ ਚਾਰ ਭੈਣ ਭਰਾਵਾਂ ਵਿਚੋਂ ਸਭ ਤੋਂ ਛੋਟੇ ਸਨ। ਉਹ ਅਜੇ ਸਾਲ ਭਰ ਦੇ ਨਹੀਂ ਸੀ ਹੋਏ ਕਿ ਉਨ੍ਹਾਂ ਦੀ ਜਨਮ ਦਾਤੀ ਦਾ ਦਿਹਾਂਤ ਹੋ ਗਿਆ। ਉਨ੍ਹਾਂ ਦੀ ਮਾਤਾ ਦਾ ਨਾਮ ਬੀਬੀ ਇੰਦ ਕੌਰ ਸੀ। ਇੰਦ ਕੌਰ ਦੀ ਮੌਤ ਪਿਛੋਂ ਬੱਚੇ ਦੀ ਪਰਵਰਿਸ਼ ਦਾ ਜਿਮਾਂ ਬੀਬੀ ਦਯਾ ਕੌਰ ਨੇ ਲੈ ਲਿਆ। ਦਯਾ ਕੌਰ ਗਿਆਨੀ ਜੀ ਦੀ ਮਾਸੀ ਲੱਗਦੀ ਸੀ ਤੇ ਉਨ੍ਹਾਂ ਦੇ ਘਰ ਬੱਚਾ ਕੋਈ ਨਹੀਂ ਸੀ। ਉਨ੍ਹਾਂ ਨੇ ਛੋਟੀ ਭੈਣ ਦੇ ਇਸ ਬੱਚੇ ਨੂੰ ਆਪਣਾ ਬਣਾ ਕੇ ਪੂਰਾ ਪਿਆਰ ਦੇ ਕੇ ਪਾਲਿਆ।

ਪਿਤਾ ਧਾਰਮਿਕ ਬਿਰਤੀ ਵਾਲੇ ਸਨ। ਧਾਰਮਿਕ ਪੁਸਤਕਾਂ ਦਾ ਘਰ ਵਿਚ ਭੰਡਾਰ ਸੀ। ਉਹ ਪੁਸਤਕਾਂ ਪੜ੍ਹਦਿਆਂ ਗਿਆਨੀ ਜੀ ਨੂੰ ਪੜ੍ਹਣ ਦੀ ਚੇਟਕ ਲੱਗ ਗਈ। ਉਹ ਕਿਤੇ ਵੀ ਹੁੰਦੇ ਕੋਈ ਨਾ ਕੋਈ ਕਿਤਾਬ ਉਨ੍ਹਾਂ ਕੋਲ ਹੁੰਦੀ।

ਬਚਪਨ ਵਿਚ ਗਿਆਨੀ ਜੀ ਨੂੰ ਸੀਤਲਾ ਨਿਕਲ ਆਈ। ਉਹ ਜ਼ਮਾਨਾ ਬਹੁਤ ਛੂਤ ਛਾਤ ਤੇ ਭਰਮਾਂ ਭਰਿਆ ਸੀ। ਗਿਆਨੀ ਜੀ ਨੂੰ ਮਾਤਾ ਨੇ ਅਲੱਗ ਕਮਰੇ ਵਿਚ ਰੱਖ ਕੇ ਬਾਕੀ ਪਰਵਾਰ ਦਾ ਉਨ੍ਹਾਂ ਨੂੰ ਮਿਲਣਾ ਮਨ੍ਹਾਂ ਕਰ ਦਿੱਤਾ। ਸਾਫ਼ ਸਫ਼ਾਈ ਦਾ ਖ਼ਿਆਲ ਮਾਤਾ ਜੀ ਆਪ ਹੀ ਰੱਖਦੇ। ਤਰੀਕੇ ਨਾਲ ਕੀਤੀ ਸੰਭਾਲ ਕਰਕੇ

Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਦੇ ਸਰੀਰ ਉਤੇ ਮਾਤਾ ਦਾ ਕੋਈ ਨਿਸ਼ਾਨ ਨਹੀਂ ਪਿਆ।

ਏਧਰੋਂ ਅਰਾਮ ਹੋਇਆ ਹੀ ਸੀ ਕਿ ਅਚਾਨਕ ਇਕ ਦਿਨ ਗਿਆਨੀ ਜੀ ਦੀ ਨਬਜ਼ ਦੀ ਧੜਕਣ ਘੱਟ ਗਈ। ਸਾਰੇ ਹੀ ਘਬਰਾ ਗਏ। ਪਿਤਾ ਜੀ ਨੇ ਬੱਚੇ ਨੂੰ ਚੁੱਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਜਾ ਕੇ ਲਿਟਾ ਦਿੱਤਾ ਤੇ ਅਰਦਾਸ ਕੀਤੀ।

"ਹੇ ਸੱਚੇ ਪਾਤਸ਼ਾਹ! ਜੇ ਇਸ ਬੱਚੇ ਨੂੰ ਰਾਜ਼ੀ ਕਰ ਦੇਵੇਂ ਤਾਂ ਮੈਂ ਇਸ ਨੂੰ ਲੋਕ ਸੇਵਾ ਲਈ ਅਰਪਣ ਕਰ ਦਿਆਂਗਾ।" ਪਿਤਾ ਦੀ ਅਰਦਾਸ ਸੁਣੀ ਗਈ। ਬੱਚਾ ਹੌਲੀ ਹੌਲੀ ਕੱਚੇ ਘਰ ਦੀਆਂ ਕੰਧਾਂ ਫੜਕੇ ਤੁਰਨ ਦੀ ਕੋਸ਼ਿਸ਼ ਕਰਨ ਲੱਗ ਪਿਆ।

ਇਕ ਸਨਿਆਸੀ ਪਰਮ ਹੰਸ ਨੇ ਗਿਆਨੀ ਜੀ ਨੂੰ ਹਿੰਦੀ ਪੜ੍ਹਣੀ ਸਿਖਾਈ। ਗਿਆਨੀ ਜੀ ਹੌਲੀ ਹੌਲੀ "ਭਵਰ ਸਰਿਤਾ" ਹਨੂੰਮਾਨ ਨਾਟਕ ਪੜ੍ਹਣ ਲੱਗ ਪਏ। ਇਸ ਦੇ ਨਾਲ ਹੀ ਉਹ ਘਰ ਵਿਚ ਪ੍ਰਕਾਸ਼ ਹੁੰਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਵੀ ਸਿੱਖਣ ਲੱਗ ਪਏ। ਗੁਰਦੁਆਰੇ ਜਾ ਕੇ ਹਰਮੋਨੀਅਮ ਵਜਾਉਣ ਦੀ ਕਲਾ ਵੀ ਉਨ੍ਹਾਂ ਸਿੱਖੀ ਤੇ ਸ਼ਬਦ ਕੀਰਤਨ ਕਰਨਾ ਵੀ ਸਿੱਖ ਲਿਆ। ਇਸ ਤਰ੍ਹਾਂ ਉਨ੍ਹਾਂ ਦੀ ਧਾਰਮਿਕ ਸਟੇਜਾਂ ਉਤੇ ਪੁੱਛ ਹੋਣ ਲੱਗੀ।

ਉਹ ਅਜੇ 16-17 ਸਾਲ ਦੇ ਹੀ ਸਨ ਜਦ ਉਨ੍ਹਾਂ ਦੀ ਰੁਚੀ ਸਿਆਸਤ ਵੱਲ ਨੂੰ ਹੋ ਗਈ। ਏਸੇ ਦੌਰਾਨ ਉਨ੍ਹਾਂ ਦੀ ਮੁਲਾਕਾਤ ਦੋ ਸੰਤਾਂ ਨਾਲ ਹੋਈ। ਅਸਲ ਵਿਚ ਉਹ ਇਨਕਲਾਬੀ ਸਨ। ਜਦੋਂ ਸੇਵਾ ਸਿੰਘ ਠੀਕਰੀਵਾਲਾ ਨੇ ਜੇਲ੍ਹ ਵਿਚ ਹੜਤਾਲ ਕਰਕੇ ਸ਼ਹੀਦੀ ਦੇ ਦਿੱਤੀ ਤਾਂ ਗਿਆਨੀ ਜੀ ਕੌਮੀ ਸੰਗਰਾਮ ਵਿਚ ਹਿੱਸਾ ਪਾਉਣ ਲਈ ਉਤਾਵਲੇ ਹੋ ਗਏ। ਉਹ ਪਰਜਾ ਮੰਡਲ ਦੇ ਇਕੱਠਾਂ ਵਿੱਚ ਜਾਣ ਲੱਗ ਪਏ। ਸਟੇਜ ਉਤੇ ਜੋਸ਼ੀਲੀਆਂ ਕਵਿਤਾਵਾਂ ਪੜ੍ਹ ਕੇ ਉਹ ਜਨਤਾ ਵਿਚ ਜੋਸ਼ ਭਰ ਦਿੰਦੇ। ਉਹ ਫਰੀਦਕੋਟ ਸਰਕਾਰ ਦੀਆਂ ਨਜ਼ਰਾਂ ਵਿਚ ਆ ਗਏ। 1933 ਵਿਚ ਉਨ੍ਹਾਂ ਨੂੰ ਫੜ ਲਿਆ ਗਿਆ ਤੇ...ਜੇਲ੍ਹ ਵਿਚ ਭੇਜ ਦਿੱਤਾ ਗਿਆ। ਜਿੱਥੇ ਉਨ੍ਹਾਂ ਨੂੰ ਵਾਣ ਵੱਟਣਾ ਪਿਆ ਅਤੇ ਚੱਕੀ ਪੀਸਣੀ ਪਈ। ਜਿਸ ਨਾਲ ਉਨ੍ਹਾਂ ਦੇ ਹੱਥ ਜ਼ਖ਼ਮੀ ਹੋ ਗਏ। ਉਹ ਪੱਗ ਨਾਲੋਂ ਟੋਟਾ ਲਾਹ ਕੇ ਕੰਮ ਕਰਦਿਆਂ ਹੱਥ ਬੰਨ ਲੈਂਦੇ।

ਜਦੋਂ ਅਗਲੀ ਵਾਰ ਜੇਲ੍ਹ ਗਏ ਤਾਂ ਉਨ੍ਹਾਂ ਨੂੰ ਕੋਹਲੂ ਗੇੜ੍ਹਣ ਲਈ ਜਾਨਵਰਾਂ ਦੀ ਥਾਂ ਜੋਤਿਆ ਗਿਆ। ਉਨ੍ਹਾਂ ਨੂੰ ਡੰਡਾ ਬੇੜੀ ਵੀ ਲਾਈ ਗਈ। ਜਿਸ ਨਾਲ ਆਦਮੀ ਬੈਠ ਨਹੀਂ ਸਕਦਾ। ਇਹੋ ਨਹੀਂ, ਉਨ੍ਹਾਂ ਦੇ ਕੇਸਾਂ ਨੂੰ ਜੀਪ ਪਿੱਛੇ ਬੰਨ ਕੇ ਘੜੀਸਿਆ ਗਿਆ। ਉਹ ਲਹੂ ਲੁਹਾਨ ਹੋ ਗਏ ਪਰ ਮਾਫ਼ੀ ਨਹੀਂ ਮੰਗੀ। ਇਸ ਵਾਰ ਜਦੋਂ ਜੇਲ੍ਹ ਵਿਚੋਂ ਛੁੱਟ ਕੇ ਆਏ ਤਾਂ ਮਾਤਾ ਪਿਤਾ ਨੇ ਉਨ੍ਹਾਂ ਦੀ ਸ਼ਾਦੀ ਕਰ ਦਿੱਤੀ। ਉਦੋਂ ਉਨ੍ਹਾਂ ਦੀ ਉਮਰ 19 ਸਾਲ ਸੀ। ਬੀਬੀ ਪ੍ਰਧਾਨ ਕੌਰ ਨੇ ਬਹੁਤ ਹੀ ਸੁਚੱਜੇ ਤਰੀਕੇ ਨਾਲ ਘਰ ਨੂੰ ਸੰਭਾਲਿਆ। ਇਕ ਬੇਟੇ ਤੇ ਤਿੰਨ ਬੇਟੀਆਂ ਨੇ ਘਰ ਨੂੰ ਭਾਗ ਲਾਏ। 1947 ਵਿਚ ਦੇਸ਼ ਆਜ਼ਾਦ ਹੋ ਗਿਆ। ਫ਼ਰੀਦਕੋਟ ਰਿਆਸਤ ਦੀ ਪਰਜਾ ਮੰਡਲ ਦਾ ਉਨ੍ਹਾਂ ਨੂੰ 1948 ਵਿਚ ਪ੍ਰਧਾਨ ਬਣਾਇਆ ਗਿਆ। ਫਿਰ ਉਹ ਪੈਪਸੂ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਬਣ ਗਏ। ਇਹ 1955-56 ਦੀ ਗੱਲ ਹੈ। ਉਹ ਆਪਣਾ ਕੰਮ ਬੜੀ ਲਗਨ ਨਾਲ ਕਰ ਰਹੇ ਸਨ। 1966 ਵਿਚ ਉਹ ਪੰਜਾਬ ਕਾਂਗਰਸ ਦੇ ਪ੍ਰਧਾਨ ਚੁਣੇ ਗਏ। ਉਨ੍ਹਾਂ ਦਾ ਵਾਹਿਗੁਰੂ ਵਿਚ ਅਟੁੱਟ ਵਿਸ਼ਵਾਸ ਸੀ। ਉਹ ਹੱਥੀਂ ਕਿਰਤ ਕਰਨ ਨੂੰ ਪਹਿਲ ਦਿੰਦੇ ਸਨ।

17 ਮਾਰਚ ਨੂੰ ਗਿਆਨੀ ਜੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਦੀ ਕੁਰਸੀ ਸੰਭਾਲੀ ਗਈ। ਸਭ ਤੋਂ ਪਹਿਲਾਂ ਉਨ੍ਹਾਂ ਨੇ ਗਰੀਬ ਅਤੇ ਪੱਛੜੀਆਂ ਜਾਤਾਂ ਨੂੰ ਗਰੀਬੀ ਦੀ ਦਲਦਲ ਵਿਚੋਂ ਕੱਢਣ ਦਾ ਅਹਿਦ ਕੀਤਾ ਅਤੇ ਉਨ੍ਹਾਂ ਦੀਆਂ ਹੈ ਕੀ ਮੰਗਾਂ ਨੂੰ ਪ੍ਰਵਾਨਗੀ ਦਿੱਤੀ। ਉਨ੍ਹਾਂ ਨੇ ਲੇਖਕਾਂ-ਨਾਟਕਕਾਰਾਂ ਸਾਹਿਤਕਾਰਾਂ, ਪੱਤਰਕਾਰਾਂ ਦੀ ਮੀਟਿੰਗ ਬੁਲਾਈ ਤਾਂ ਕਿ ਉਨ੍ਹਾਂ ਨੂੰ (ਗਿਆਨੀ ਜੀ ਨੂੰ) ਇਸ ਗੱਲ ਦਾ ਪਤਾ ਲੱਗ ਸਕੇ ਕਿ ਇਨ੍ਹਾਂ ਲੋਕਾਂ ਨੂੰ ਕਿਨ੍ਹਾਂ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਉਨ੍ਹਾਂ ਦਾ ਕੀ ਉਪਾਅ ਕੀਤਾ ਜਾਵੇਂ।

ਉਨ੍ਹਾਂ ਦਾ ਪ੍ਰੈਸ ਸਕੱਤਰ ਸੂਬਾ ਸਿੰਘ ਸੀ। ਜੋ ਉਪਾਅ ਕੀਤਾ ਜਾਵੇਂ। ਯਾਦ ਕਰਵਾਉਂਦਾ ਰਹਿੰਦਾ। ਗਿਆਨੀ ਜੀ ਨੇ ਪ੍ਰੈਸ ਕਲੱਬਾਂ ਕਾਇਮ ਕੀਤੀਆਂ। ਭਾਸ਼ਾ ਵਿਭਾਗ ਵਲੋਂ ਚੰਗੀਆਂ ਲਿਖਤਾਂ ਨੂੰ ਛਾਪਣ ਅਤੇ ਇਨਾਮ ਦੇਣ ਦਾ ਮੁੱਢ ਬੰਨਿਆ। ਪਰ ਅਫਸੋਸ ਹੈ ਬਾਦਲ ਸਰਕਾਰ ਨੇ ਭਾਸ਼ਾ ਵਿਭਾਗ ਦੀ ਕੋਈ ਫਿਕਰ ਨਹੀਂ ਕੀਤੀ। ਅਗੋਂ ਅਮਰਿੰਦਰ ਸਿੰਘ ਸਰਕਾਰ ਨੇ ਵੀ, ਪੰਜਾਬੀ ਨੂੰ ਛੱਡ ਕੇ ਅੰਗਰੇਜ਼ੀ ਸਕੂਲ ਖੋਲ੍ਹਣ ਵਿਚ ਹੀ ਦਿਲਚਸਪੀ ਦਿਖਾਈ ਹੈ। ਗਿਆਨੀ ਜੀ ਵੇਲੇ ਭਾਸ਼ਾ ਵਿਭਾਗ ਵਾਲੇ ਪੰਜਾਬੀ ਦੇ ਤਿੰਨ ਪਰਚੇ 'ਜਨ ਸਾਹਿਤ', 'ਪੰਜਾਬੀ ਦੁਨੀਆਂ', 'ਜਾਗ੍ਰਿਤੀ' ਮਹੀਨੇ ਵਾਰ ਆਮ ਲੋਕਾਂ ਲਈ ਕੱਢਦੇ ਸਨ। ਹੁਣ ਉਹ ਸਾਰੇ ਬੰਦ ਹੋ ਚੁੱਕੇ ਹਨ। ਸਰਕਾਰ ਕੋਲ ਪੰਜਾਬੀ ਵਾਸਤੇ ਪੈਸਾ ਨਹੀਂ ਹੈ। ਪਰ ਵਜ਼ੀਰਾਂ ਤੇ ਸਾਧਾਂ ਵਾਸਤੇ ਮੁਫਤ ਮਹਿੰਗੀਆਂ ਗੱਡੀਆਂ ਦੇਣ ਨੂੰ ਪੈਸੇ ਦੀ ਘਾਟ ਨਹੀਂ ਹੈ। ਇਨ੍ਹਾਂ ਮੁਫ਼ਤ ਦੀਆਂ ਗੱਡੀਆਂ ਚਲਾਉਣ ਵਾਲਿਆਂ ਨੂੰ ਲੱਖਾਂ ਦੀ ਕਮਾਈ ਹੈ, ਫਿਰ ਵੀ ਇਹ ਸਰਕਾਰ ਨੂੰ ਖਾਈ ਜਾਂਦੇ ਹਨ।

Sri Satguru Jagjit Singh Ji Elibrary NamdhariElibrary@gmail.com

ਐੱਮ.ਐੱਲ.ਏ, ਅਤੇ ਵਜ਼ੀਰ ਹਰ ਮਹੀਨੇ ਲੱਖਾਂ ਰੁਪਏ ਦਾ ਸਰਕਾਰ ਨੂੰ ਚੂਨਾ ਲਾ ਕੇ ਵੀ ਲੱਖਾਂ ਰੁਪਏ ਪੈਨਸ਼ਨ ਦੇ ਵੀ ਵਸੂਲਦੇ ਹਨ। ਇਸ ਤੋਂ ਇਲਾਵਾ ਜੋ ਅਗਲੇ ਕਰਦੇ ਹਨ ਉਹ ਪਰਜਾ ਜਾਣਦੀ ਹੈ।

ਜਦੋਂ ਉਹ ਪੰਜਾਬ ਦੇ ਮੁੱਖ ਮੰਤਰੀ ਸਨ, ਇਕ ਫ਼ੰਕਸ਼ਨ ਵਿਚ ਆਏ ਸੱਜਣ ਨਾਲ ਗਿਆਨੀ ਜੀ ਨੇ ਸੂਬਾ ਸਿੰਘ ਦੀ ਜਾਣ ਪਛਾਣ ਕੁਝ ਇਸ ਤਰ੍ਹਾਂ ਕਰਾਈ, "ਮੈਂ ਤਾਂ ਕੇਵਲ ਜ਼ੈਲ ਹਾਂ, ਇਹ ਹੈ ਸੂਬਾ"। ਇਹ ਉਨ੍ਹਾਂ ਦੀ ਹਾਸਰਸ ਬਿਰਤੀ ਤੇ ਪਿਆਰ ਸੀ। ਅੱਗੋਂ ਸੂਬਾ ਸਿੰਘ ਹੁਰੀਂ ਵੀ ਆਪਣੇ ਦਿਲ ਦੇ ਵੇਗ ਨੂੰ ਰੋਕ ਨਾ ਸਕੇ, "ਜ਼ਨਾਬ ਉਸ ਸੂਬੇਦਾਰ ਦੇ ਹਾਲ ਦਾ ਤੁਸੀਂ ਅੰਦਾਜ਼ਾ ਲਾ ਲਓ ਕੀ ਹੋਏਗਾ, ਜਿਸਨੂੰ ਅਜਿਹੇ ਜ਼ੈਲਦਾਰ ਹੇਠ ਕੰਮ ਕਰਨਾ ਪੈ ਰਿਹਾ ਹੈ"। ਸੂਬਾ ਸਿੰਘ ਦੇ ਇਸ ਜੁਆਬ ਨੇ ਚਾਰੇ ਪਾਸੇ ਹਾਸੇ ਦਾ ਛਣਕਾਟਾ ਪਾ ਦਿੱਤਾ। ਇਸ ਇਕੱਠ ਵਿਚ ਸੂਬਾ ਸਿੰਘ ਨੂੰ ਭਾਸ਼ਾ ਵਿਭਾਗ ਵਲੋਂ ਸਨਮਾਨਤ ਕੀਤਾ ਜਾਣਾ ਸੀ। ਜਿਸਦੇ ਸਿੱਧੇ ਅਸਿੱਧੇ ਕਰਤਾ ਧਰਤਾ ਗਿਆਨੀ ਜੀ ਹੀ ਸਨ। ਗਿਆਨੀ ਜੀ ਲੇਖਕਾਂ ਦੇ ਖਾਸ ਮਿਹਰਬਾਨ ਸਨ।

ਉਦੋਂ ਗਿਆਨੀ ਜੀ ਗ੍ਰਹਿ ਮੰਤਰੀ ਤੋਂ ਰਾਸ਼ਟਰਪਤੀ ਬਣ ਗਏ ਸਨ, ਅਤੇ ਰਾਸ਼ਟਰਪਤੀ ਭਵਨ ਦਿੱਲੀ ਵਿਚ ਰਹਿੰਦੇ ਸਨ। ਉਨ੍ਹਾਂ ਨੂੰ ਪਤਾ ਲੱਗਾ ਕਿ ਤਾਰਾ ਸਿੰਘ ਕਾਮਲ ਦਿਲ ਦਾ ਮਰੀਜ਼ ਹੋ ਗਿਆ ਹੈ। ਗਿਆਨੀ ਜੀ ਨੇ ਕਿਸੇ ਕੋਲ ਇਹ ਇੱਛਾ ਪ੍ਰਗਟ ਕੀਤੀ ਕਿ ਕਾਮਲ ਕਿਸੇ ਤਰ੍ਹਾਂ ਆ ਕੇ ਮਿਲ ਜਾਵੇਂ ਤਾਂ ਬਹੁਤ ਖੁਸ਼ੀ ਮਿਲੇਗੀ। ਇਹ ਸੁਨੇਹਾ ਕਾਮਲ ਤੱਕ ਪਹੁੰਚ ਗਿਆ। ਉਹ ਕਿਸੇ ਮਿੱਤਰ ਦੀ ਕਾਰ ਰਾਹੀਂ ਗਿਆਨੀ ਜੀ ਨੂੰ ਮਿਲਣ ਰਾਸ਼ਟਰਪਤੀ ਭਵਨ ਪਹੁੰਚ ਗਿਆ। ਕਾਮਲ ਨੇ ਗਿਆਨੀ ਜੀ ਨੂੰ ਦੱਸਿਆ ਕਿ "ਡਾਕਟਰ ਨੇ ਉਸਨੂੰ ਸਕੂਟਰ ਦੀ ਕਿੱਕ ਮਾਰਨ ਤੋਂ ਮਨ੍ਹਾਂ ਕੀਤਾ ਹੋਇਆ ਹੈ। ਇਸ ਕਰਕੇ ਕਿਤੇ ਔਣ ਜਾਣ ਨਹੀਂ ਹੁੰਦਾ। ਅੱਜ ਕਿਸੇ ਦੀ ਮੰਗਵੀਂ ਕਾਰ ਲੈ ਕੇ ਆਇਆ ਹਾਂ। ਰੋਜ਼ ਰੋਜ਼ ਤਾਂ ਮੰਗਵੀ ਕਾਰ ਮਿਲਦੀ ਨਹੀਂ" ਕਾਮਲ ਨੇ ਆਪਣੀ ਮਜ਼ਬੂਰੀ ਦੱਸੀ।

"ਜੇ ਤੈਨੂੰ ਕਾਰ ਮਿਲ ਵੀ ਗਈ, ਤਾਂ ਪੈਟਰੋਲ ਕਿੱਥੋਂ ਪਾਏਂਗਾ?" ਗਿਆਨੀ ਜੀ ਦਾ ਸਵਾਲ ਸੀ।

"ਗਿਆਨੀ ਜੀ ਕਾਰ ਤਾਂ ਮਿਲੇ, ਪੈਟਰੋਲ ਪੋਣ ਵਾਲਾ ਵੀ ਤੁਹਾਡੀ ਕਿਰਪਾ ਨਾਲ ਮਿਲ ਹੀ ਜਾਏਗਾ, ਮੈਂ ਸਾਈਕਲ 'ਤੇ ਚੜ੍ਹ ਕੇ ਸਕੂਟਰ ਬਣਾ ਲਿਆ, ਤੇ ਸਕੂਟਰ 'ਤੇ ਚੜ੍ਹਕੇ ਕਾਰ ਤੱਕ ਪਹੁੰਚ ਗਿਆ, ਕਾਰ ਵਿਚ ਬਹਿ ਕੇ ਪੈਟਰੋਲ ਮੰਗਣ ਦਾ ਨਜ਼ਾਰਾ ਹੀ ਕੁਝ ਹੋਰ ਹੋਣਾ। ਪੈਟਰੋਲ ਵੀ ਏਦਾਂ ਹੀ ਮੰਗ ਲਵਾਂਗਾ' ਕਾਮਲ ਦੀ ਗੱਲ ਸੁਣ ਕੇ ਗਿਆਨੀ ਜੀ ਹੱਸ ਪਏ ਤੇ ਕਾਮਲ ਨੂੰ ਕਾਰ ਮਿਲਣ ਦਾ ਰਸਤਾ ਪੱਧਰਾ ਹੋ ਗਿਆ। ਫਿਰ ਕਾਰ ਦੇ ਨਾਲ ਦੂਸਰੇ ਰਸਤੇ ਵਲੋਂ ਪੈਟਰੋਲ ਦਾ ਪਾਈਪ ਵੀ ਲੱਗ ਗਿਆ।

ਕਿਸੇ ਨਾ ਕਿਸੇ ਤਰੀਕੇ ਗਿਆਨੀ ਜੀ ਲੋੜ ਵੰਦ ਲੇਖਕਾਂ ਦੀ ਖ਼ਾਸ ਕਰਕੇ ਪੰਜਾਬੀ ਲੇਖਕਾਂ ਦੀ ਮਦਦ ਕਰਦੇ ਰਹਿੰਦੇ। ਕਿਤੇ ਸਾਹਮਣੇ ਰਸਤੇ ਤੇ ਕਿਤੇ ਬਗਲ ਦੇ ਰਸਤੇ।

ਹਜ਼ਾਰਾ ਸਿੰਘ ਗੁਰਦਾਸਪੁਰੀ ਨੇ ਕਿਸੇ ਜ਼ਮਾਨੇ ਵਿਚ ਗਿਆਨੀ ਜੀ ਨਾਲ ਇੱਕੋ ਕੋਠੜੀ ਵਿਚ ਜੇਲ੍ਹ ਕੱਟੀ ਸੀ। ਗਿਆਨੀ ਜੀ ਰਾਸ਼ਟਰਪਤੀ ਬਣੇ ਤਾਂ ਉਨ੍ਹਾਂ ਨੇ ਬਿਨਾਂ ਦੱਸਿਆਂ ਹੀ ਆਪਣੇ ਕਈ ਸਾਥੀਆਂ ਦੀਆਂ ਪੈਨਸ਼ਨਾ ਲੁਆ ਦਿੱਤੀਆਂ। ਉਨ੍ਹਾਂ ਵਿਚ ਗੁਰਦਾਸਪੁਰੀ ਦਾ ਨਾਮ ਵੀ ਸੀ। ਜਦੋਂ ਉਸ ਨੂੰ ਪਤਾ ਲੱਗਾ ਕਿ ਜੇਲ੍ਹ ਜਾਣ ਦੇ ਇਵਜ਼ ਵਿਚ ਉਸਦੀ ਪੈਨਸ਼ਨ ਲੱਗੀ ਹੈ ਤਾਂ ਉਹ ਬਹੁਤ ਖੁਸ਼ ਹੋਇਆ।

ਥੋੜ੍ਹੇ ਚਿਰ ਬਾਅਦ ਗੁਰਦਾਸਪੁਰੀ ਨੂੰ ਮਾਇਆ ਦੀ ਕੁਝ ਤੋਟ ਲੱਗਣ ਲੱਗ ਪਈ। ਉਹ ਸੋਚਣ ਲੱਗਾ, ਇਸ ਤੋਟ ਨੂੰ ਕਿਵੇਂ ਪੂਰਾ ਕੀਤਾ ਜਾਏ। ਫਿਰ ਇਕ ਦਿਨ ਉਸਨੇ ਮੈਲਾ ਜਿਹਾ ਖੱਦਰ ਦਾ ਕਮੀਜ਼ ਪਜਾਮਾ ਪਾਇਆ ਤੇ ਖੱਦਰ ਦੀ ਹੀ ਟੇਡੀ ਜਿਹੀ ਪੱਗ ਬੰਨਕੇ ਉਹ ਗਿਆਨੀ ਜੀ ਨੂੰ ਮਿਲਣ ਚਲੇ ਗਿਆ। ਪਹਿਰੇਦਾਰਾਂ ਨੇ ਉਸਦਾ ਹੁਲੀਆ ਦੇਖ ਉਸਨੂੰ ਅੰਦਰ ਜਾਣੇ ਰੋਕ ਲਿਆ। ਉਹ ਮਿਲਣ ਦੀ ਜ਼ਿਦ ਕਰਨ ਲੱਗਾ। "ਮੈਂ ਜ਼ੈਲ ਸਿੰਘ ਦਾ ਯਾਰ ਹਾਂ ਤੁਸੀਂ ਮੈਨੂੰ ਅੰਦਰ ਜਾਣ ਦਿਓ। ਜਦੋਂ ਉਸਨੂੰ ਪਤਾ ਲੱਗੇਗਾ ਕਿ ਤੁਸੀਂ ਮੈਨੂੰ ਨਜੈਜ ਰੋਕ ਕੇ ਤੰਗ ਕੀਤਾ ਤਾਂ ਉਹ ਤੁਹਾਡੀ ਖ਼ਬਰ ਲਏਗਾ"।

"ਅੱਛਾ! ਰਾਸ਼ਟਰਪਤੀ ਤੇਰਾ ਯਾਰ ਹੈ। ਸ਼ਕਲ ਦੇਖੀ ਆਪਣੀ ਸ਼ੀਸ਼ੇ ਵਿਚ" ਕਹਿੰਦਿਆਂ ਪਹਿਰੇਦਾਰਾਂ ਨੇ ਉਸਨੂੰ ਗੇਟੋਂ ਬਾਹਰ ਕਰਕੇ ਚਲੇ ਜਾਣ ਨੂੰ ਕਿਹਾ। "ਤੁਸੀਂ ਏਦਾਂ ਨਹੀਂ ਮੰਨਣਾ ਫਿਰ"। ਕਹਿੰਦਿਆਂ ਗੁਰਦਾਸਪੁਰੀ ਨੇ ਮੋਢੇ ਤੋਂ ਪਰਨਾ ਲਾਹ ਕੇ ਸੜਕ ਤੇ ਵਿਛਾ ਲਿਆ ਤੇ ਲੰਮਾ ਪੈ ਗਿਆ। "ਓਏ ਚੌਕੀਦਾਰੋ ਜਾ ਕੇ ਜ਼ੈਲ ਸਿੰਘ ਨੂੰ ਕਹਿ ਦਿਓ, ਬਾਹਰ ਸੜਕ 'ਤੇ ਲੰਮਾ ਪਿਆ ਤੈਨੂੰ ਮਿਲਣ ਵਾਲਾ, ਰਾਤ ਏਥੇ ਹੀ ਰਹਾਂਗਾ, ਜੇ ਮਰ ਗਿਆ ਤਾਂ ਤੁਸੀਂ ਹੀ ਜ਼ਿੰਮੇਵਾਰ ਹੋਵੋਗੇ। ਮੇਰਾ ਕੁਝ ਨਹੀਂ ਜਾਣਾ। ਬਦਨਾਮੀ ਤੁਹਾਡੀ ਤੇ ਰਾਸ਼ਟਰਪਤੀ ਦੀ ਹੋਣੀ ਹੈ, ਸੋਚ ਲਓ"।

ਸਕਿਉਰਟੀ ਵਾਲਿਆਂ ਨੇ ਕੁਝ ਸੋਚਦਿਆਂ, ਸਾਰੀ ਗੱਲ ਅੰਦਰ ਜਾ ਕੇ ਗਿਆਨੀ ਜੀ ਨੂੰ ਦੱਸੀ। ਉਨ੍ਹਾਂ ਅੰਦਾਜਾ ਲਾ ਲਿਆ ਕਿ ਕਿਹੜਾ ਸ਼ਰੀਫ ਆਦਮੀ ਏਨਾ ਦਮ ਰੱਖਦਾ ਹੈ। ਉਨ੍ਹਾਂ

Sri Satguru Jagjit Singh Ji Elibrary NamdhariElibrary@gmail.com

ਸਕਿਉਰਟੀ ਗਾਰਡ ਨੂੰ ਕਿਹਾ, "ਉਸਨੂੰ ਸਤਕਾਰ ਨਾਲ ਗੱਲ ਕਰਕੇ ਅੰਦਰ ਲੈ ਆਵੋ।

ਜਦੋਂ ਗੁਰਦਾਸਪੁਰੀ ਗਿਆਨੀ ਜੀ ਦੇ ਸਾਹਮਣੇ ਆਇਆ ਤਾਂ ਗਿਆਨੀ ਜੀ ਨੇ ਉਸਨੂੰ ਕਲਾਵੇ 'ਚ ਲੈ ਲਿਆ। "ਏ ਕੀ ਹੁਲੀਆ ਬਣਾਇਆ ਹੋਇਆ ਹਜ਼ਾਰਾ ਸਿੰਘ?"

"ਜ਼ਨਾਬ ਏਸ ਹੁਲੀਏ ਤੋਂ ਬਿਨਾਂ ਗੱਲ ਤੁਹਾਡੀ ਸਮਝ ਵਿਚ ਨਹੀਂ ਸੀ ਔਣੀ"। ਸਕਿਉਰਟੀ ਵਾਲੇ ਦੇਖ ਸੁਣ ਕੇ ਹੈਰਾਨ ਸਨ ਕਿ ਇਹ ਤਾਂ ਸੱਚ ਹੀ ਸਰਦਾਰ ਜੀ ਦਾ ਯਾਰ ਨਿਕਲਿਆ। ਗਿਆਨੀ ਜੀ ਨੇ ਆਪਣੇ ਨੌਕਰ ਨੂੰ ਕਿਹਾ, "ਇਸ ਨੂੰ ਪਾਣੀ ਗਰਮ ਕਰਕੇ ਦਿਓ, ਇਹ ਨ੍ਹਾ ਲਵੇ, ਮੇਰਾ ਕਮੀਜ਼ ਪਜ਼ਾਮਾ ਵੀ ਪੌਣ ਲਈ ਦੇ ਦੇਣਾ"।

ਗੁਰਦਾਸਪੁਰੀ ਨਹਾ ਧੋ ਕੇ ਗਿਆਨੀ ਜੀ ਦੇ ਨਾਲ ਹੀ ਪਲੰਘ 'ਤੇ ਆ ਬੈਠਾ। "ਸੁਣਾ ਕਿੱਦਾਂ ਆਇਆਂ? ਹਜ਼ਾਰ ਰੁਪਈਆ ਤੇਰੀ ਪੈਨਸ਼ਨ ਲਾ ਦਿੱਤੀ ਹੈ, ਹੋਰ ਕੀ ਚਾਹੀਦਾ? ਇਹ ਮੰਗਤਿਆਂ ਵਾਲਾ ਹੁਲੀਆ ਬਣਾ ਕੇ ਆ ਗਿਆ"। ਗਿਆਨੀ ਜੀ ਨੇ ਉਸਨੂੰ ਚਾਹ ਦਾ ਕੱਪ ਦਿੰਦਿਆਂ ਪੁੱਛਿਆ।

"ਸਰਦਾਰ ਜੀ ਜੇ ਮੈਂ ਸੂਟ ਬੂਟ ਪਾ ਕੇ ਆਉਂਦਾ, ਫਿਰ ਨਾ ਤਾਂ ਮੇਰੇ ਤੋਂ ਸੜਕ 'ਚ ਲੰਮਾ ਹੀ ਪੈ ਹੋਣਾ ਸੀ, ਤੇ ਨਾ ਹੀ ਮੇਰੀ ਗੱਲ ਏਨੇ ਧਿਆਨ ਨਾਲ ਸੁਣੀ ਜਾਣੀ ਸੀ। ਤੁਸੀਂ ਜਿਹੜੀ ਪੈਨਸ਼ਨ ਦੀ ਗੱਲ ਕੀਤੀ ਹੈ, ਉਹ ਤਾਂ ਹੋਈ ਤੁਹਾਡੇ ਨਾਲ ਕੈਦ ਕੱਟੀ ਦੀ। ਆਹ ਜੇਹੜੀ ਮੈਂ ਕਲਮ ਨਾਲ ਮਗਜ਼ਪੱਚੀ ਕਰਕੇ ਪੰਜਾਬੀ ਦੀ ਸੇਵਾ ਕਰਦਾ, ਏਦ੍ਹਾ ਕੋਈ ਮੁੱਲ ਨਹੀਂ ਉਤੋਂ ਤੁਹਾਡੇ ਰਾਜ ਵਿੱਚ ਸ਼ਰਾਬ ਮਹਿੰਗੀ ਹੋਈ ਜਾਂਦੀ ਹੈ। ਸਰਦਾਰ ਜੀ ਲਿਖਣ ਲਈ ਕੁਝ ਸੋਚਣਾ ਪੈਂਦਾ। ਸਾਨੂੰ ਬਿਨਾਂ ਪੀਤਿਓਂ ਕੁਝ ਸੁੱਝਦਾ ਨਹੀਂ। ਜੇ ਕੁਝ ਸੁੱਝੂਗਾ ਹੀ ਨਹੀਂ ਤਾਂ ਲਿਖਾਂਗੇ ਕੀ? ਇਸ ਲਈ ਪੀਣੀ ਜ਼ਰੂਰੀ ਹੈ।"

"ਠੀਕ ਹੈ ਭਾਈ, ਤੂੰ ਅੱਜ ਕੱਲ੍ਹ ਬਹੁਤ ਵੱਡਾ ਕਵੀ ਹੋ ਗਿਆ, ਤੇ ਮੰਗਣ ਆ ਗਿਆਂ, ਕੁਝ ਨਾ ਕੁਝ ਤਾਂ ਦੇਣਾ ਹੀ ਪਉ"। ਗਿਆਨੀ ਜੀ ਨੇ 500 ਰੁਪਈਆ ਉਸਦੀ ਜੇਬ ਵਿਚ ਪਾ ਦਿੱਤਾ। "ਵਜ਼ੀਫ਼ੇ ਦੇ ਆਰਡਰ ਸਵੇਰੇ ਕਰਾ ਦਿਆਂਗਾ"।

"ਤੁਹਾਡੀ ਬੜੀ ਮਿਹਰਬਾਨੀ ਜ਼ਨਾਬ ਤੁਸੀਂ ਮੇਰੇ ਆਏ ਦੀ ਪੱਤ ਰੱਖ ਲਈ"। ਕਹਿੰਦਾ ਆਇਆ ਗੁਰਦਾਸਪੁਰੀ ਆਪਣੇ ਘਰ ਨੂੰ ਤੁਰ ਪਿਆ। ਹੋਰ ਵੀ ਬਹੁਤ ਕੁਝ ਗਿਆਨੀ ਜੀ ਨੇ ਲੋਕਾਂ ਦੀ ਤੇ ਮੁਲਕ ਦੀ ਭਲਾਈ ਲਈ ਕੀਤਾ। ਪਰ ਅਖੀਰ ਵੇਲੇ ਲੋਕ ਸਮਝਦੇ ਹਨ, ਉਨ੍ਹਾਂ ਨੇ ਇਕ ਬਹੁਤ ਵੱਡੀ ਗਲਤੀ ਕਰ ਲਈ। ਇੰਦਰਾ ਗਾਂਧੀ ਵਲੋਂ ਕਰਵਾਇਆ ਗਿਆ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ ਰੋਕਣਾ ਸ਼ਾਇਦ ਉਨ੍ਹਾਂ ਦੇ ਵੱਸ ਵਿਚ ਨਹੀਂ ਸੀ। ਪਰ ਪ੍ਰੋਟੈਸਟ ਵਜੋਂ ਉਹ ਆਪਣੇ ਔਹਦੇ ਤੋਂ ਤਿਆਗ ਪੱਤਰ ਤਾਂ ਦੇ ਹੀ ਸਕਦੇ ਸਨ। ਪਰ ਉਨ੍ਹਾਂ ਤਿਆਗ ਪੱਤਰ ਨਹੀਂ ਦਿੱਤਾ। ਸਿੱਖਾਂ ਨੂੰ ਇਸ ਗੱਲ ਦਾ ਬਹੁਤ ਰੰਜ ਹੈ। ਦੁੱਗਲ ਨੇ ਵੀ ਉਨ੍ਹਾਂ ਨੂੰ ਤਿਆਗ ਪੱਤਰ ਦਾ ਮਸ਼ਵਰਾ ਦਿੱਤਾ ਸੀ। ਜਦੋਂ ਗਿਆਨੀ ਜੀ ਨੇ ਪੁੱਛਿਆ ਸੀ, "ਹੁਣ ਕੀ ਕਰਨਾ ਚਾਹੀਦਾ?" ਅੱਗੋਂ ਦੁੱਗਲ ਨੇ ਜੁਆਬ ਦਿੱਤਾ, "ਤੁਹਾਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ ਤੇ ਬਾਹਰ ਆ ਕੇ ਸਿੱਖ ਕੌਮ ਦੀ ਅਗਵਾਈ ਕਰਨੀ ਚਾਹੀਦੀ ਹੈ"।

"ਇਹ ਕਿਵੇਂ ਹੋ ਸਕਦਾ?" ਗਿਆਨੀ ਜੀ ਨੂੰ ਦੁੱਗਲ ਦਾ ਜੁਆਬ ਚੰਗਾ ਨਾ ਲੱਗਾ। "ਜੋ ਕੰਮ ਮੈਂ ਏਥੇ ਰਹਿ ਕੇ ਕਰ ਸਕਦਾ ਉਹ ਬਾਹਰੋ ਨਹੀਂ ਹੋਣਾ।" ਗਿਆਨੀ ਜੀ ਨੇ ਸੋਚਦਿਆਂ ਕਿਹਾ। ਉੱਨੀ ਸੌ ਛਿਆਟ ਤੋਂ ਉੱਨੀ ਸੌ ਬਹੱਤਰ ਤੱਕ ਗਿਆਨੀ ਜੀ ਪੰਜਾਬ ਕਾਂਗਰਸ ਦੇ ਪ੍ਰਧਾਨ ਰਹੇ। ਉੱਨੀ ਸੌ ਬਹੱਤਰ ਤੋਂ ਉੱਨੀ ਸੌ ਸਤੱਤਰ ਤੱਕ ਉਹ ਪੰਜਾਬ ਦੇ ਮੁੱਖ ਮੰਤਰੀ ਰਹੇ। ਇਸ ਸਮੇਂ ਉਨ੍ਹਾਂ ਨੇ ਇਕ ਬਹੁਤ ਹੀ ਯਾਦਗਾਰੀ ਕੰਮ ਕਰ ਦਿੱਤਾ। ਸ੍ਰੀ ਦਮਦਮਾ ਸਾਹਿਬ ਤੋਂ ਸ੍ਰੀ ਕੇਸਗੜ੍ਹ ਤੱਕ 640 ਕਿ.ਮੀ. ਗੁਰੂ ਗੋਬਿੰਦ ਸਿੰਘ ਮਾਰਗ ਬਣਾ ਕੇ। ਫਿਰ ਉਹ ਕੇਂਦਰੀ ਸਰਕਾਰ ਵਿਚ ਗ੍ਰਹਿਮੰਤਰੀ ਰਹੇ। ਅਖੀਰ ਵਿਚ ਉਨ੍ਹਾਂ ਭਾਰਤ ਦੇ ਸੱਤਵੇਂ ਰਾਸ਼ਟਰਪਤੀ ਵਜੋਂ 25 ਜੁਲਾਈ 1982 ਨੂੰ ਕੁਰਸੀ ਸੰਭਾਲੀ। ਇਹ ਪੰਜ ਸਾਲ ਦਾ ਸਮਾਂ ਉਨ੍ਹਾਂ ਲਈ ਚੁਨੌਤੀਆਂ ਭਰਪੂਰ ਰਿਹਾ। ਕਿਉਂਕਿ ਏਸੇ ਸਮੇਂ ਵਿਚ ਹੀ ਰਾਜੀਵ ਦੀ ਘਿਣਾਉਣੀ ਸੋਚ ਕਰਕੇ ਸਿੱਖਾਂ ਉੱਤੇ ਮੁਗਲਈ ਸਿਤਮ ਢਾਏ ਗਏ। ਹਜ਼ਾਰਾਂ ਬੇਦੋਸ਼ੇ ਸਿੱਖ ਪਰਿਵਾਰਾਂ ਨੂੰ ਬੇਇਜ਼ਤ ਕਰਕੇ ਮਾਰਿਆ ਗਿਆ। ਸਿੱਖਾਂ ਦੀਆਂ ਜਾਇਦਾਦਾਂ ਨੂੰ ਅੱਗਾਂ ਲਾਈਆਂ ਗਈਆਂ। ਔਰਤਾਂ ਦੀਆਂ ਇਜ਼ਤਾਂ ਲੁੱਟੀਆਂ ਗਈਆਂ। ਇਸ ਕਾਰੇ ਨੂੰ ਪੈਂਤੀ ਸਾਲ ਹੋਣ ਲੱਗੇ ਹਨ, ਕਿਸੇ ਨੂੰ ਫਾਹੇ ਨਹੀਂ ਲਾਇਆ ਗਿਆ। ਸਾਰੇ ਦੋਸ਼ੀ ਖੁੱਲੇ ਫਿਰ ਰਹੇ ਹਨ।

25 ਜੁਲਾਈ 1987 ਨੂੰ ਗਿਆਨੀ ਜੀ ਰਾਸ਼ਟਰਪਤੀ ਰਿਟਾਇਰ ਹੋ ਗਏ। ਇਕ ਦਿਨ ਉਹ ਆਪਣੀ ਕਾਰ ਵਿਚ ਕਿਤੇ ਜਾ ਰਹੇ ਸਨ ਕਿ ਕਾਰ ਦਾ ਐਕਸੀਡੈਂਟ ਹੋ ਗਿਆ। ਇਸ ਐਕਸੀਡੈਂਟ 'ਤੇ ਬਹੁਤ ਟੀਕਾ ਟਿਪਣੀ ਹੋਈ। ਕੁਝ ਲੋਕਾਂ ਦਾ ਕਹਿਣਾ ਸੀ ਕਿ ਇਹ ਐਕਸੀਡੈਂਟ ਕਰਵਾਇਆ ਗਿਆ ਸੀ। ਐਕਸੀਡੈਂਟ ਹੋਇਆ ਜਾਂ ਕਰਵਾਇਆ, ਉਹ ਗਿਆਨੀ ਜੀ ਲਈ ਜਾਨ ਲੇਵਾ ਸਾਬਤ ਹੋਇਆ। ਗਿਆਨੀ ਜੀ 25 ਦਸੰਬਰ 1994 ਸਦਾ ਦੀ ਨੀਂਦ ਸੌਂ ਗਏ।

ਸੰਪਰਕ - 9876208542

Sri Satguru Jagjit Singh Ji Elibrary NamdhariElibrary@gmail.com

ਸਵੈ-ਜੀਵਨੀ-ਹਿੰਮਤ ਯਾਰ ਬਣਾਈ

ਗੱਲ ਪਤਾ ਲੱਗੀ ਜਦੋਂ ਭੇਤ ਵਾਲੀ

—ਪ੍ਰੋ. ਲਖਬੀਰ ਸਿੰਘ

18 ਨਵੰਬਰ 2006 ਨੂੰ ਵਾਪਰੀ ਇਸ ਖੌਫ਼ਨਾਕ ਘਟਨਾ ਨੇ ਮੈਨੂੰ, ਪਰਵਾਰ ਤੇ ਮੇਰੇ ਹਮਦਰਦ ਸਮਾਜ ਨੂੰ ਦਹਿਲਾ ਕੇ ਰੱਖ ਦਿੱਤਾ। ਇਨ੍ਹਾਂ ਦਿਨਾਂ ਵਿਚ ਦੋਸਤ-ਮਿੱਤਰ, ਰਿਸ਼ਤੇਦਾਰ ਖ਼ਬਰ ਲੈਣ ਤਾਂ ਆਉਂਦੇ ਪਰ ਕਿਸੇ ਨੂੰ ਕੁਝ ਵੀ ਸੁੱਝਦਾ ਨਹੀਂ ਸੀ। ਸਾਰਿਆਂ ਪੱਲੇ ਹੈਰਾਨੀ ਤੋਂ ਸਿਵਾ ਕੁਝ ਨਹੀਂ ਸੀ, ਛਿੱਕ ਆਉਣ ਨਾਲ ਰੀੜ੍ਹ ਦੀ ਹੱਡੀ ਦੇ ਮਣਕੇ ਟੁੱਟ ਗਏ, ਇਹ ਗੱਲ, ਦੁੱਖ ਦੇਣ ਦੇ ਨਾਲ-ਨਾਲ ਹਰ ਕਿਸੇ ਨੂੰ ਅਚੰਭਿਤ ਕਰਦੀ ਸੀ। ਇਸ ਤੋਂ ਤੇਰ੍ਹਵੇਂ ਦਿਨ, 30 ਨਵੰਬਰ 2006 ਨੂੰ ਦੁਪਹਿਰ ਦੇ ਵੇਲੇ, ਤੇਰ੍ਹਵੇਂ ਸਾਲ ਨੂੰ ਮੁਕੰਮਲ ਕਰਨ ਵਾਲਾ ਵੱਡਾ ਬੇਟਾ ਲਿਆਕਤਬੀਰ ਹਸਪਤਾਲ ਦੇ ਕਮਰੇ ਦੀ ਰਸੋਈ ਵਿਚ ਕੁਝ ਖਾਣ ਲਈ ਤਿਆਰ ਕਰ ਰਿਹਾ ਸੀ, ਮੈਂ ਦਰਵਾਜ਼ੇ ਉੱਤੇ ਹੋਈ ਟਿਕ-ਟਿਕ ਸੁਣ ਕੇ ਲੰਘ ਆਓ, ਕਿਹਾ। ਕੀ ਦੇਖਦਾ ਹਾਂ ਮੇਰਾ ਸ਼ੁਭਚਿੰਤਕ ਡਾ. ਸਤਿੰਦਰ ਸਿੰਘ ਢੀਂਗਰਾ, ਹੱਥ ਵਿਚ ਇਕ ਨਿਵੇਕਲਾ ਜਿਹਾ ਕਾਗਜ਼ ਫੜ੍ਹੀ ਦਾਖ਼ਿਲ ਹੋਇਆ, ਮੈਨੂੰ ਉਸਦਾ ਦਾਖਿਲਾ ਅਜੀਬ ਅਤੇ ਅੱਖਾਂ ਨਮ ਦਿਸੀਆਂ। ਬੋਲਿਆ ਕੇਵਲ ਇਕ ਵਾਕ "ਸਰ ਤੁਹਾਨੂੰ ਕੈਂਸਰ ਹੈ, ਸੁਣ ਕੇ ਮੈਂ ਇਕ ਦਮ ਗੁੰਮ-ਸੁੰਮ ਹੋ ਗਿਆ, ਠਠੰਬਰ ਗਿਆ। ਮਨ ਪਲ ਦੀ ਪਲ ਵੱਡੇ ਖੌਫ਼ ਵਿਚ ਚਲਾ ਗਿਆ। "ਹੈਂਅ! ਕੈਂਸਰ!" ਤੇ ਕੈਂਸਰ ਵਾਲਿਆਂ ਨਾਲ ਬੀਤਣ ਵਾਲੀ ਸਾਰੀ ਕਹਾਣੀ ਅੱਖ ਦੇ ਫੋਰ 'ਚ ਫਿਲਮ ਬਣ ਜ਼ਿਹਨ 'ਚ ਘੁੰਮ ਗਈ। ਇਸ ਖ਼ਬਰ ਨੇ ਤਕਰੀਬਨ ਸਵਾ ਸਾਲ ਪਹਿਲਾਂ ਵਾਪਰੀ ਬੜੇ ਹਿਰਦੇਵੇਦਕ ਕਹਾਣੀ ਯਾਦ ਕਰਾ ਦਿੱਤੀ। ਬੜੇ ਨੇਕ ਦੋਸਤ ਡਾ. ਜਸਵਿੰਦਰ ਸੈਣੀ, ਜੋ ਅੱਜ-ਕੱਲ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪੰਜਾਬੀ ਦੇ ਪ੍ਰੋਫੈਸਰ ਹਨ, ਉਨ੍ਹਾਂ ਦੇ ਮਲੂਕੜੇ ਜਿਹੇ, ਦਸਵੀਂ ਵਿਚ ਪੜ੍ਹਦੇ 6 ਫੁੱਟ ਲੰਬੇ ਗੱਭਰੂ ਪੁੱਤ ਦੀ ਬਲੱਡ ਕੈਂਸਰ ਨਾਲ 45 ਦਿਨ ਦੀ ਜ਼ਿੰਦਗੀ-ਮੌਤ ਦੀ ਜੰਗ ਜਿਹਨ 'ਚ ਘੁੰਮ ਗਈ। ਆਪਣੇ ਇਸ ਪਿਆਰੇ ਨੂੰ 42 ਦਿਨ ਭੋਰਾ ਭੋਰਾ ਮਰਦਿਆਂ ਤੇ ਜ਼ਿੰਦਗੀ ਲਈ ਤਰਸਦਿਆਂ, ਇਸ ਛੈਲ-ਛਬੀਲੇ ਗੱਭਰੂ ਨੂੰ ਹੱਡੀਆਂ ਦੀ ਮੁੱਠ ਬਣ ਕੈਂਸਰ ਦੇ ਨਾਲ ਲੜਦਿਆਂ ਦੇਖਿਆ ਸੀ। ਉਦੋਂ ਇਹ ਪਰਵਾਰ ਜਲੰਧਰ ਰਹਿੰਦਾ ਸੀ। ਸਭ ਕੁਝ ਦੇਖਦਿਆਂ ਪਲਾਂ 'ਚ ਹੀ ਸੰਭਲਦਿਆਂ, ਡਾ. ਦਾ ਹੱਥ ਫੜ੍ਹਿਆ, ਘੁੱਟਿਆ, ਅਜੀਬ ਆਲਮ 'ਚ ਹਿਮਾਲਿਆ ਜਿੰਨੀ ਹਿੰਮਤ ਇਕੱਠੀ ਕਰਦਿਆਂ ਬੋਲਿਆਂ, "ਜੈਂਟਲਮੈਨ ਬੀ ਬਰੇਵ ਆਈ ਵਿਲ ਫਾਈਟ ਇੱਟ ਆਊਟ"(Gentleman, "Be Brave, I will fight it out.") ਕੁਝ ਹੋਰ ਬੋਲੇ ਬਿਨਾਂ ਡਾ. ਜਾਣ ਲੱਗਾ, ਮੈਂ ਪਿਛਿਓਂ ਆਵਾਜ਼ ਮਾਰੀ , "ਲਿਸਨ ਡੀਅਰ, ਡੌਂਟ ਟੈਲ ਮਾਈ ਵਾਈਫ, ਆਈ ਵਿਲ ਟੈਲ ਹਰ"। (Listen Dear, "Don't tell my wife about it, I will tell her.")

ਇੰਨੇ ਨੂੰ ਲਿਆਕਤਬੀਰ ਬਾਹਰ ਆਇਆ, ਪੁੱਛਦਾ ਡਾਕਟਰ ਆਇਆ ਸੀ, ਕੀ ਕਹਿੰਦਾ ਸੀ? ਗੱਲ ਨੂੰ ਛੁਪਾਉਂਦਿਆਂ, ਘੁੰਮਾਉਂਦਿਆਂ ਮੈਂ ਕਿਹਾ ਕਿ ਉਨ੍ਹਾਂ ਨੇ ਹੁਣੇ ਆਈ ਸੂਖ਼ਮ ਟੈਸਟਾਂ ਦੀ ਰੀਪੋਰਟ ਦੇਖੀ ਹੈ ਅਤੇ ਕਹਿੰਦੇ ਹਨ, "ਰੀੜ੍ਹ ਦੀ ਹੱਡੀ ਦੀ ਕੁਝ ਗੰਭੀਰ ਸਮੱਸਿਆ ਹੈ, ਜਿਸ ਦੇ ਇਲਾਜ ਲਈ ਕਿਸੇ ਖਾਸ ਰੀੜ੍ਹ ਦੀ ਹੱਡੀ ਦੇ ਸਪੈਸ਼ਲ ਹਸਪਤਾਲ ਜਾਣਾ ਪਵੇਗਾ, ਤੇਰੇ ਮੰਮੀ ਆ ਜਾਣ, ਆਪਾਂ ਸਲਾਹ ਕਰਦੇ ਹਾਂ ਕਿ ਕਿਥੇ ਜਾਣਾ ਹੈ।" ਇੰਨੇ ਨੂੰ ਸਕੂਲ ਤੋਂ ਛੁੱਟੀ ਕਰ, ਘਰ ਬਜ਼ੁਰਗ ਮਾਪਿਆਂ ਨੂੰ ਰੋਟੀ ਪਾਣੀ ਖਿਲਾ ਕੇ, ਮਾਂ ਬਿਨਾਂ ਬੜੇ ਹੀ ਅਸੁਰੱਖਿਅੱਤ ਮਹਿਸੂਸ ਕਰਨ ਵਾਲੇ ਛੋਟੇ ਬੇਟੇ ਬਾਗੇਸ਼ਵਰ ਸਿੰਘ ਨੂੰ ਲਾਰੇ ਲਾ ਕੇ ਘਰ ਛੱਡਦਿਆਂ ਹਰਵਿੰਦਰ ਕੌਰ ਮੇਰੀ ਟਹਿਲ-ਸੇਵਾ ਲਈ ਹਸਪਤਾਲ ਪਹੁੰਚੀ। ਮੈਂ ਦੇਖਿਆ ਉਹ ਤਾਂ ਟੁੱਟੀ ਰੀੜ ਦੀ ਹੱਡੀ ਨਾਲ ਪਏ ਬੋਝ ਨਾਲ ਹੀ ਭੈਅਭੀਤ ਹੋ ਗਈ ਸੀ ਪਰ ਹੁਣ ਉਸ ਦੇ ਨਾਜ਼ੁਕ ਨਾਰੀ ਮਨ 'ਤੇ ਹਿਮਾਲਿਆ ਜਿੰਨਾ ਹੋਰ ਬੋਝ ਪਾਉਣਾ ਪੈਣਾ ਸੀ। ਜਦੋਂ ਮੈਨੂੰ ਕੁਝ ਖਿਲਾ ਪਿਲਾ ਮੰਜੇ ਦੀ ਬਾਹੀ ਤੇ ਬੈਠ ਗਈ ਤਾਂ ਮੈਂ ਉਸ ਦਾ ਹੱਥ ਫੜ੍ਹਿਆ, ਘੁੱਟਿਆ ਤੇ ਬੋਲਿਆ, "ਮੇਰੀ ਜਾਨ ਕਿੰਨੇ ਸਾਲ ਹੋ ਗਏ ਆਪਾਂ ਨੂੰ ਇਕ ਜਿੰਦ ਜਾਨ ਹੋਇਆ" ਕਹਿੰਦੀ 14 ਸਾਲ, 15ਵਾਂ ਲੱਗਾ ਏ"। ਮੈਂ ਕਿਹਾ, "ਸੋਚ ਕੇ ਦੱਸ ਕਿ ਇਸ ਡੇਢ ਦਹਾਕੇ ਦੇ ਅਰਸੇ ਵਿਚ ਮੈਂ ਕੋਈ ਛੋਟਾ ਜਾਂ ਵੱਡਾ ਵਾਅਦਾ ਕੀਤਾ ਤੇ ਪੂਰਾ ਨਾ ਕੀਤਾ ਹੋਏ?" ਕਹਿੰਦੀ, "ਕੁਝ ਵੀ ਐਸਾ ਨਹੀਂ।" ਮੈਂ ਕਿਹਾ, "ਅੱਜ ਬਹੁਤ ਵੱਡਾ, ਅਣਕਿਆਸਿਆ, ਅਸੰਭਵ ਵਰਗਾ ਸੰਭਵ ਵਾਅਦਾ ਕਰਾਂ! ਤਾਂ ਵਿਸ਼ਵਾਸ ਕਰੇਂਗੀ।"

ਕਹਿੰਦੀ, "ਹੁਣ ਐਸਾ ਕੀ ਕਹਿਣ ਲੱਗੇ ਹੋ"

ਮੈਂ ਕਿਹਾ, "ਦੱਸ ਮੇਰੇ ਵਾਅਦੇ 'ਤੇ ਸ਼ਤ ਪ੍ਰਤੀਸ਼ਤ ਵਿਸ਼ਵਾਸ ਵਾਂਗ ਅਡਿੱਗ ਰਹੇਗੀਂ, ਫਿਰ ਵਾਅਦਾ ਕਰਾਂਗਾ, ਪਹਿਲਾਂ ਤੂੰ ਵਾਅਦਾ ਕਰ,"

ਕਹਿੰਦੀ, "ਮੈਨੂੰ ਤੁਹਾਡੇ 'ਤੇ ਵੱਡਾ ਵਿਸ਼ਵਾਸ ਹੈ।"

ਮੈਂ ਕਿਹਾ ਸੁਣ ਫਿਰ, "ਮੈਨੂੰ ਹੁਣ ਤੇਰੀ ਵੱਡੀ ਤੇ ਸਖ਼ਤ ਲੋੜ ਹੈ, ਪਰ ਸਧਾਰਨ ਆਮ ਕਮਜ਼ੋਰ ਔਰਤ ਵਾਂਗ ਨਹੀਂ ਇਕ ਫੌਲਾਦੀ ਜੁੱਸੇ ਅਤੇ ਅਸੀਮ ਹਿੰਮਤ, ਸਬਰ ਅਤੇ ਆਸਥਾ ਵਾਲੀ ਅਰਧਾਂਗਣੀ ਦੇ ਰੂਪ ਵਿਚ, ਦੁੱਖ ਭੰਜਨੀ ਵਿਖੇ ਆਪਣੇ ਪਤੀ ਨੂੰ ਲੈ ਕੇ ਜਾਣ ਵਾਲੀ ਰਜਨੀ ਵਰਗੀ ਨਾਰੀ ਦੀ।

ਕਹਿੰਦੀ, "ਮੈਨੂੰ ਇਦਾਂ ਨਾ ਕਹੋ ਤੇ ਡਰਾਓ ਨਾ!"

ਮੈਂ ਕਿਹਾ, "ਮੈਂ ਡਰਾਉਂਦਾ ਨਹੀਂ, ਕੁਝ ਦੱਸਦਾ ਹਾਂ

Sri Satguru Jagjit Singh Ji Elibrary NamdhariElibrary@gmail.com

ਲੇਕਿਨ ਪਹਿਲਾਂ ਆਸ-ਉਮੀਦ ਦਾ ਪੱਲਾ ਘੁੱਟ ਕੇ ਫੜ੍ਹ ਲੈ।"

ਕਹਿੰਦੀ ਠੀਕ ਏ, "ਮੈਂ ਸੁਣ ਕੇ ਸਮਝ ਕੇ ਤੁਹਾਡੀ ਗੱਲ ਮੰਨਾਂਗੀ।"

ਮੈਂ ਕਿਹਾ, "ਦੇਖ ਭਲੀਏ ਲੋਕੇ! ਲੱਕ ਟੁੱਟ ਗਿਆ ਹੈ ਮੇਰਾ!! ਮੇਰਾ ਹੀ ਨਹੀਂ, ਪਰਵਾਰ ਦਾ ਵੀ।ਮੁੰਬਈ ਰੈਨਬੈਕਸੀ ਤੋਂ ਮੇਰੇ ਖੂਨ ਦੇ ਟੈਸਟਾਂ ਦੀ ਰੀਪੋਰਟ ਆਈ ਹੈ।ਡਾਕਟਰ ਹੁਣੇ ਲੈ ਕੇ ਕਮਰੇ 'ਚ ਆਇਆ ਸੀ।ਬੜਾ ਘਬਰਾਇਆ ਹੋਇਆ ਸੀ।ਕਹਿੰਦਾ ਕਿ ਰੀਪੋਰਟ ਆ ਗਈ।" ਉਹ ਬੜੀ ਉਤਸੁਕਤਾ 'ਚ ਬੋਲੀ, "ਕੀ ਆਈ ਏ ਰੀਪੋਰਟ।"

"ਮੈਨੂੰ ਕੈਂਸਰ ਏ"

"ਹੈਂਅ! ਕੈਂਸਰ!! ਤੁਹਾਨੂੰ ਕਿਵੇਂ ਹੋ ਸਕਦਾ ਏ ਕੈਂਸਰ!!! ਨਹੀਂ ਹੋ ਸਕਦਾ"

ਮੈਂ ਕਿਹਾ,"ਹੋ ਨਹੀਂ ਸਕਦਾ! ਪ੍ਰੰਤੂ ਰੀਪੋਰਟ ਤਾਂ ਇਹੀ ਏ।"

ਉਹ ਇਕਦਮ ਅੱਬੜਬਾਹੇ 'ਚ ਬੋਲੀ, "ਝੂਠੀ ਏ, ਗਲਤ ਏ ਰੀਪੋਰਟ! ਕਿਸੇ ਹੋਰ ਦੀ ਹੋਵੇਗੀ ਇਹ ਰੀਪੋਰਟ"

"ਕਾਸ਼ ਕਿ ਰੀਪੋਰਟ ਝੂਠੀ ਹੁੰਦੀ! ਲੇਕਿਨ ਇੰਨੀ ਗੰਭੀਰਤਾ ਨਾਲ ਤਿਆਰ ਕੀਤੀ ਰੀਪੋਰਟ ਝੂਠੀ ਕਿਥੇ ਹੋਏਗੀ।"

"ਇਹ ਸੱਚ ਹੈ ਕਿ ਮੈਨੂੰ ਕੈਂਸਰ ਹੈ, ਅਸਲ ਵਿਚ ਰੀੜ੍ਹ ਦੀ ਹੱਡੀ ਦੇ ਦੋ ਮਣਕੇ ਕੈਂਸਰ ਨੇ ਖਾ ਲਏ ਹਨ, ਤਾਂ ਹੀ ਟੁੱਟੇ ਨੇ।"

ਕੈਂਸਰ ਸ਼ਬਦ ਜਿਵੇਂ ਉਸ ਉੱਤੇ ਬੰਬ ਬਣ ਡਿੱਗਾ।ਇਕ ਦਮ ਅੱਖਾਂ ਅੱਡੀਆਂ ਰਹਿ ਗਈਆਂ।ਬਹੁਤ ਡਰ ਗਈ।

ਮੈਂ ਅੱਗੇ ਕਿਹਾ, "ਕੈਂਸਰ ਦਾ ਨਾਂ ਮਲਟੀਪਲ ਮਾਈਲੋਮਾ ਹੈ, ਜਿਸ ਨੂੰ ਬੋਨਮੈਰੋ ਕੈਂਸਰ ਵੀ ਕਹਿੰਦੇ ਨੇ।" ਇਹ ਸੁਣਦਿਆਂ ਹਰਵਿੰਦਰ ਪੱਥਰ ਬਣ ਗਈ, ਇਕ ਟੱਕ ਅੱਖਾਂ ਅੱਡੀ ਮੇਰੇ ਵੱਲ ਵੇਖਦੀ-ਸੁਣਦੀ ਰਹੀ, ਇੰਜ਼ ਜਾਪੇ ਜਿਵੇਂ ਕੈਂਸਰ ਸ਼ਬਦ ਸੁਣਦਿਆਂ ਸੁੰਨ ਹੋ ਗਈ ਹੋਵੇ।ਕੁਝ ਨਾ ਬੋਲੀ।

ਮੈਂ ਬੋਲਦਾ ਗਿਆ, "ਦੇਖ ਇਹ ਪੱਕੀ ਗੱਲ ਹੈ ਕਿ ਤੇਰਾ ਸਾਥ ਛੱਡ, ਇੰਨੇ ਛੋਟੇ, ਲੂੰ ਭਰ ਬੱਚਿਆਂ ਨੂੰ ਤੇਰੇ ਉੱਤੇ ਬੋਝ ਬਣਾ ਕੇ ਨਾ ਭੱਜੂੰਗਾਂ ਤੇ ਨਾ ਹੀ ਈਨ ਮਨੂੰਗਾ, ਸਭ ਕੁਝ ਤੇਰੇ ਸਾਹਮਣੇ ਕਰੂੰਗਾ, ਲੇਕਿਨ ਤੈਨੂੰ ਮੇਰੀ ਰੀੜ੍ਹ ਦੀ ਹੱਡੀ ਬਣਨਾ ਪਵੇਗਾ।ਅਗਰ ਤੂੰ ਇਸ ਗੱਲ 'ਤੇ ਭਰੋਸਾ ਕਰਕੇ ਪੂਰੀ ਉਤਰੀ ਤਾਂ ਸਾਡੇ ਜੀਵਨ ਦੀ ਗੱਡੀ ਦਾ ਟੁੱਟਾ ਇਕ ਪਹੀਆ ਵੀ ਰੰਚਕ ਮਾਤਰ ਟੇਢਾ ਨਹੀਂ ਚੱਲੇਗਾ।ਡਰੀ ਹੋਈ ਤੇ ਘਬਰਾਈ ਹੋਈ ਬਿਨਾਂ ਕੁਝ ਬੋਲੇ, ਪਥਰਾਈ ਹੋਈ ਸੂਰਤ ਨਾਲ, ਗਹਿਰੀ ਅਤੇ ਤਰਸੇਂਦੀ ਨਜ਼ਰ 'ਚ ਅੰਤਾਂ ਦਾ ਪਿਆਰ ਮੇਰੇ 'ਤੇ ਬਰਸਾਅ, ਡਾਕਟਰ ਦੇ ਕਮਰੇ ਵੱਲ ਭੱਜੀ ਅਤੇ ਡਾਕਟਰ ਨਾਲ ਗੱਲਬਾਤ ਕਰਕੇ, ਚੰਦ ਹੀ ਮਿੰਟਾਂ 'ਚ ਬੇਸੁਰਤ ਜਿਹੀ ਮੁੜ ਆਈ, ਫਿਰ ਮੇਰਾ ਹੱਥ ਫੜ੍ਹ ਟਿਕ-ਟਿਕੀ ਲਾ ਕੇ ਦੇਖਦੀ ਰਹੀ।ਕੁਝ ਨੇੜੇ ਦੇ ਚੋਣਵੇਂ ਰਿਸ਼ਤੇਦਾਰਾਂ ਨੂੰ ਫੋਨ ਕਰਨ ਲੱਗੀ।ਇਸ ਸਮੇਂ ਦੌਰਾਨ ਇੰਨੀ ਕੁਰੱਮਤ ਖਬਰ ਦੇ ਸਾਏ ਤੋਂ ਬਚਾਉਣ ਲਈ ਲਿਆਕਤਬੀਰ ਨੂੰ ਆਸੇ-ਪਾਸੇ ਕਰ ਦਿੱਤਾ ਸੀ ਕਿ ਇੰਨੇ ਕੂਲੇ ਤਨ-ਮਨ 'ਤੇ ਇਸ ਖ਼ੌਫਨਾਕ ਖ਼ਬਰ ਦਾ ਵਿਸਫੋਟਕ ਭਾਰ ਨਾ ਹੀ ਪਾਇਆ ਜਾਵੇ।

ਸਮਾਂ ਆਪਣੀ ਦੌੜ ਦੌੜ ਰਿਹਾ ਸੀ ਲੇਕਿਨ ਸਾਡੇ ਮਨ ਸਮੇਂ ਤੋਂ ਅੱਗੇ ਭੱਜ ਰਹੇ ਸਨ।ਸ਼ਾਮ ਨੂੰ ਪੰਜ ਵਜੇ ਇੱਕ ਸਥਾਨਕ ਹਸਪਤਾਲ ਦੇ ਇਕ ਡਾਕਟਰ, ਜੋ ਹੁਣੇ ਹੁਣੇ ਕੈਂਸਰ 'ਚ ਸੁਪਰਸਪੈਸ਼ਲਟੀ ਕਰਕੇ ਆਇਆ ਸੀ, ਨੂੰ ਸੱਦੇ 'ਤੇ ਬੁਲਾਇਆ।ਡਾਕਟਰ ਆਇਆ, ਮੇਰੇ ਹਸਪਤਾਲੀ ਬੈਡ ਦੇ ਚੌਤਰਫੀਂ ਘੁੰਮਿਆ।ਮੇਰੇ ਸਾਹਮਣੇ ਖੜ੍ਹਾ, ਭਾਰਾ ਸਰੀਰ, ਗਲ਼ ਵਿਚ ਸਟੈਥੋਸਕੋਪ, ਉਸ ਨੇ ਮੇਰੀ ਕੋਈ ਜਾਣਕਾਰੀ ਨਹੀਂ ਪੁੱਛੀ।ਬਿਨਾਂ ਕਿਸੇ ਭੂਮਿਕਾ ਦੇ ਬੋਲਿਆ , " ਤੁਹਾਨੂੰ ਪਤਾ ਤੁਹਾਨੂੰ ਕਿਹੜੀ ਬੀਮਾਰੀ ਹੈ"।

ਮੈਂ ਕਿਹਾ, " ਹਾਂਜੀ"।

ਬੋਲਿਆ, " ਸਵੇਰੇ ਮੇਰੇ ਹਸਪਤਾਲ ਆ ਜਾਓ। ਅਸੀ ਦਵਾਈ ਖਿਲਾਵਾਂਗੇ ਅਤੇ ਥੱਲਿਓ ਬਿਜਲਈ ਸੇਕ ਦੇਵਾਂਗੇ, ਤੁਸੀਂ ਠੀਕ ਹੋ ਜਾਓਗੇ।

ਉਸ ਦਾ ਲਹਿਜ਼ਾ, ਅਦਾ, ਸ਼ਬਦ ਅਤੇ ਵਾਕ ਸੁਣ ਮੈਨੂੰ ਉਹ ਭਾਰੀ-ਭਰਕਮ ਸਰੀਰ ਤੇ ਪੋਲੀ ਜੱਤਵਾਲੀ ਜੈਕਟ ਪਾਈ ਖੜ੍ਹਾ ਇਨਸਾਨ ਨਹੀਂ ਕੁਝ ਹੋਰ ਹੀ ਲੱਗਾ।ਮੈਂ ਆਪਣੇ ਅੰਦਰੋਂ ਮਸਾਂ ਹੀ ਬੜੇ ਸੰਖੇਪ ਨਰਮ ਤੇ ਸ਼ਬਦ ਲੱਭੇ ਅਤੇ ਬੋਲਿਆ, " ਠੀਕ ਹੈ, ਡਾਕਟਰ ਸਾਹਿਬ, ਲੋੜ ਪਈ ਤਾਂ ਤੁਹਾਨੂੰ ਤਕਲੀਫ਼ ਦਿਆਂਗੇ" ਨਾਲ ਹੀ ਹਰਵਿੰਦਰ ਨੂੰ ਕਿਹਾ, "ਡਾਕਟਰ ਸਾਹਿਬ ਨੂੰ ਫੀਸ ਦੇ ਕੇ ਫਾਰਗ ਕਰ ਦਿਓ।" ਐਸਾ ਹੀ ਹੋਇਆ।ਫਿਰ ਮੋਹਣ ਦੇਈ ਓਸਵਾਲ ਕੈਂਸਰ ਹਸਪਤਾਲ ਲੁਧਿਆਣਾ 'ਚ ਆਪਣੀ ਸਮਾਜ-ਸੇਵੀ ਸੰਸਥਾ 'ਪਹਿਲ' ਅਤੇ ਡੀ ਡੀ ਪੰਜਾਬੀ ਦੇ ਮਾਧਿਅਮ ਰਾਹੀਂ ਵਾਕਿਫ ਹੋਏ ਡਾ. ਰਮਨ ਕੁਮਾਰ ਨਾਲ ਗੱਲ ਕੀਤੀ।ਉਸ ਨੇ ਵੀ ਕਿਹਾ, "ਆ ਜਾਓ।" ਮਨ ਦਿਮਾਗ ਦੇ ਸੋਚ ਘੋੜੇ ਨੇ ਇਲਾਜ ਦੀ ਪ੍ਰਕਿਰਿਆ ਦੀ ਤਸਵੀਰ ਦਿਖਾਈ ਕਿ ਕੈਂਸਰ ਦਾ ਇਲਾਜ ਬੀਮਾਰੀ ਤੋਂ ਖ਼ੌਫਨਾਕ, ਦਰਦਨਾਕ, ਸਰੀਰ ਨੂੰ ਕੱਟਣ ਵੱਢਣ ਵਾਲਾ ਤੇ ਵੱਡੀਆਂ ਮਸ਼ੀਨਾਂ ਦੇ ਵੱਸ ਪੈਣ ਵਾਲੇ ਦੌਰ ਚੋਂ ਗੁਜ਼ਰਦਾ ਹੈ।ਬਾਰ ਬਾਰ ਟੈਸਟ ਕੀਤੇ ਜਾਂਦੇ ਹਨ।ਸੂਈਆਂ ਲਾਈਆਂ ਜਾਂਦੀਆਂ ਹਨ।ਸਰੀਰ ਦੀ ਕੱਟ-ਵੱਢ ਕੀਤੀ ਜਾਂਦੀ ਹੈ।ਜਿੰਨੇ ਹਸਪਤਾਲ ਬਦਲੋ, ਉਨੀ ਵਾਰ ਹੀ ਭਾਰੀ-ਭਰਕਮ ਦਿਓ ਕੱਦ ਮਸ਼ੀਨਾਂ ਵਿਚ ਪਾ ਕੇ ਇਕ ਕੋਮਲ ਬਦਨ ਨੂੰ ਡਰਾਇਆ ਜਾਂਦਾ ਹੈ।ਇਹ ਸੋਚ ਕੇ ਮਨ ਬਣਾਇਆ ਕਿ ਕਿਸੇ ਐਸੇ ਹਸਪਤਾਲ ਜਾਇਆ ਜਾਏ ਜਿਥੇ ਇਕੋ ਥਾਂ ਸੰਪੂਰਨ ਇਲਾਜ ਹੋਵੇ।

ਉਤਰੀ ਭਾਰਤ 'ਚ ਦਿੱਲੀ ਰੋਹਿਨੀ ਵਿਖੇ ਰਾਜੀਵ ਗਾਂਧੀ ਕੈਂਸਰ ਹਸਪਤਾਲ ਤੇ ਖੋਜ-ਕੇਂਦਰ ਨਜ਼ਰ ਆਇਆ।ਘਰ 'ਚ ਹੋਰ ਕਿਸੇ ਨੂੰ ਖ਼ਬਰ ਨਾ ਕੀਤੀ ਤੇ ਦਿੱਲੀ ਦੀ ਤਿਆਰੀ ਲਈ ਦੋਹਾਂ ਜੀਆਂ ਨੇ ਕੁਝ ਬਹੁਤ ਚੋਂਣਵੇ, ਖਾਸ-ਉਲ-ਖਾਸ ਸੱਜਣਾਂ ਨਾਲ ਸਲਾਹ ਕਰਕੇ ਮਨ ਪੱਕਾ ਕੀਤਾ।ਘਰ, ਪਰਵਾਰ ਤੇ ਪੈਸੇ ਦਾ ਬੰਦੋਬਸਤ ਸ਼ੁਰੂ ਕਰ ਦਿੱਤਾ।ਹਰਵਿੰਦਰ ਨੂੰ ਕੁਝ

Sri Satguru Jagjit Singh Ji Elibrary NamdhariElibrary@gmail.com

ਗੱਲਾਂ ਸਮਝਾ ਕੇ ਘਰ ਵੱਲ ਨੂੰ ਤੋਰਿਆ। ਪਤਾ ਨਹੀਂ ਕਿਸ ਆਲਮ 'ਚ ਉਹ ਮੈਨੂੰ ਕੈਂਸਰ-ਗ੍ਰਸਥ ਮੰਨਦਿਆਂ ਘਰ ਪਹੁੰਚੀ ਤੇ ਫਿਰ ਕਿਹੜੇ ਆਲਮ 'ਚ ਕਿਸੇ ਕੋਲ ਸੱਚੀ ਗੱਲਬਾਤ ਨਾ ਕਰਦਿਆਂ, ਘਰ ਸੰਭਾਲਿਆ ਹੋਏਗਾ ਤੇ ਅਸਲ ਲੁਕਾਉਂਦਿਆਂ, ਝੂਠੀਆਂ ਗੱਲਾਂ ਮੇਰੇ ਮਾਪਿਆਂ ਨੂੰ ਦੱਸੀਆਂ ਹੋਣਗੀਆਂ। ਮੈਂ ਇਥੇ ਬਿਆਨ ਨਹੀਂ ਕਰ ਸਕਦਾ। ਸਭ ਤੋਂ ਵੱਡੀ ਗੱਲ ਸੀ ਦਿੱਲੀ ਵੱਲ ਜਾਣ ਸਮੇਂ ਪੈਸਿਆਂ ਦਾ ਇੰਤਜ਼ਾਮ ਕਰਨਾ ਤੇ ਉਹ ਵੀ ਕੈਂਸਰ ਦੇ ਇਲਾਜ ਲਈ। ਆਰਥਿਕ ਹਾਲਤ ਐਸੀ ਸੀ ਕਿ ਪੂਰਾ ਇਕ ਸਾਲ 'ਪਹਿਲ' ਨਵਾਂ ਘਰ ਬਣਾਇਆ ਸੀ। ਸਾਰੇ ਖੱਲਾਂ-ਖੂੰਜੇ ਫਰੋਲ ਕੇ ਇੱਕ ਇੱਕ ਰੁਪਿਆ ਇਕੱਠਾ ਕਰਕੇ ਲਾ ਚੁੱਕੇ ਸਾਂ। ਉਪਰੋਂ ਇਹ ਕਹਿਰਾਂ ਦਾ ਰੋਗ ਰੁਪਿਆ-ਪੈਸਾ ਵਹਾਉਣ ਦਾ ਰਾਹ ਖੁੱਲ੍ਹ ਗਿਆ। ਸਬੱਬ ਨਾਲ ਕੁਝ ਦਿਨ ਪਹਿਲਾਂ ਦੋ ਵੱਖ ਵੱਖ ਥਾਵਾਂ ਤੋਂ ਆਈ ਰਕਮ ਦੀ ਇਕ ਅਮਾਨਤ ਮੇਰੇ ਪਾਸ ਪਈ ਸੀ, ਜਿਸ ਬਾਰੇ ਮੈਂ ਘਰ ਵਿਚ ਕਿਸੇ ਨੂੰ ਦੱਸਿਆ ਨਹੀਂ ਸੀ। ਇਸ ਵਕਤ ਕੋਈ ਹੋਰ ਚਾਰਾ ਨਾ ਦਿੱਸਣ ਕਰਕੇ, ਮੈਂ ਹਰਵਿੰਦਰ ਨੂੰ ਪੈਸਿਆਂ ਦਾ ਟਿਕਾਣਾ ਦੱਸਿਆ ਤੇ ਇਸ ਨਾਲ ਹੀ ਇਲਾਜ ਦੀ ਸ਼ੁਰੂਆਤ ਕਰਨੀ ਵਾਜਿਬ ਸਮਝੀ। ਵਾਪਸ ਪਹੁੰਚੀ ਤੇ ਦਿੱਲੀ ਹਸਪਤਾਲ ਜਾਣ ਦਾ ਸਾਜੋ-ਸਮਾਨ ਨਾਲ ਸੀ। ਦਿੱਲੀ ਵੱਲ ਕੂਚ ਕਰਨ ਲਈ ਮਨ ਪੱਕਾ ਸੀ, ਜਿਸ ਲਈ ਭਾਰੀ ਤੇ ਵੱਡੀ ਐਂਬੂਲੈਂਸ ਦਾ ਇੰਤਜਾਮ ਕਰਨਾ ਸੀ, ਹੋ ਗਿਆ ਅਤੇ ਨਾਲ ਹੋ ਗਿਆ ਇਕ ਵੱਡੀ ਜੰਗ ਲੜਨ ਦਾ ਐਲਾਨ, ਪਰ ਹੁਣ ਮਨ-ਮਸਤਕ ਇਸ ਲਈ ਤਿਆਰ-ਬਰ-ਤਿਆਰ ਜਾਪ ਰਿਹਾ ਸੀ।

ਮੈਦਾਨ-ਏ-ਜੰਗ ਵੱਲ ਕੂਚ

ਡਾ. ਚਰਨਜੀਤ ਪਰੂਥੀ, ਮੈਨੇਜਿੰਗ ਡਾਇਰੈਕਟਰ ਬੀ ਬੀ ਸੀ ਹਾਰਟ ਕੇਅਰ ਪਰੂਥੀ ਹਸਪਤਾਲ ਕੋਲ ਵੱਡੀ ਐਂਬੂਲੈਂਸ ਸੀ। ਡਾ. ਪਰੂਥੀ ਨੂੰ ਫੋਨ ਮਿਲਾਇਆ ਅਤੇ ਐਂਬੂਲੈਂਸ ਬਾਰੇ ਪੁੱਛਿਆ। ਕਹਿੰਦੇ , " ਕਿਸ ਲਈ ਚਾਹੀਦੀ ਹੈ ਐਂਬੂਲੈਂਸ"। ਮੈਂ ਕਿਹਾ, " ਮੇਰੇ ਲਈ। "

ਕਹਿੰਦੇ, "ਹਾਂ! ਪਰ ਕਿਸ ਨੂੰ ਲੈ ਕੇ ਜਾਣਾ ਹੈ?

ਮੈਂ ਕਿਹਾ, "ਮੈਨੂੰ"

ਹੈਰਾਨ ਪ੍ਰੇਸ਼ਾਨ ਹੋਏ ਪੁਛਦੇ ਕੀ ਹੋਇਆ ਹੈ ਤੇ ਮੈਂ ਜੁਆਬ ਦਿੱਤਾ, " ਕੈਂਸਰ" ਬਸ ਜ਼ੁਬਾਨ ਬੰਦ ਹੋ ਗਈ ਤੇ ਚੰਦ ਮਿੰਟਾਂ ਬਾਅਦ ਬੋਲੇ, " ਮੇਰੇ ਵੀਰ ਪੁੱਛਣ ਦੀ ਕੀ ਲੋੜ ਹੈ" ਐਂਬੂਲੈਂਸ ਲੈ ਜਾਓ"। ਇੰਜ ਐਂਬੂਲੈਂਸ ਦਾ ਪ੍ਰਬੰਧ ਹੋ ਗਿਆ। ਫਿਰ ਸੁਆਲ ਸੀ ਨਾਲ ਕੌਣ ਜਾਏਗਾ। ਸੋਚ-ਵਿਚਾਰ ਤੋਂ ਸਿੱਟਾ ਨਿਕਲਿਆ ਕਿ ਡਾਕਟਰਾਂ ਨਾਲ ਗੱਲਬਾਤ ਕਰਨ ਵਾਲਾ ਪੜ੍ਹਿਆ-ਲਿਖਿਆ, ਸੂਝਵਾਨ ਵਿਅਕਤੀ ਨਾਲ ਹੋਣਾ ਚਾਹੀਦਾ ਹੈ।

ਸਮਾਂ ਨਿਸ਼ਚਿਤ ਕਰਕੇ, ਰਾਹ ਦੇ ਇੰਤਜ਼ਾਮ, ਸਹਾਇਕਾਂ ਦੀ ਚੋਣ ਤੇ ਬਾਕੀ ਤਿਆਰੀਆਂ ਸ਼ੁਰੂ ਹੋ ਗਈਆਂ। ਚਾਚੀ ਸੁਰਿੰਦਰ ਕੌਰ, ਜਿਗਰੀ ਦੋਸਤ ਡਾ. ਅਸ਼ਵਨੀ ਕੁਮਾਰ ਤੇ ਹਰਵਿੰਦਰ ਕੌਰ ਦਾ ਨਾਲ ਜਾਣਾ ਤੈਅ ਹੋਇਆ। ਚੋਰਾਂ ਵਾਂਗ ਦਿਨ ਦੇ ਪਹਿਲੇ ਪਹਿਰ ਆਪਣਾ ਸ਼ਹਿਰ ਛੱਡ, ਦਿੱਲੀ ਵੱਲ ਕੂਚ ਕਰਨ ਦਾ ਪ੍ਰੋਗਰਾਮ ਬਣਿਆ। ਸ਼ਾਮ ਦੇ ਕੋਈ ਚਾਰ ਵਜੇ ਦੇ ਆਸ-ਪਾਸ ਕਾਫੀ ਸਾਰੇ ਨਜ਼ਦੀਕੀਆਂ ਤੇ ਦੋਸਤਾਂ ਨੂੰ ਖ਼ਬਰ ਪਹੁੰਚ ਗਈ। 29 ਨਵੰਬਰ ਸ਼ਾਮ ਚਾਰ ਵਜੇ ਤੋਂ ਚੀਂਗਰਾ ਹਸਪਤਾਲ 'ਚ ਮਿਲਣ ਵਾਲਿਆਂ ਦਾ ਬੱਝ ਗਿਆ। ਰੀੜ੍ਹ ਦੀ ਹੱਡੀ ਨੂੰ ਸਥਿਰ ਰੱਖਣ ਕਾਰਨ ਉਠ ਕੇ ਮਿਲ ਨਹੀਂ ਸਕਦਾ ਸਾਂ। ਸਭ ਹੰਝੂਆਂ ਦੇ ਫੁੱਲ ਮੇਰੇ 'ਤੇ ਕੇਰਦੇ ਰਹੇ ਤੇ ਮੇਰੇ ਪਹਿਰਾਵੇ ਦਾ ਉਪਰਲਾ ਹਿੱਸਾ ਹੰਝੂਆਂ ਨਾਲ ਭਿੱਜ ਗਿਆ। ਜਿਵੇਂ ਸਾਰੇ ਮੇਰੇ ਗਿਰੇਬਾਨ ਅੰਦਰ ਛੁਪੀ ਮੌਤ ਵੱਲ ਝਾਕ ਕੇ ਖ਼ੌਫਨਾਕ ਮਰਹਲਾ ਦੇਖ ਕੇ ਕੁਰਲਾ ਰਹੇ ਹੋਣ। ਮੈਨੂੰ ਅਹਿਸਾਸ ਹੋ ਰਿਹਾ ਸੀ ਕਿ ਇਹ ਸਾਰੇ ਅੰਦਰੋਂ ਬੇਹੱਦ ਡਰੇ ਹੋਏ, ਮੈਨੂੰ ਆਖਰੀ ਵਿਦਾਇਗੀ ਦੇ ਰਹੇ ਹਨ। ਇਹ ਮੈਨੂੰ ਠੀਕ ਕਰਨ ਵਾਲੀ ਕੋਈ ਜਾਦੂ ਦੀ ਜੱਫੀ ਨਹੀਂ, ਮੋਹ ਤੋੜਨ ਦੀ ਜੱਫੀ ਹੈ। ਮੇਰੇ ਮਨੋਜਗਤ ਵਿਚ ਬੜੀ ਅਜੀਬ ਕਸ਼ਮਕਸ਼ ਚੱਲ ਰਹੀ ਸੀ। ਇਕ ਪਾਸੇ ਬੜੇ ਹਿੰਮਤ ਹੌਂਸਲੇ ਨਾਲ ਇਲਾਜ ਵਾਸਤੇ ਚੱਲਣ ਦੀਆਂ ਤਿਆਰੀਆਂ ਤੇ ਦੂਜੇ ਪਾਸੇ ਸੱਜਣਾਂ ਮਿੱਤਰਾਂ ਵਲੋਂ ਮੋਹ-ਭੰਗ ਕਰ ਆਖਰੀ ਵਿਦਾਇਗੀ ਦਾ ਅਹਿਸਾਸ। ਬਥੇਰਾ ਕਹਾਂ ਕਿ ਮੈਂ ਖੜ੍ਹਾ ਹੋ ਕੇ ਆਵਾਂਗਾ ਤੇ ਘੁੱਟ-ਘੁੱਟ ਜੱਫੀਆਂ ਪਾਵਾਂਗਾ, ਲੇਕਿਨ ਕਿੱਥੇ! ਸਭ ਨੂੰ ਮੇਰੇ ਬੋਲਾਂ ਤੋਂ ਵੱਧ ਮੇਰੇ ਅੰਦਰ ਹਾਜ਼ਰ ਚੁੱਪ-ਚਪੀਤੇ ਡਾਕਾ ਮਾਰੀ ਬੈਠੇ ਅਜਿਹੇ ਡਾਕੂ ਕੈਂਸਰ ਤੇ ਗਹਿਰਾ ਵਿਸ਼ਵਾਸ਼ ਸੀ, ਜੋ ਕਿਸੇ ਨੂੰ ਬਖਸ਼ਦਾ ਹੀ ਨਹੀਂ, ਚੂੰਕਿ ਆਮ ਜਾਣਕਾਰੀ ਵਿਚ ਇਹੀ ਬੈਠਾ ਹੋਇਆ ਸੀ ਕਿ ਕੈਂਸਰ ਵਿਚੋਂ ਕੌਣ ਨਿਕਲ ਸਕਦਾ ਹੈ? ਇਕੋ ਇਕ ਸ਼ਖਸ ਹਰਵਿੰਦਰ ਹੀ ਇੰਨੀ ਆਸਵੰਦ ਸੀ, ਜਿਸ ਨੇ ਕੈਂਸਰ ਨਾਲੋਂ ਵੱਧ ਮੇਰੇ ਉੱਤੇ ਵਿਸ਼ਵਾਸ ਕਰਨ 'ਚ ਭਲਾ ਸਮਝਿਆ, ਦੂਸਰਾ ਕੋਈ ਐਸਾ ਨਹੀਂ ਸੀ। ਬਹੁਤ ਸਾਰੇ ਲੋਕਾਂ ਨੂੰ ਮਿਲਿਆ। 30 ਨਵੰਬਰ ਪਹਿਲੇ ਪਹਿਰ ਦੇ ਤੜਕੇ ਦੋ ਵਜੇ ਡੀ ਐਮ ਸੀ ਹਸਪਤਾਲ ਵਿਚੋਂ ਸਟਰੈਚਰ ਉਠਿਆ ਅਤੇ ਮੈਨੂੰ ਹੂਟਰ ਮਾਰਦੀ ਵੱਡੀ ਐਂਬੂਲੈਂਸ ਦੇ ਸਟਰੈਚਰ 'ਤੇ ਉਲਟਾ ਦਿੱਤਾ ਗਿਆ। ਇਕ ਮਾਂ ਦਾ ਪੁੱਤਰ, ਇਕ ਨਾਰ ਦਾ ਪਤੀ, ਬਾਲਾਂ ਦਾ ਪਿਓ, ਭੈਣਾਂ ਦਾ ਭਰਾ, ਭਰਾਵਾਂ ਦੀਆਂ ਬਾਹਾਂ ਅਤੇ ਮਾਪਿਆਂ ਦੀਆਂ ਅੱਖਾਂ ਦਾ ਤਾਰਾ ਲਖਬੀਰ, ਇਕ ਅਣਕਿਆਸੀ ਜੰਗ ਲੜਨ ਲਈ ਚੱਲਣ ਲੱਗਾ। ਫੌਜੀਆਂ ਨੂੰ ਤੇ

Sri Satguru Jagjit Singh Ji Elibrary NamdhariElibrary@gmail.com

ਤਿਲਕ ਲਗਾ, ਸ਼ਗਨ ਕਰਕੇ ਭੇਜਿਆ ਜਾਂਦਾ ਹੈ ਪਰ ਮੈਨੂੰ ਲਹੂ-ਭਰੇ ਹੰਝੂਆਂ ਦੇ ਹਾਰ ਪਾ ਕੇ ਵਿਦਾ ਕਰਨ ਦਾ ਮੌਕਾ ਬਣਿਆ। ਮੇਰੀ ਆਖਰੀ ਵਿਦਾਇਗੀ-ਮਿਲਣੀ ਪੁੱਤਰਾਂ ਨਾਲ ਹੋਈ, ਜਿਨ੍ਹਾਂ ਨੂੰ ਕੈਂਸਰ ਬਾਰੇ ਕੋਈ ਥਹੁ ਨਹੀਂ ਸੀ। ਆਪਣੇ ਛੋਟੇ ਬੇਟੇ ਬਾਗੇਸ਼ਵਰ ਨਾਲੋਂ ਜੁਦਾ ਹੋਣਾ ਔਖਾ ਕੰਮ ਸੀ, ਜੋ ਬੜਾ ਅਸੁਰੱਖਿਅਤ ਮਾਨਸਿਕਤਾ ਤੇ ਵਿਵਹਾਰ ਵਾਲਾ, ਮਾਂ ਦੀ ਉਂਗਲ ਕਦੀ ਛੱਡਦਾ ਹੀ ਨਹੀਂ ਸੀ। ਅਕਸਰ ਬਾਹਰ ਗਈ ਚੰਦ ਮਿੰਟ ਲੇਟ ਹੋ ਜਾਵੇ ਤਾਂ ਸਜਾ ਦੇਣ ਤੱਕ ਜਾਂਦਾ ਸੀ। ਅੱਜ ਮਾਂ, ਉਸਨੂੰ ਅਣਦੱਸੇ ਸਮੇਂ ਲਈ ਛੱਡ ਕੇ, ਜਾ ਰਹੀ ਸੀ ਤੇ ਪਿਓ ਅਜੀਬ ਆਲਮ ਆਪਣੇ ਅੰਦਰ ਲੈ ਕੇ ਦਿੱਲੀ ਵੱਲ ਕੈਂਸਰ ਨਾਲ ਜੰਗ ਕਰਨ ਲਈ ਪੈਂਤੜਾ ਲੈ ਕੇ ਘਰੋਂ ਤੁਰ ਪਿਆ ਸੀ। ਭਾਵੇਂ ਜਿੱਤ ਕੇ ਆਉਣ ਦੀ ਸ਼ਤਪ੍ਰਤੀਸ਼ਤ ਉਮੀਦ ਨਾਲ ਤੁਰ ਰਿਹਾ ਸੀ ਪ੍ਰੰਤੂ ਜੰਗ ਤਾਂ ਕੈਂਸਰ ਨਾਲ ਸੀ। ਐਂਬੂਲੈਂਸ ਦੀ ਖਿੜਕੀ ਵਿਚੋਂ ਮੇਰੇ ਵੱਲ ਕਿਸੇ ਨੇ ਛੋਟੇ ਬੇਟੇ ਨੂੰ ਵਧਾਇਆ। ਸ਼ਾਇਦ ਇਸ ਮੌਕੇ ਸਿਰ ਉੱਤੇ ਹੱਥ ਰੱਖਣਾ ਵੀ ਗਵਾਰਾ ਨਹੀਂ ਸੀ, ਲੇਕਿਨ ਉਸ ਦੇ ਰੋਣ ਦੀਆਂ ਡਾਂਡਾਂ ਨੇ ਅਸਮਾਨ ਕੰਬਾ ਦਿੱਤਾ ਅਤੇ ਨਾਲ ਜਾਣ ਦੀ ਜਿੱਦ ਨੇ ਮੈਨੂੰ ਅੰਦਰੋਂ ਹਿਲਾ ਦਿੱਤਾ, ਲੇਕਿਨ ਸਭ ਕੁਝ ਛੱਡਣਾ ਅਤੇ ਜਿਗਰ ਦੇ ਟੋਟਿਆਂ ਨੂੰ ਵਕਤੀ ਤੌਰ 'ਤੇ ਛੱਡ ਕੇ ਨਿਕਲਣਾ ਹੀ ਪੈਣਾ ਸੀ। ਹੋਰ ਕੋਈ ਚਾਰਾ ਈ ਨਹੀਂ ਸੀ ਮੇਰੇ ਕੋਲ। ਮੇਰੀ ਜੀਣ ਦੀ ਇੱਛਾ, ਸੋਚ ਦੀ ਬੁਲੰਦੀ, ਜਾਗਦੀ ਉਮੀਦ, ਸ਼ਤਪ੍ਰਤੀਸ਼ਤ ਠੀਕ ਹੋਣ ਦੀ ਸ਼ਰਤ, ਇੰਨ ਬਿੰਨ ਕਾਇਮ ਸੀ। ਕੈਂਸਰ ਦਾ ਕੋਈ ਘੱਟ ਡਰ ਨਹੀਂ ਸੀ। ਹਾਂ! ਕੈਂਸਰ ਤੋਂ ਮੁਕਤ ਹੋਣ ਦੀ ਦ੍ਰਿੜਤਾ ਉਸ ਤੋਂ ਵੱਧ ਜ਼ਰੂਰ ਸੀ। ਪਹਿਲੀ ਨਜ਼ਰ ਜਦ ਆਪਣੇ ਅੰਦਰ ਕੈਂਸਰ ਦੀ ਹੋਂਦ ਦਾ ਪਤਾ ਲੱਗਾ ਤਾਂ ਬੜਾ ਵੱਡਾ ਝਟਕਾ ਲੱਗਾ ਸੀ। ਜਲਦੀ ਹੀ ਗਹਿਰੀ ਸਮਝ ਨਾਲ ਸੰਭਲ ਗਿਆ। ਬਾਅਦ ਵਿਚ ਭਾਵੇਂ ਬੜੇ ਡਰਾਉਣੇ ਤੇ ਖ਼ੌਫਨਾਕ ਇਲਾਜ ਵਿਚੋਂ ਲੰਘਣਾ ਪਿਆ, ਰੰਚਕ ਮਾਤਰ ਵੀ ਨਹੀਂ ਘਬਰਾਇਆ।

ਅਸੀਂ ਸਵੇਰ ਦੇ ਪਹਿਲੇ ਪਹਿਰ ਦੋ ਵਜੇ ਦਿੱਲੀ ਵੱਲ ਚੱਲ ਪਏ ਸਾਂ। ਅਸੀਂ ਜੀ ਟੀ ਰੋਡ ਉੱਤੇ ਆਪਣੀ ਮੰਜ਼ਿਲ ਵੱਲ ਜਾ ਰਹੇ ਸਾਂ ਕਿ ਰਸਤੇ ਵਿਚ ਡਾ. ਅਸ਼ਵਨੀ ਸ਼ਰਮਾ ਦੇ ਮੋਬਾਇਲ 'ਤੇ ਇਕ ਫੋਨ ਆਇਆ, ਸਾਡੇ ਕਾਲਜ ਦੇ ਹਮਸਾਥੀ ਡਾ. ਰਾਮ ਅਵਤਾਰ ਦਾ। ਮੇਰੇ ਸਾਥੀ ਸਾਰੇ ਸੁਸਤਾ ਤੇ ਉਂਘਲਾ ਰਹੇ ਸਨ। ਮੈਂ ਕਿਵੇਂ ਉਂਘਲਾ ਸਕਦਾ ਸਾਂ। ਮੇਰੇ ਮਨ 'ਚ ਤਾਂ ਸੋਚਾਂ ਦਾ ਅੰਬਾਰ ਲੱਗਾ ਹੋਇਆ ਸੀ। ਮੈਂ ਖੁੱਦ ਹੱਥ ਪਿੱਛੇ ਕੀਤਾ ਅਤੇ ਫੋਨ ਚੁੱਕ ਲਿਆ। ਅਗਿਓਂ ਅਵਾਜ਼ ਆਈ,

"ਹੈਲੋ ਸ਼ਰਮਾ ਜੀ ਕੀ ਹਾਲ ਹੈ ਪ੍ਰੋ. ਲਖਬੀਰ ਸਿੰਘ ਦਾ"?

ਮੈਂ ਕਿਹਾ, "ਸ਼ਰਮਾ ਜੀ ਨਹੀਂ! ਮੈਂ ਲਖਬੀਰ ਸਿੰਘ ਹੀ ਬੋਲ ਰਿਹਾ ਹਾਂ"

ਇਕ ਦਮ ਚੁੱਪ ਹੋ ਗਏ ਅਤੇ ਚੰਦ ਸਕਿੰਟਾਂ ਬਾਅਦ ਬੋਲੇ; "ਅਰੇ ਆਪ ਤੋਂ ਅੱਛੇ ਭਲੇ ਬੋਲਤੇ ਔਰ ਖੂਬ ਲੱਗਤੇ ਹੋ।"

"ਜੀ ਡਾ. ਸਾਹਿਬ ਮੈਂ ਅੱਛਾ ਹੀ ਰਹਾਂਗਾ ਤੇ ਬੇਖੌਫ ਰਹਿ ਕੇ ਕੈਂਸਰ ਨਾਲ ਬੁਲੰਦ ਹੋ ਕੇ ਲੜਾਂਗਾ। ਚੜ੍ਹਦੀ ਕਲ੍ਹਾ ਮੇਰਾ ਨਾਅਰਾ ਰਹੇਗਾ" ਫੋਨ ਬੰਦ ਹੋ ਗਿਆ ਤੇ ਐਂਬੂਲੈਂਸ ਅੱਗੇ ਚਲਦੀ ਰਹੀ। ਜਾਣਕਾਰਾਂ ਨੂੰ ਇਹ ਖਦਸ਼ਾ ਸੀ ਕਿ ਕਿਤੇ ਸਪਾਈਨਲਕਾਰਡ 'ਤੇ ਅਸਰ ਨਾ ਹੋ ਗਿਆ ਹੋਵੇ।

ਸਵੇਰ ਦੇ ਨੌਂ ਵਜੇ ਅਸੀਂ ਦਿੱਲੀ ਸਾਕੇਤ ਪਹੁੰਚ ਗਏ। ਮੈਕਸ ਹੈਲਥ ਕੇਅਰ ਹਸਪਤਾਲ ਦੇ ਨਿਊਰੋ ਸਰਜਨ ਵਿਗਿਆਨੀ ਡਾ. ਵਾਲੀਆ ਨੂੰ ਮਿਲੇ ਤਾਂ ਕਿ ਸਪਾਈਨਲ ਕਾਰਡ ਦੀ ਜਾਂਚ ਕਰਕੇ ਤੰਤੂਆਂ ਦੀ ਸਿਹਤ-ਜਾਂਚ ਕਰਾ ਲਈ ਜਾਵੇ। ਪੈਰਾ ਮੈਡੀਕਲ ਸਟਾਫ ਨੇ ਐਮਰਜੈਂਸੀ ਸਪਾਈਨਲ ਬੋਰਡ ਸਕਿੰਟਾਂ ਮਿੰਟਾਂ ਵਿਚ ਬੈਲਟ ਕਰਕੇ, ਪੱਲੇਦਾਰਾਂ ਵੱਲੋਂ ਕਣਕ ਦੀ ਬੋਰੀ ਟਰੱਕ ਵਿਚੋਂ ਲਾਹੁਣ ਵਾਂਗ ਮੈਨੂੰ ਬੇਖੌਫ ਚੁੱਕ ਲਿਆ ਅਤੇ ਅੱਧੇ ਘੰਟੇ ਵਿਚ ਪੂਰਨ ਸੁਰੱਖਿਆ ਨਾਲ ਸਪਾਈਨਲ ਕਾਰਡ ਬਚੀ ਹੋਣ ਦਾ ਦੱਸ ਕੇ ਸਾਨੂੰ ਫਾਰਗ ਕਰ ਦਿੱਤਾ। ਮੈਕਸ ਹਸਪਤਾਲ ਤੋਂ ਅਸੀਂ ਰੋਹਿਨੀ ਵੱਲ ਰਾਜੀਵ ਗਾਂਧੀ ਹਸਪਤਾਲ ਵੱਲ ਰਵਾਨਾ ਹੋ ਗਏ। ਕੋਈ 12:00 ਵਜੇ ਸਾਡੀ ਐਂਬੂਲੈਂਸ ਰਾਜੀਵ ਗਾਂਧੀ ਹਸਪਤਾਲ ਦੇ ਐਮਰਜੈਂਸੀ ਗੇਟ ਉੱਤੇ ਦਾਖਿਲ ਹੋਈ। ਹਸਪਤਾਲੀ ਸਟਰੈਚਰ ਦਾ ਇੰਤਜ਼ਾਮ ਕਰਦਿਆਂ, ਸਟਰੈਚਰ ਤੇ ਪਾ ਕੇ ਮੈਨੂੰ ਰੇੜ੍ਹ ਕੇ ਅਗਾਂਹ ਕਰ ਦਿੱਤਾ, ਜਿਥੇ ਕੈਂਸਰ ਰੋਗੀਆਂ ਦੇ ਅਨੇਕ ਸਟਰੈਚਰ ਕਤਾਰ ਵਿਚ ਲੱਗੇ ਹੋਏ ਸਨ। ਜਦੋਂ ਵਾਰੀ ਆਈ ਤਾਂ ਵਾਰੋ ਵਾਰੀ ਕਈ ਡਾਕਟਰ ਆਏ। ਮੇਰੀ ਪਿੱਠ ਤੇ ਨਿਰਦਈ ਢੰਗ ਨਾਲ ਇੰਜ ਮੁੱਕੇ ਮਾਰਨ, ਜਿਵੇਂ ਮੈਂ ਰਬੜ ਦਾ ਬੇਜਾਨ ਬਾਵਾ ਹੋਵਾਂ ਜਾਂ ਫਿਰ ਕਸਾਈ ਮੀਟ ਜਾਂਚਣ ਲਈ ਬੱਕਰੇ ਦੀ ਪਿੱਠ 'ਤੇ ਹੱਥ ਫੇਰਦੇ ਹਨ। ਅਖੀਰ ਚਾਰ ਵਜੇ ਦੇ ਆਸ-ਪਾਸ ਮੇਰੇ ਸਟਰੈਚਰ ਦੀ ਡਾਕਟਰ ਅਸ਼ੋਕ ਵੈਦ, ਮੈਡੀਕਲ ਅੰਕੋਲੋਜਿਸਟ, ਕੋਲ ਵਾਰੀ ਆਈ। ਉਹ ਆਪਣੀ ਸੀਟ ਤੋਂ ਉਠੇ ਨਬਜ਼, ਹੱਡੀਆਂ ਟੋਂਹਦਿਆਂ, ਉਨ੍ਹਾਂ ਵੀ ਕੁਝ ਘਸੁੰਨ ਪਿੱਠ 'ਚ ਕੱਢ ਮਾਰੇ ਤੇ ਮੇਰੇ ਦਾਖ਼ਲੇ ਲਈ ਸਾਰੀਆਂ ਰਵਾਇਤਾਂ ਦੀ ਪੂਰਤੀ ਲਈ ਇਕ ਲੰਬਾ ਹਦਾਇਤਨਾਮਾ ਲਿਖ ਕੇ ਪੈਰਾ ਮੈਡੀਕਲ ਸਟਾਫ ਨੂੰ ਫੜ੍ਹਾ ਦਿੱਤਾ। ਕੋਈ ਦਵਾਈ ਨਹੀਂ ਲਿਖੀ। ਸੂਰਜ ਛਿਪਣ ਦੇ ਆਸ ਪਾਸ ਮੇਰੇ ਖ਼ੂਨ ਦੇ ਨਮੂਨੇ ਲੈਂਦਿਆਂ ਰਾਤ ਪੈ ਗਈ ਅਤੇ ਮੈਨੂੰ ਪ੍ਰਾਈਵੇਟ ਕਮਰੇ ਦੀ ਬਜਾਇ ਇਕ ਵੱਡੇ ਕੈਂਸਰ ਵਾਰਡ ਵਿਚ ਭੇਜ ਦਿੱਤਾ ਗਿਆ, ਜਿਸ ਵਿਚ ਪਹਿਲਾਂ ਹੀ ਬਹੁਤ ਸਾਰੇ ਮਰੀਜ਼ ਦਾਖਿਲ ਸਨ। ਹੁਣ ਅੱਗੇ ਪਤਾ ਨਹੀਂ ਕੀ ਹੋਣ ਵਾਲਾ ਸੀ, ਮਨ ਇਸੇ ਉਧੇੜ-ਬੁਣ ਵਿਚ ਸੀ, ਫਿਰ ਨੀਂਦ ਕਿਵੇਂ ਆ ਸਕਦੀ ਸੀ ਭਲਾ?

ਚਲਦਾ...

Sri Satguru Jagjit Singh Ji Elibrary NamdhariElibrary@gmail.com

ਖ਼ਬਰਨਾਮਾ

ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਯਾਦਗਾਰੀ ਸਾਹਿਤਕ ਸਮਾਗਮ

ਨਵੀਂ ਪੀੜ੍ਹੀ ਵਿਚ ਮਾਂ ਬੋਲੀ ਪ੍ਰਤੀ ਚੇਤਨਾ ਵਧਦੀ ਜਾ ਰਹੀ ਹੈ- ਡਾ. ਦਰਸ਼ਨ ਸਿੰਘ 'ਆਸ਼ਟ'

ਮਿਤੀ 11.8.2019 ਨੂੰ ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ,ਪੰਜਾਬ, ਪਟਿਆਲਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਯਾਦਗਾਰੀ ਸਾਹਿਤਕ ਸਮਾਗਮ ਕਰਵਾਇਆ ਗਿਆ।ਪ੍ਰਧਾਨਗੀ ਮੰਡਲ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ', ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਸ੍ਰੀਮਤੀ ਕਰਮਜੀਤ ਕੌਰ, ਡਾ. ਚਰਨਜੀਤ ਕੌਰ (ਕਰਨਾਲ), ਡਾ. ਗੁਰਨਾਇਬ ਸਿੰਘ, ਪ੍ਰੋ. ਕੁਲਵੰਤ ਸਿੰਘ ਗਰੇਵਾਲ, ਡਾ. ਹਰਜਿੰਦਰਪਾਲ ਸਿੰਘ ਵਾਲੀਆ ਅਤੇ ਸ.ਸ.ਭੱਲਾ ਵਿਸ਼ੇਸ਼ ਤੌਰ ਤੇ ਸ਼ਾਮਿਲ ਸਨ। ਸਭਾ ਦੇ ਪ੍ਰਧਾਨ ਡਾ. 'ਆਸ਼ਟ' ਪੁੱਜੇ ਲੇਖਕਾਂ ਦਾ ਸੁਆਗਤ ਕਰਦਿਆਂ ਕਿਹਾ ਕਿ ਪੰਜਾਬੀ ਸਾਹਿਤ ਸਭਾ ਦੇ ਉਸਾਰੂ ਯਤਨਾਂ ਸਦਕਾ ਨਵੀਂ ਪੀੜ੍ਹੀ ਵਿਚ ਆਪਣੀ ਮਾਂ ਬੋਲੀ ਪੰਜਾਬੀ ਅਤੇ ਸਾਹਿਤ ਪ੍ਰਤੀ ਚੇਤਨਾ ਫੈਲ ਰਹੀ ਹੈ ਅਤੇ ਨਵੇਂ ਲਿਖਾਰੀ ਸਮਾਜਕ ਸਰੋਕਾਰਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟਾਉਣ ਦੀ ਸਮਰੱਥਾ ਰੱਖਦੇ ਹਨ। ਕਰਮਜੀਤ ਕੌਰ ਨੇ ਗੁਰਬਾਣੀ ਦੇ ਹਵਾਲੇ ਨਾਲ ਗੁਰਮਤਿ ਸਾਹਿਤ ਬਾਰੇ ਮੁੱਲਵਾਨ ਅਤੇ ਪ੍ਰੇਰਣਾਮਈ ਨੁਕਤੇ ਸਾਂਝੇ ਕੀਤੇ ਜਦੋਂ ਕਿ ਪ੍ਰੋਫੈਸਰ ਕੁਲਵੰਤ ਸਿੰਘ ਗਰੇਵਾਲ, ਡਾ. ਗੁਰਨਾਇਬ ਸਿੰਘ ਅਤੇ ਡਾ. ਹਰਜਿੰਦਰਪਾਲ ਸਿੰਘ ਵਾਲੀਆ ਨੇ ਆਪੋ ਆਪਣੀਆਂ ਧਾਰਨਾਵਾਂ ਵਿਚ ਇਸ ਗੱਲ ਦਾ ਪ੍ਰਚਾਰ ਪ੍ਰਸਾਰ ਕੀਤਾ ਕਿ ਸਾਹਿਤਕਾਰਾਂ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪਰੰਤੂ ਸਾਨੂੰ ਫਿਕਰਮੰਦ ਹੋਣ ਦੀ ਜ਼ਰੂਰਤ ਨਹੀਂ ਹੈ ਕਿਉਂਕਿ ਪੁਸਤਕਾਂ, ਅਖ਼ਬਾਰਾਂ ਅਤੇ ਸਾਹਿਤਕ ਪਰਚੇ ਅੱਜ ਵੀ ਵੱਡੀ ਗਿਣਤੀ ਵਿਚ ਪੜ੍ਹੇ ਜਾ ਰਹੇ ਹਨ।ਸਮਾਗਮ ਵਿਚ ਹਰਸਿਮਰਨ ਕੌਰ (ਚੰਡੀਗੜ੍ਹ) ਦੀਆਂ ਦੋ ਪੁਸਤਕਾਂ 'ਗੁਰੂ ਸਾਹਿਬਾਨ ਤੇ ਰਬਾਬੀ' ਅਤੇ 'ਚੜ੍ਹਿਆ ਸੋਧਣ ਧਰਤਿ ਲੋਕਾਈ' ਦਾ ਲੋਕ ਅਰਪਣ ਕੀਤਾ ਗਿਆ ਜਿਨ੍ਹਾਂ ਬਾਰੇ ਡਾ. ਹਰਜੀਤ ਸਿੰਘ ਸੱਧਰ ਨੇ ਸੰਤੁਲਿਤ ਪੇਪਰ ਪੜ੍ਹਦਿਆਂ ਧਾਰਮਿਕ ਸਾਹਿਤ ਦੀ ਵਡਿਆਈ ਦੀ ਗੱਲ ਕੀਤੀ।ਡਾ. ਰਾਜਵੰਤ ਕੌਰ ਪੰਜਾਬੀ ਅਤੇ ਸੁਰਜੀਤ ਕੌਰ ਸਾਹਨੀ ਨੇ ਪੁਸਤਕਾਂ ਦੇ ਕਲਾ ਪੱਖ ਨੂੰ ਉਜਾਗਰ ਕੀਤਾ।ਇਸ ਦੌਰਾਨ ਕਵੀ ਕੁਲਵੰਤ ਸਿੰਘ ਨੇ ਬ੍ਰਿਹੋਂ ਭਰਪੂਰ ਕਵਿਤਾ ਰਾਹੀਂ ਮਨੋਵੇਦਨਾ ਪ੍ਰਗਟ ਕੀਤੀ। ਦੂਜੇ ਦੌਰ ਵਿਚ ਪ੍ਰੋ. ਸੁਭਾਸ਼ ਸ਼ਰਮਾ,ਤਰਲੋਚਨ ਮੀਰ, ਸਤਨਾਮ ਕੌਰ ਚੌਹਾਨ, ਰਮਨਦੀਪ ਕੌਰ ਵਿਰਕ, ਕੁਲਵੰਤ ਸਿੰਘ ਨਾਗੀਕੇ, ਡਾ. ਕੰਵਲਜੀਤ ਕੌਰ ਬਾਜਵਾ,ਸੁਰਿੰਦਰ ਕੌਰ ਬਾੜਾ, ਜੋਗਾ ਸਿੰਘ ਧਨੌਲਾ, ਸਤਨਾਮ ਸਿੰਘ ਮੱਟੂ, ਕਿਰਨਦੀਪ ਕੌਰ, ਅਮਰ ਗਰਗ ਕਲਮਦਾਨ, ਦਵਿੰਦਰ ਪਟਿਆਲਵੀ,ਰਾਜ ਸਿੰਘ ਬਧੌਛੀ, ਹਰਜਿੰਦਰ ਕੌਰ ਸੱਧਰ, ਨਵਦੀਪ ਸਿੰਘ ਮੁੰਡੀ,ਹਰਬੰਸ ਸਿੰਘ ਫ਼ਾਨੀ,ਮਨਜੀਤ ਪੱਟੀ, ਦੀਦਾਰ ਖ਼ਾਨ ਧਬਲਾਨ, ਰਘਬੀਰ ਮਹਿਮੀ,ਬਚਨ ਸਿੰਘ ਗੁਰਮ,ਬਲਦੇਵ ਸਿੰਘ ਬਿੰਦਰਾ,ਹਰਿਚਰਨ ਸਿੰਘ ਅਰੋੜਾ, ਸਤਬੀਰ ਕੌਰ,ਹਰਪ੍ਰੀਤ ਰਾਣਾ, ਹਰਦੀਪ ਕੌਰ ਜੱਸੋਵਾਲ, ਕੁਲਦੀਪ ਪਟਿਆਲਵੀ, ਯੂ.ਐਸ.ਆਤਿਸ਼, ਤ੍ਰਿਲੋਕ ਢਿੱਲੋਂ,ਨੈਬ ਸਿੰਘ ਬਦੇਸ਼ਾ,ਓਂਕਾਰ ਸਿੰਘ ਤੇਜੇ, ਹਰਮਨ ਸਿੰਘ ਖਰੌੜ, ਚੰਦਰ ਮੋਹਨ ਢੌਂਡਿਆਲ,ਜਸਵੀਰ ਭਰੋਲੀ,ਗੁਰਪ੍ਰੀਤ ਸਿੰਘ ਜਖਵਾਲੀ ਆਦਿ ਨੇ ਰਚਨਾਵਾਂ ਪੜ੍ਹੀਆਂ।ਸਮਾਗਮ ਵਿਚ ਸੁਖਵਿੰਦਰ ਕੌਰ ਆਹੀ, ਨਿਰਮਲਾ ਗਰਗ, ਸ਼ਿਸ਼ਨ ਕੁਮਾਰ ਅਗਰਵਾਲ,ਪੱਲਵੀ, ਗੁਰਤਾਜ ਸਿੰਘ, ਦਲੀਪ ਸਿੰਘ, ਐਮ.ਐਸ.ਜੱਗੀ,ਅਮਰਿੰਦਰ ਸੋਹਲ, ਰੱਬੀ ਚੰਦਰ, ਪਰਵੀਨ ਸਿੰਘ, ਜਸਵੰਤ ਸਿੰਘ ਸਿੱਧੂ, ਰੌਣੀ ਪਰਮਵੀਰ, ਚਰਨ ਬੰਬੀਹਾ ਭਾਈ ਆਦਿ ਵੀ ਹਾਜ਼ਰ ਸਨ।ਮੰਚ ਸੰਚਾਲਨ ਬਾਬੂ ਸਿੰਘ ਰੈਹਲ ਅਤੇ ਦਵਿੰਦਰ ਪਟਿਆਲਵੀ ਨੇ ਬਾਖ਼ੂਬੀ ਨਿਭਾਇਆ।ਇਸ ਦੌਰਾਨ ਕਿਰਨਦੀਪ ਕੌਰ ਅਤੇ ਸ.ਸ.ਭੱਲਾ ਨੇ ਲੇਖਕਾਂ ਦੀ ਆਓ ਭਗਤ ਵਿਚ ਵਿਸ਼ੇਸ਼ ਭੂਮਿਕਾ ਨਿਭਾਈ।

ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ' ਭਾਸ਼ਾ ਵਿਭਾਗ, ਪੰਜਾਬ ਦੇ ਨਵ ਨਿਯੁਕਤ ਡਾਇਰੈਕਟਰ ਸ੍ਰੀਮਤੀ ਕਰਮਜੀਤ ਕੌਰ ਨੂੰ ਬੁਕੇ ਭੇਂਟ ਕਰਦੇ ਹੋਏ। ਨਾਲ ਖੜ੍ਹੇ ਹਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭਾਈ ਵੀਰ ਸਿੰਘ ਚੇਅਰ ਦੇ ਸਾਬਕਾ ਮੁਖੀ ਡਾ. ਗੁਰਨਾਇਬ ਸਿੰਘ, ਲੋਕ ਕਵੀ ਪ੍ਰੋ. ਕੁਲਵੰਤ ਸਿੰਘ ਗਰੇਵਾਲ, ਡਾ. ਹਰਜਿੰਦਰਪਾਲ ਸਿੰਘ ਵਾਲੀਆ, ਸ.ਸ.ਭੱਲਾ,ਬਾਬੂ ਸਿੰਘ ਰੈਹਲ।

-ਦਵਿੰਦਰ ਪਟਿਆਲਵੀ ,
ਪ੍ਰਚਾਰ ਸਕੱਤਰ।

Sri Satguru Jagjit SIngh Ji Elibrary NamdhariElibrary@gmail.com

ਪੰਜਾਬੀ ਅਕਾਦਮੀ ਦਿੱਲੀ ਵੱਲੋਂ 'ਭੈਣੇ ਸਾਵਣੁ ਆਇਆ' ਪ੍ਰੋਗਰਾਮ ਦਾ ਆਯੋਜਨ ।

ਨਵੀਂ ਦਿੱਲੀ:ਪੰਜਾਬੀ ਅਕਾਦਮੀ, ਦਿੱਲੀ ਅਤੇ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਸਹਿਯੋਗ ਨਾਲ ਮਾਸਿਕ ਸਾਹਿਤਕ ਮਿਲਣੀ ਅਧੀਨ ਕਾਨਫ਼ਰੰਸ ਹਾਲ ਭਾਈ ਵੀਰ ਸਿੰਘ ਸਾਹਿਤ ਸਦਨ, ਗੋਲ ਮਾਰਕੀਟ, ਨਵੀਂ ਦਿੱਲੀ ਵਿਖੇ 'ਭੈਣੇ ਸਾਵਣੁ ਆਇਆ' ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਦੇ ਵਕਤਾ ਪ੍ਰੋ: ਹਰਪਾਲ ਸਿੰਘ ਪੰਨੂ ਸਨ ਅਤੇ ਸਾਵਣੁ ਗਾਇਣ ਇੰਦਰਜੀਤ ਸਿੰਘ, ਅਵਤਾਰ ਸਿੰਘ ਅਤੇ ਈਸ਼ਵਰ ਸਿੰਘ ਨੇ ਕੀਤਾ ਜਦ ਕਿ ਪ੍ਰੋਗਰਾਮ ਦੀ ਪ੍ਰਧਾਨਗੀ ਸ੍ਰ. ਜਰਨੈਲ ਸਿੰਘ, ਮੀਤ ਪ੍ਰਧਾਨ, ਪੰਜਾਬੀ ਅਕਾਦਮੀ ਨੇ ਕੀਤੀ।

ਪ੍ਰੋਗਰਾਮ ਦੇ ਆਰੰਭ ਵਿੱਚ ਸਕੱਤਰ, ਪੰਜਾਬੀ ਅਕਾਦਮੀ, ਗੁਰਭੇਜ ਸਿੰਘ ਗੁਰਾਇਆ ਨੇ ਆਈਆਂ ਸਭ ਸ਼ਖ਼ਸੀਅਤਾਂ ਅਤੇ ਵਿਦਿਆਰਥੀਆਂ ਨੂੰ ਤਹਿ ਦਿਲੋਂ ਸੁਆਗਤ ਕਿਹਾ ਤੇ ਨਾਲ ਹੀ ਇਹ ਵੀ ਕਿਹਾ ਕਿ ਸਾਡੀ ਹਮੇਸ਼ਾਂ ਇਹ ਕੋਸ਼ਿਸ਼ ਰਹਿੰਦੀ ਹੈ ਕਿ ਆਮ ਲੋਕਾਂ ਅਤੇ ਪਾਠਕਾਂ ਨੂੰ ਆਪਣੇ ਵਿਰਸੇ ਅਤੇ ਸਭਿਆਚਾਰ ਨਾਲ ਜੋੜਿਆ ਜਾਵੇ । ਚਿਰ ਸਥਾਈ ਰਵਾਇਤ ਅਨੁਸਾਰ ਅੱਜ ਏਥੇ 'ਭੈਣੇ ਸਾਵਣੁ ਆਇਆ' ਪ੍ਰੋਗਰਾਮ ਮਣਾਉਣ ਲਈ ਇੱਕਠੇ ਹੋਏ ਹਾਂ। ਭਾਈ ਵੀਰ ਸਿੰਘ ਸਾਹਿਤ ਸਦਨ ਸਾਨੂੰ ਕੇਵਲ ਸਹਿਯੋਗ ਹੀ ਨਹੀਂ ਦਿੰਦਾ, ਬਲਕਿ ਉਤਸ਼ਾਹ ਵੀ ਦਿੰਦਾ ਹੈ ਕਿ ਅਸੀਂ ਆਪਣੀਆਂ ਗਤੀ ਵਿਧੀਆਂ ਨੂੰ ਚਾਲੂ ਰੱਖ ਸਕੀਏ ਤੇ ਇਹ ਸਦਨ ਹੁਣ ਸਮੁੱਚੇ ਸਾਹਿਤ ਦਾ ਸਦਨ ਬਣ ਗਿਆ ਹੈ।

ਪ੍ਰੋ: ਹਰਪਾਲ ਸਿੰਘ ਪੰਨੂ ਨੇ ਦੱਸਿਆ ਕਿ ਸਾਨੂੰ ਆਪਣੇ ਤਿਉਹਾਰ ਕਿਵੇਂ ਮਨਾਉਣੇ ਚਾਹੀਦੇ ਨੇ । ਰੁੱਤਾਂ ਨੂੰ ਮਨਾਉਣ ਦੀ ਪਰੰਪਰਾ ਬਾਰੇ ਗੱਲ ਕੀਤੀ। ਉਨ੍ਹਾਂ ਦਾ ਮੁੱਖ ਮੁੱਦਾ 'ਕਾਲੀਦਾਸ ਦਾ ਮੇਘਦੂਤ' ਸੀ। ਕਾਲੀਦਾਸ ਦਾ ਮੇਘਦੂਤ ਆਪਣੇ ਆਪ ਵਿੱਚ ਬਹੁਤ ਹੀ ਵਿਲੱਖਣ ਹੈ। ਬਸੰਤ ਰੁੱਤ, ਚੌਮਾਸਾ, ਹਾੜ, ਬਰਸਾਤ ਰੁੱਤ ਦੀ ਗੱਲ ਨੂੰ ਛੋਟੇ ਛੋਟੇ ਬਿਰਤਾਂਤਾ ਰਾਹੀਂ ਪੇਸ਼ ਕੀਤਾ ਹੈ । ਗੰਗਾ ਤੱਟ, ਮੰਦਾਕਨੀ ਨਦੀ, ਹੰਸਨੀਆਂ ਨੂੰ ਖ਼ੁਸ਼ ਕਰਨ ਲਈ ਹੰਸ ਡਾਰ ਬਣ ਕੇ ਅਸਮਾਨ ਵਿੱਚ ਉੱਡਦੇ ਹਨ ਤੇ ਆਪਣਾ ਰਸਤਾ ਆਪ ਲੱਭ ਲੈਂਦੇ ਹਨ। ਬੱਦਲ ਵੇਖ ਕੇ ਖ਼ੁਸ਼ੀ ਹੁੰਦੀ ਹੈ।ਕੁਦਰਤ ਦੀ ਸੁੰਦਰਤਾ ਅਤੇ ਰਿਸ਼ਤਿਆਂ ਦੀ ਗੱਲ ਕੀਤੀ। ਕੁਟੇਸ਼ਨ ਤੇ ਕੁਟੇਸ਼ਨ ਕਰਕੇ ਉਨ੍ਹਾਂ ਨੇ ਆਪਣੀ ਗੱਲ ਨੂੰ ਵਧੀਆ ਢੰਗ ਨਾਲ ਦੱਸਿਆ।

ਸ੍ਰ. ਜਰਨੈਲ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਖ਼ੁਸ਼ੀ ਪ੍ਰਗਟ ਕੀਤੀ ਕਿ ਸਾਉਣ ਦੇ ਮਹੀਨੇ ਨੂੰ ਅਸੀਂ ਦਿੱਲੀ ਵਿੱਚ ਇਸ ਤਰ੍ਹਾਂ ਮਨਾ ਰਹੇ ਹਾਂ। ਜਦੋਂ ਕੁਦਰਤ ਦੇ ਨਾਲ ਕਾਦਰ ਦੇ ਮੇਲ ਕਰਦੇ ਹੋਏ ਰਚਨਾਵਾਂ ਰਚੀਆਂ ਗਈਆਂ, ਜਦੋਂ ਕੁਦਰਤ ਦੇ ਰੰਗਾਂ ਨੂੰ ਸ਼ਬਦਾਂ ਵਿੱਚ ਪਰੋਇਆ ਗਿਆ। ਗੁਰੂ ਨਾਨਕ ਸਾਹਿਬ ਨੇ ਬਾਰਾਂ ਮਾਂਹ ਵਿੱਚ ਗੱਲ ਬਾਹਰ ਪੈ ਰਹੀਆਂ ਬੂੰਦਾ ਦੀ ਨਹੀਂ ਕੀਤੀ, ਸਗੋਂ ਅੰਦਰ ਪੈ ਰਹੀਆਂ ਬੂੰਦਾਂ, ਅਧਿਆਤਮ ਦੀ ਗੱਲ ਕੀਤੀ ਹੈ। ਮੋਰੀ ਰੁਣ ਝੁਣ

ਲਾਇਆ, ਭੈਣੇ ਸਾਵਣੁ ਆਇਆ। ਅਧਿਆਤਮ ਨਾਲ ਜੋੜ ਕੇ ਗੱਲ ਕੀਤੀ ਹੈ। ਸਾਡੇ ਅੰਦਰੋਂ ਅੱਜ ਰੁੱਤਾਂ , ਖੇੜੇ ਖ਼ਤਮ ਹੋ ਰਹੇ ਹਨ।ਇਸੇ ਕਰਕੇ ਅੱਜ ਭੈਣੇ ਸਾਵਣੁ ਆਇਆ' ਪ੍ਰੋਗਰਾਮ ਮਨਾਇਆ ਜਾ ਰਿਹਾ ਹੈ।

ਫੇਰ ਭਾਈ ਇੰਦਰਜੀਤ ਸਿੰਘ, ਅਵਤਾਰ ਸਿੰਘ ਅਤੇ ਈਸ਼ਵਰ ਸਿੰਘ ਵੱਲੋਂ ਸਾਵਣੁ ਗਾਇਣ ਪੇਸ਼ ਕੀਤਾ ਗਿਆ ਅਤੇ ਸਭ ਤੋਂ ਪਹਿਲਾਂ:

1 ਮੋਰੀ ਰੁਣ ਝੁਣ ਲਾਇਆ
ਭੈਣੇ ਸਾਵਣੁ ਆਇਆ ।।
ਤੇਰੇ ਮੁੰਧ ਕਟਾਰੇ ਜੇਵਡਾ
ਤਿਨਿ ਲੋਭੀ ਲੋਭ ਲੁਭਾਇਆ।।

2. . ਸਾਵਣੁ ਆਇਆ ਹੇ ਸਖੀ
ਜਲਹਰੁ ਬਰਸਨਹਾਰੁ

ਸ੍ਰੀ ਸਤਿਗੁਰ ਜਗਜੀਤ ਸਿੰਘ ਜੀ ਦੁਆਰਾ ਰਚਿਤ ਬੰਦਸ਼ਾਂ ਨੂੰ ਰਾਗ ਮੇਘ ਮਲਹਾਰ ਵਿੱਚ ਪੇਸ਼ ਕੀਤਾ :

3. ਐਸੀ ਬਰਸਨ ਲਾਗੀ ਰੇ
ਬਦਰੀਆ ਸਾਵਣੁ ਕੀ
ਘਣਣ ਘਣਣ ਬਾਦਰਵਾ ਬਰਸੇ

ਬਾਰਸ਼ ਦੇ ਰੰਗਾਂ ਵਾਲਾ ਗੀਤ ਪੇਸ਼ ਕੀਤਾ ਗਿਆ:

ਘਣਘੋਰ ਬਦਰੀਆ ਛਾਈ
ਸਖੀ ਸਾਵਣੁ ਕੀ ਰਿਤੁ ਆਈ

ਸਾਉਣ ਮਹੀਨੇ ਨਾਲ ਸੰਬੰਧਿਤ ਟੱਪੇ ਵੀ ਪੇਸ਼ ਕੀਤੇ ਗਏ:

ਅੰਬਰਾਂ 'ਚ ਬਾਲ ਕੋਈ ਝਾੜਦੀ ਹਸੀਨਾ ਏ
ਇੱਕ ਇੱਕ ਬੂੰਦ ਜਿਵੇਂ ਮੋਤੀ ਤੇ ਨਗੀਨਾ ਏ
ਧਰਤੀ ਦੇ ਮੁੱਖੜੇ ਨੂੰ ਧੋਣ ਦਾ ਮਹੀਨਾ ਏ
ਟਿੱਪ ਟਿੱਪ ਕੋਠਿਆਂ ਦੇ ਚੋਣ ਦਾ ਮਹੀਨਾ ਏ।

ਪ੍ਰੋਗਰਾਮ ਵਿੱਚ ਸ੍ਰਦਾਰਨੀ ਗੁਰਸ਼ਰਨ ਕੌਰ ਅਤੇ ਵੱਡੀ ਗਿਣਤੀ ਵਿੱਚ ਸਰੋਤਿਆਂ ਨੇ ਹਿੱਸਾ ਲਿਆ।

ਅੰਤ 'ਤੇ ਸਕੱਤਰ, ਪੰਜਾਬੀ ਅਕਾਦਮੀ, ਗੁਰਭੇਜ ਸਿੰਘ ਗੁਰਾਇਆ ਨੇ ਸਭ ਨੂੰ ਧੰਨਵਾਦ ਕਿਹਾ।

Sri Satguru Jagjit Singh Ji Elibrary NamdhariElibrary@gmail.com



Sri Satguru Jagjit Singh Ji Elibrary NamdhariElibrary@gmail.com

BBL FOODS PVT. LTD.

India's Larget Second Hand Food Machines Dealer Cum Rebuilder

750kgs Potato Chips Line

List of the projects, consultation and machines:

1. Biscuits-Soft Dough, Hard Dough, Crackers
2. Cookies- Wire Cut, Depositer.
3. Bread, Cakes and Bakery Products
4. Wafers - Flat, Round, Enrobed, Moulded
5. Wafers - Round Sticks, Pillows, Flat Sticks.
6. Ice Cream Cones - Moulded or Rolled Sugar Cone.
7. Chocolates- Moulded, Enrobed, Panned, Drops.
8. Potato Chips
9. Extruded- Kurkure, Cheetos.
10. Toast- Bread Toast, Mini Toast.
11. Vermicilli., 12. Water Filling., 13. Paper Cups.
14. Chocolate/Jelly Filling Lines for Small Cups.
15. Namkeens.

We arrange complete machines, manpower and training receipes with formulation

BBL FOODS (P) LTD.

SANTOSH NAGAR X ROADS, HYDERABAD- 5000059, INDIA

Tel : +91 40 24530680, Mobile : 91 98480-50607/ +91 98483 99702

e-mail:lakbir.mutchall@gmail.com

www.bblfoods.com www.mutchall.com

Sri Satguru Jagjit Singh Ji Elibrary NamdhariElibrary@gmail.com

ਵਧਾਈਆਂ

ਸ. ਹਰਵਿੰਦਰ ਸਿੰਘ ਹੰਸਪਾਲ ਜੀ ਪੰਜਾਬ ਐਨਰਜੀ ਡਿਵੈਲਪਮੈਂਟ ਏਜੰਸੀ (PEDA) ਦੇ ਚੇਅਰਮੈਨ ਨਿਯੁਕਤ ਕੀਤੇ ਗਏ।
ਅਸੀਂ ਅਦਾਰਾ ਵਰਿਆਮ ਵੱਲੋਂ ਹੰਸਪਾਲ ਜੀ ਨੂੰ ਸ਼ੁੱਭ ਕਾਮਨਾਵਾਂ ਦਿੰਦੇ ਹਾਂ ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ ਉਸਤਾਦ ਹਰਭਜਨ ਸਿੰਘ ਜੀ ਦੇ ਪੋਤਰੇ ਆਸਾ ਸਿੰਘ ਸਪੁੱਤਰ ਸ. ਅੰਮ੍ਰਿਤਪਾਲ ਸਿੰਘ ਦਾ ਸ਼ੁੱਭ ਅਨੰਦ ਕਾਰਜ ਬੀਬੀ ਨਰੈਣ ਕੌਰ ਸਪੁੱਤਰੀ ਸ. ਨਵਦੀਪ ਸਿੰਘ ਨਾਲ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ।

ਸ੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ ਤਾਰਾ ਸਿੰਘ ਸਪੁੱਤਰ ਸ. ਤਰਲੋਕ ਸਿੰਘ ਦਾ ਸ਼ੁੱਭ ਅਨੰਦ ਕਾਰਜ ਬੀਬੀ ਕਮਲਪ੍ਰੀਤ ਕੌਰ ਸਪੁੱਤਰੀ ਸ. ਸੁਰਿੰਦਰ ਸਿੰਘ ਨਾਲ ਸ੍ਰੀ ਭੈਣੀ ਸਾਹਿਬ ਵਿਖੇ ਹੋਇਆ।

ਨਵੀਂ ਦਿੱਲੀ 'ਚ ਆਜ਼ਾਦੀ ਦਿਵਸ ਨੂੰ ਸਮਰਪਿਤ ਕੌਮੀ ਕਵੀ ਦਰਬਾਰ ਦੇ ਅਵਸਰ ਤੇ [illegible] ਸਤਿਕਾਰਯੋਗ ਕਵੀ ਸਹਿਬਾਨ।

Sri Satguru Jagjit Singh Ji Elibrary NamdhariElibrary@gmail.com

P.O. Regd. No. PB/JL-016/2018-2020 WARYAM Ladowali Road, Jalandhar -144001
Regd. RNI No. 26453/75 Revised Date of Publication - 26-8-2019 Total Pages - 52 September 2019
Date of Posting : 28-8-2019

Reliable Performance

QUALITY • YIELD • DISEASE RESISTANCE

Consistence Performers, Suited to all market needs with high yield, quality & disease resistant.

NAMDHARI SEEDS PVT. LTD.

Bidadi 562 109 Bangalore • Tel.: 98454 71271/ 72, 98453 81817/ 98453 10057
Liaison Office : Tel.: 080 28602167/ 69 • Fax : 080 28602168
e-mail : namdhariseeds@namdhariseeds.com • URL : www.namdhariseeds.com

Seeds for a better future...

ਮਾਲਕ, ਐਡੀਟਰ ਤੇ ਪਬਲਿਸ਼ਰ ਰਜਵੰਤ ਕੌਰ ਨੇ ਰਾਜਿੰਦਰ ਸਿੰਘ ਦੇ ਵਾਈਟ ਕਰਾਸ ਪ੍ਰਿੰਟਰਜ਼ ਭਾਈ ਦਿਤ ਸਿੰਘ ਨਗਰ ਜਲੰਧਰ ਤੋਂ ਪ੍ਰਿੰਟ ਕਰਵਾ ਕੇ ਲਾਡੋਵਾਲੀ ਰੋਡ ਸਾਹਮਣੇ ਸੈਂਟਰਲ ਟਾਊਨ ਜਲੰਧਰ ਤੋਂ ਪ੍ਰਕਾਸ਼ਿਤ ਕੀਤਾ। ਫੋਨ : 0181-2222543- ਮੋਬਾਇਲ- 98143-18720

Owner, Editor & Publisher Rajwant Kaur got printed from Rajinder Singh's White Cross Printers, Bhai Dit Singh Nagar Jalandhar & got published at Ladowali Road, Opp. Central Town, Jalandhar City Ph.: 0181-2222543, Mob.: 98143-18720
Sri Satguru Jagjit Singh Ji Elibrary NamdhariElibrary@gmail.com